11ਵਾਂ ਸਾਲ
# ਦੇਸ਼ ਦੁਆਬਾ
ਹਫਤਾਵਾਰੀ
VOL -11 ISSUE -51
March 29, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

ਸ੍ਰੀ ਗੁਰੂ ਰਵਿਦਾਸ ਟੈਂਪਲ (ਪ੍ਰਾਪਰਟੀ) ਯੂਨੀਅਨ ਸਿਟੀ (ਕੈਲੇਫੋਰਨੀਆ) ਵਿਖੇ 2 ਅਪ੍ਰੈਲ 2023 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਮਨਾਏ ਜਾ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 646ਵੇਂ ਪ੍ਰਕਾਸ਼ ਪੂਰਬ ਨੂੰ ਸਮਰਪਿਤ ਦੂਜਾ ਵਿਸ਼ਾਲ ਨਗਰ ਕੀਰਤਨ 9 ਅਪ੍ਰੈਲ 2023 ਦਿਨ ਐਤਵਾਰ ਨੂੰ ਕੱਢਿਆ ਜਾਵੇਗਾ। *ਪੂਰੀ ਜਾਣਕਾਰੀ ਲਈ ਸਬੰਧਤ ਇਸ਼ਤਿਹਾਰ ਦੇਖੋ ਸਫਾ 2 ਅਤੇ 4 'ਤੇ*

**-ਸੰਪਾਦਕ**

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

# ਜਲੰਧਰ ਲੋਕ ਸਭਾ ਲਈ ਜ਼ਿਮਨੀ ਚੋਣ 10 ਮਈ ਨੂੰ

## ਕਰਨਾਟਕ ਵਿਧਾਨ ਸਭਾ ਚੋਣਾਂ 10 ਨੂੰ ਤੇ ਨਤੀਜੇ 13 ਮਈ ਨੂੰ

**ਨਵੀਂ ਦਿੱਲੀ (ਬਿਊਰੋ)-** ਚੋਣ ਕਮਿਸ਼ਨ ਨੇ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਦੀ ਤਰੀਕ ਦਾ ਐਲਾਨ ਕਰ ਦਿੱਤਾ ਹੈ। 10 ਮਈ ਨੂੰ ਵੋਟਾਂ ਪੈਣਗੀਆਂ ਅਤੇ 13 ਮਈ ਨੂੰ ਗਿਣਤੀ ਹੋਵੇਗੀ। ਕਾਂਗਰਸ ਦੇ ਜਲੰਧਰ ਤੋਂ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ (76) ਦੀ 14 ਜਨਵਰੀ ਨੂੰ ਪੰਜਾਬ ਦੇ ਫਿਲੌਰ ਵਿੱਚ ਭਾਰਤ ਜੋੜੋ ਯਾਤਰਾ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ ਤੇ ਇਸ ਕਾਰਨ ਇਹ ਸੀਟ ਖਾਲੀ ਹੋ ਗਈ ਸੀ।



**ਕਰਨਾਟਕ ਵਿਧਾਨ ਸਭਾ ਚੋਣਾਂ ਦਾ ਐਲਾਨ**

ਚੋਣ ਕਮਿਸ਼ਨ ਨੇ ਅੱਜ ਕਰਨਾਟਕ ਵਿਧਾਨ ਸਭਾ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਇਹ ਐਲਾਨ ਕਰਦਿਆਂ ਕਿਹਾ ਕਿ 224 ਸੀਟਾਂ 'ਤੇ ਵੋਟਾਂ 10 ਮਈ ਨੂੰ ਪੈਣਗੀਆਂ ਤੇ ਨਤੀਜੇ 13 ਮਈ ਨੂੰ ਆਉਣਗੇ। ਕਰਨਾਟਕ ਵਿਚ ਕੁੱਲ ਵੋਟਰਾਂ ਦੀ ਗਿਣਤੀ 5,21,73,579 ਹੈ। ਇਨ੍ਹਾਂ ਵਿੱਚੋਂ ਮਰਦ ਵੋਟਰਾਂ ਦੀ ਗਿਣਤੀ 2.6 ਕਰੋੜ ਦੇ ਕਰੀਬ ਹੈ। 80 ਸਾਲ ਤੋਂ ਵੱਧ ਉਮਰ ਦੇ ਵੋਟਰ ਅਤੇ ਅਪੰਗ ਵੋਟਰਾਂ ਨੂੰ ਘਰ ਬੈਠੇ ਹੀ ਵੋਟ ਪਾਉਣ ਦੀ ਸਹੂਲਤ ਮਿਲੇਗੀ। ਸੂਬੇ ਵਿਚ ਪਹਿਲੀ ਵਾਰ ਤਕਰੀਬਨ 9.17 ਲੱਖ ਵੋਟਰ ਆਪਣੀ ਵੋਟ ਪਾਉਣਗੇ।

# ਕੈਨੇਡਾ 'ਚ ਜਾਤ ਆਧਾਰਤ ਟਿੱਪਣੀ ਕਰਨ ਵਾਲਿਆਂ ਨੂੰ ਭਾਰੀ ਜੁਰਮਾਨਾ

**ਵੈਨਕੂਵਰ (ਬਿਊਰੋ)-** ਕੈਨੇਡ-ਇਅਨ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਮਨੁੱਖੀ ਅਧਿਕਾਰ ਟ੍ਰਿਬਿਊਨਲ ਨੇ ਭਾਰਤੀ ਮੂਲ ਦੇ ਉਨ੍ਹਾਂ ਦੋ ਵਿਅਕਤੀਆਂ ਨੂੰ 10 ਹਜ਼ਾਰ ਡਾਲਰ (ਛੇ ਲੱਖ ਭਾਰਤੀ ਰੁਪਏ ਤੋਂ ਵੱਧ) ਜੁਰਮਾਨਾ ਕੀਤਾ ਹੈ, ਜਿਨ੍ਹਾਂ ਨੇ ਕਿਸੇ ਹੋਰ ਵਿਅਕਤੀ ਜਾਤ-ਪਾਤ ਆਧਾਰਤ ਟਿੱਪਣੀਆਂ ਕੀਤੀਆਂ ਸਨ। ਕੈਨੇਡੀਅਨ ਬ੍ਰਾਡਕਾਸਟਿੰਗ ਕਾਰਪੋਰੇਸ਼ਨ (ਸੀਬੀਸੀ) ਦੀ ਰਿ-ਪੋਰਟ ਅਨੁਸਾਰ ਸਾਲ 2018 'ਚ ਇੰਦਰਜੀਤ ਸਿੰਘ ਅਤੇ ਅਵਨਿੰਦਰ ਸਿੰਘ ਢਿੱਲੋਂ ਦਾ ਮਨੋਜ ਭੰਗੂ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ ਸੀ। ਤਦ ਮਨੋਜ ਭੰਗੂ 'ਤੇ ਇਨ੍ਹਾਂ ਦੋਵਾਂ ਨੇ ਪੰਜਾਬੀ ਭਾਸ਼ਾ 'ਚ ਇਤਰਾਜ਼ਯੋਗ ਟਿੱਪਣੀ ਕੀਤੀ ਸੀ। ਟ੍ਰਿਬਿਊਨਲ ਦੇ ਮੁਖੀ ਸੋਨੀਆ ਪਿਜੀਹਨ ਨੇ ਆਪਣੇ ਫ਼ੈਸਲੇ 'ਚ ਕਿਹਾ ਕਿ ਇਹ ਟਿੱਪਣੀ ਇਕ ਤਰ੍ਹਾਂ ਹਿੰਸਾ ਦੇ ਸਮਾਨ ਹੈ। ਪੀੜਤ ਵਿਅਕਤੀ ਦਾ ਕਿਉਂਕਿ ਭਾਰਤ 'ਚ ਜਾਤ-ਪਾਤ ਆਧਾਰਤ ਵਿਤਕਰੇ ਦਾ ਲੰਮੇਰਾ ਇਤਿਹਾਸ ਰਿਹਾ ਹੈ, ਇਸ ਲਈ ਇਸ ਪੱਖਪਾਤ ਦੀ ਗੰਭੀਰਤਾ ਹੋਰ ਵੀ ਜ਼ਿਆਦਾ ਵਧ ਜਾਂਦੀ ਹੈ।



ਜਾਣਕਾਰੀ ਮੁਤਾਬਕ ਇਹ ਤਿੰਨੇ ਪੰਜਾਬੀ ਵਿਅਕਤੀ ਇਕ ਟੈਕਸੀ ਕੰਪਨੀ 'ਚ ਭਾਈਵਾਲ ਸਨ ਪਰ ਇੰਦਰਜੀਤ ਸਿੰਘ ਤੇ ਅਵਨਿੰਦਰ ਸਿੰਘ ਢਿੱਲੋਂ ਨੇ ਦੋ ਵਾਰ ਮਨੋਜ ਭੰਗੂ ਖ਼ਿਲਾਫ਼ ਇਤਰਾਜ਼ ਟਿੱਪਣੀਆਂ ਕੀਤੀਆਂ ਸਨ। ਅਜਿਹੀ ਕਿਸੇ ਘਟਨਾ ਬਦਲੇ ਪਹਿਲਾਂ ਕਿਸੇ ਪੰਜਾਬੀ ਨੂੰ ਇੰਨਾ ਜ਼ਿਆਦਾ ਜੁਰਮਾਨਾ ਨਹੀਂ ਕੀਤਾ ਗਿਆ।








**ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ (ਕੈਲੇਫੋਰਨੀਆ) ਵਿਖੇ ਸਜਾਏ ਗਏ ਪਹਿਲੇ ਵਿਸ਼ਾਲ ਨਗਰ ਕੀਰਤਨ 'ਚ ਹਜਾਰਾਂ ਸੰਗਤਾਂ ਨੇ ਭਰੀਆਂ ਹਾਜਰੀਆਂ।**

(ਰਿਪੋਰਟ ਦੇਖੋ ਸਫਾ 7 'ਤੇ ਅਤੇ ਹੋਰ ਤਸਵੀਰਾਂ ਦੇਖੋ ਸਫਾ 31, 32 'ਤੇ)

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)





## ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 2 ਅਪ੍ਰੈਲ 2023 ਦਿਨ ਐਤਵਾਰ ਨੂੰ ਗੁਰੂ ਘਰ ਦੀ ਪ੍ਰਾਪਰਟੀ ਵਿਖੇ ਮਨਾਇਆ ਜਾ ਰਿਹਾ ਹੈ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਤੇ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਸੰਗਤ ਦੇ ਸੇਵਾਦਾਰ



Vinod Kumar Chumber (Chairman) 510-953-9800



Ram Lubhaya (President) 408-449-1105



Naresh Kumar (Secretary) 510-857-4551



Sohan Singh Dhanda (Treasurer) 510-200-6649

## ਸਮੂਹ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫਰਨੀਆ)

## 31252 Veasy Street, Union City, CA 94587



# SKY TRANSPORT SOLUTIONS

## STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

SPECIAL BIT INSPECTION AND DOT AUDIT COMPLIANCE:

- NOTORY PUBLIC SERVICES.
- ON THE SPOT VIN VERIFICATION SERVICES.
- DOT OUT OF SERVICES??
- AUTHORIZED IRS E- FILE PROVIDER.
- WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**121 E 11th St. Tracy, CA 95376**



ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## ਜੀ ਦੇ 646ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤਾਂ ਦੇ ਸਹਿਯੋਗ ਨਾਲ

# ਦੂਜਾ ਮਹਾਨ ਨਗਰ ਕੀਰਤਨ

## ਮਿਤੀ 9 ਅਪ੍ਰੈਲ 2023 ਦਿਨ ਐਤਵਾਰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ

ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਮਿਤੀ 13 ਮਾਰਚ 2023 ਦਿਨ ਸੋਮਵਾਰ ਤੋਂ 9 ਅਪ੍ਰੈਲ ਦਿਨ ਐਤਵਾਰ 2023 ਤੱਕ
ਸਮੂਹ ਸਾਧ ਸੰਗਤ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 7 ਅਪ੍ਰੈਲ 2023
ਭੋਗ ਸ੍ਰੀ ਅਖੰਡ ਪਾਠ ਸਾਹਿਬ ਮਿਤੀ 9 ਅਪ੍ਰੈਲ 2023, 9 ਵਜੇ, ਉਪਰੰਤ 11 ਵਜੇ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ।

## ਨਿਸ਼ਾਨ ਸਾਹਿਬ ਜੀ ਦੀ ਸੇਵਾ 8 ਅਪ੍ਰੈਲ ਦਿਨ ਸ਼ਨੀਵਾਰ 2023 ਸ਼ਾਮ 4 ਵਜੇ

### ਪੁੱਜ ਰਹੇ ਕੀਰਤਨੀ ਜਥੇ

ਭਾਈ ਸਰਬਜੀਤ ਸਿੰਘ ਜੀ ਰੰਗੀਲਾ (ਦੁਰਗ ਵਾਲੇ) ਅਤੇ ਭਾਈ ਆਤਮਜੋਤ ਸਿੰਘ ਜੀ ਅਤੇ ਜਥਾ, ਯੂਬਾ ਸਿਟੀ ਤੋਂ
ਢਾਡੀ ਜਥਾ ਭਾਈ ਗੁਰਨਾਮ ਸਿੰਘ ਭੰਡਾਲ ਅਤੇ ਭਾਈ ਗੁਰਦਿਆਲ ਸਿੰਘ ਜੀ (ਹਜ਼ੂਰੀ ਰਾਗੀ ਜਥਾ)

### ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530 713 1823, ਗੁਰਨਾਮ ਸਿੰਘ ਭੰਡਾਲ (ਚੇਅਰਮੈਨ) 530 218 4468
ਦਲਵਿੰਦਰ ਰੱਲ੍ਹ (ਵਾਈਸ ਸਕੱਤਰ) 530 933 3938
ਹੈਡ ਗ੍ਰੰਥੀ ਭਾਈ ਗੁਰਦਿਆਲ ਸਿੰਘ 530 441 4165, ਗੁਰੂ ਘਰ ਦਾ ਫੋਨ ਨੰਬਰ 530 674 2564



ਗੁਰੂ ਘਰ ਦੇ ਮੌਜੂਦਾ ਸੇਵਾਦਾਰ

ਗੁਰਨਾਮ ਸਿੰਘ ਭੰਡਾਲ (ਚੇਅਰਮੈਨ), ਪਰਸ਼ੋਤਮ ਸੂਦ (ਵਾਈਸ ਚੇਅਰਮੈਨ), ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ), ਮੋਹਿੰਦਰ ਸਿੰਘ ਰੱਤੂ (ਵਾਈਸ ਪ੍ਰਧਾਨ),
ਕੁਲਦੀਪ ਸਿੰਘ (ਜਨਰਲ ਸਕੱਤਰ), ਦਲਵਿੰਦਰ ਰੱਲ੍ਹ (ਵਾਈਸ ਜਨਰਲ ਸਕੱਤਰ), ਰਾਮ ਸੇਵਕ ਭਾਟੀਆ (ਕੈਸ਼ੀਅਰ), ਜਗਮੇਲ ਸਿੰਘ, ਗੁਰਦੀਪ ਸਿੰਘ ਹੀਰਾ (ਸਟੇਜ ਸਕੱਤਰ),
ਕ੍ਰਿਸ਼ਨ ਸਿੰਘ (ਵਾਈਸ ਸਟੇਜ ਸਕੱਤਰ), ਅਸ਼ੋਕ ਕੁਮਾਰ (ਮੀਡੀਆ ਪਰਸਨ), ਲਖਬੀਰ ਸੂਦ (ਡਾਇਰੈਕਟਰ), ਜਸਵਿੰਦਰ ਸਿੰਘ (ਡਾਇਰੈਕਟਰ)

## SHRI GURU RAVIDASS TEMPLE, 1480 HAYNE AVE YUBA CITY, CA 95993

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## ਅਪ੍ਰੈਲ ਮਹੀਨੇ ਦੇ ਪ੍ਰੋਗਰਾਮ

2 ਅਪ੍ਰੈਲ 2023, ਦਿਨ ਐਤਵਾਰ, ਸੁਖਮਨੀ ਸਾਹਿਬ ਅਤੇ ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਜੋਗਿੰਦਰ ਸਿੰਘ ਜੀ ਦਿੱਲੀ ਵਾਲਿਆਂ ਵੱਲੋਂ ਆਪਣੀ ਸਵਰਗਵਾਸੀ ਸੁਪਤਨੀ ਬੀਬੀ ਗੁਰਮੀਤ ਕੌਰ ਜੀ ਦੀ ਪਹਿਲੀ ਬਰਸੀ ਦੇ ਸਬੰਧ 'ਚ, ਉਹਨਾਂ ਦੀ ਪਿਆਰੀ ਬੇਟੀ, ਬੀਬੀ ਕਮਲਜੀਤ ਕੌਰ ਭਾਟੀਆ ਤੇ ਕਸ਼ਮੀਰੀ ਭਾਟੀਆ ਵੱਲੋਂ ਹੈ। ਭਾਟੀਆ ਪਰਿਵਾਰ ਵੱਲੋਂ ਸਾਰੀਆਂ ਸੰਗਤਾਂ ਨੂੰ ਹਾਜ਼ਰੀ ਭਰਨ ਲਈ ਬੇਨਤੀ ਹੈ। ਆਪ ਜੀ ਦਾ ਧੰਨਵਾਦੀ ਪਰਿਵਾਰ ਕਮਲਜੀਤ ਭਾਟੀਆ ਅਤੇ ਕਸ਼ਮੀਰੀ ਭਾਟੀਆ।

23 ਅਪ੍ਰੈਲ 2023, ਸ੍ਰੀ ਸੁਖਮਨੀ ਸਾਹਿਬ ਅਤੇ ਕੀਰਤਨ ਦੀ ਸੇਵਾ ਹਰਬੰਸ ਰੱਤੂ ਅਤੇ ਗਿਆਨ ਕੌਰ ਰੱਤੂ ਵੱਲੋਂ ਹੈ ਜੀ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਆਪ ਸਭ ਨੇ ਹਾਜ਼ਰੀ ਭਰਨੀ ਹੈ ਜੀ।

30 ਅਪ੍ਰੈਲ 2023, ਸ੍ਰੀ ਸੁਖਮਨੀ ਸਾਹਿਬ ਜੀ ਦੀ ਅਤੇ ਕੀਰਤਨ ਦੀ ਸੇਵਾ ਸਰਦਾਰ ਨਿਰੰਜਣ ਸਿੰਘ, ਬੀਬੀ ਸੰਤੋਸ਼ ਕੁਮਾਰੀ ਵੱਲੋਂ ਹੈ ਜੀ ਅਤੇ ਲੰਗਰ ਦੀ ਸੇਵਾ ਨਿਰੰਜਣ ਸਿੰਘ ਪਰਿਵਾਰ ਵੱਲੋਂ ਹੈ ਜੀ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਉਪਰੋਕਤ ਸਮਾਗਮਾਂ ਤੇ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

www.sriguruhad ravidasstemple.com

### Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |


NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834



# ਪੰਜਾਬ ਭਾਰਤ ਦੀ ਡਰੱਗ ਮੰਡੀ ਬਣਿਆ

## ਡਰੱਗਜ਼ ਦਾ ਕੰਮ-ਕਾਜ 7,000 ਕਰੋੜ ਰੁਪਏ ਸਲਾਨਾ ਤੋਂ ਟੱਪਿਆ

**ਜਲੰਧਰ (ਜੇ ਸਿੰਘ 'ਭਡਿਆਰ')-** ਪੰਜਾਬ ਹੁਣ ਭਾਰਤ ਦੀ ਡਰੱਗ ਮੰਡੀ ਬਣ ਚੁੱਕਾ ਹੈ। ਪੰਜਾਬ ਪੁਲਸ ਦੀ ਡਰੱਗ ਤਸਕਰਾਂ ਖ਼ਿਲਾਫ਼ ਕਾਰਵਾਈ ਲਗਾਤਾਰ ਜਾਰੀ ਹੈ। ਬੀਤੇ 8 ਮਹੀਨਿਆਂ ਦੌਰਾਨ ਪੁਲਸ ਨੇ ਐਨ. ਡੀ. ਪੀ. ਐਸ. ਐਕਟ ਤਹਿਤ 8458 ਮਾਮਲੇ ਦਰਜ ਕਰ ਕੇ 1.360 ਤਸਕਰਾਂ ਨੂੰ ਕਾਬੂ ਕੀਤਾ ਹੈ। ਪੰਜਾਬ ਪੁਲਸ ਦੀਆਂ ਟੀਮਾਂ ਨੇ ਗੁਜਰਾਤ ਅਤੇ ਮਹਾਰਾਸ਼ਟਰ ਦੀਆਂ ਬੰਦਰਗਾਹਾਂ ਤੋਂ 147.5 ਕਿੱਲੋਗ੍ਰਾਮ ਹੈਰੋਇਨ ਬਰਾਮਦ ਕੀਤੀ। ਇੰਨੀ ਵੱਡੀ ਖੇਪ ਦੀ ਸੂਚਨਾ ਪੰਜਾਬ ਪੁਲਸ ਨੂੰ ਤਾਂ ਸੀ ਪਰ ਸਥਾਨਕ ਪੁਲਸ ਨੂੰ ਨਹੀਂ। ਪਰ ਇਹ ਸਾਰੀ ਡਰਗ ਪੰਜਾਬ ਵਿਚ ਖਪਾਈ ਜਾਣੀ ਸੀ। ਬੀਤੇ ਸਾਲ ਆਈ ਪੀ। ਜੀ। ਆਈ। ਚੰਡੀਗੜ੍ਹ ਦੀ ਇੱਕ ਰਿਪੋਰਟ ਅਨੁਸਾਰ ਸੂਬੇ 'ਚ 30 ਲੱਖ ਤੋਂ ਜ਼ਿਆਦਾ ਲੋਕ ਨਸ਼ੇ ਦਾ ਸੇਵਨ ਕਰਦੇ ਹਨ। ਇਹ ਆਬਾਦੀ ਕਰੀਬ 15 ਫ਼ੀਸਦੀ ਤੋਂ ਜ਼ਿਆਦਾ ਹੈ। ਇੱਕ ਅਨੁਮਾਨ ਅਨੁਸਾਰ ਪੰਜਾਬ 'ਚ ਡਰੱਗਜ਼ ਦਾ ਕੰਮ-ਕਾਜ 7,000 ਕਰੋੜ ਰੁਪਏ ਸਲਾਨਾ ਤੋਂ ਜ਼ਿਆਦਾ ਦਾ ਹੈ। ਹੁਣ ਤੱਕ ਡਰਗ ਓਵਰਡੋਜ਼ ਦੇ ਚੱਲਦੇ ਹੋਈਆਂ ਮੌਤਾਂ ਵਿਚ ਨੌਜਵਾਨਾਂ ਦੀ ਉਮਰ 18-35 ਸਾਲ ਤੱਕ ਰਹੀ ਹੈ। ਸਾਲ ਵਿਚ ਔਸਤਨ 300 ਤੋਂ ਜ਼ਿਆਦਾ ਮੌਤਾਂ ਨਸ਼ੇ ਦੀ ਓਵਰਡੋਜ਼ ਜਾਂ ਡਰੱਗ ਮਿਕਸਿੰਗ ਨਾਲ ਹੋ ਰਹੀਆਂ ਹਨ।



**ਕੀ ਕਹਿਣਾ ਹੈ ਸਿਹਤ ਮੰਤਰੀ ਦਾ**

ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦਾ ਵਿਧਾਨ ਸਭਾ ਵਿਚ ਦੱਸਿਆ ਗਿਆ ਹੈ ਕਿ ਸੂਬੇ ਵਿਚ ਕਰੀਬ 10 ਲੱਖ ਵਿਅਕਤੀ ਨਸ਼ਿਆਂ ਦੇ ਆਦੀ ਹਨ ਜਿਨ੍ਹਾਂ ਵਿਚੋਂ 2.62 ਲੱਖ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਤੋਂ ਇਲਾਜ ਕਰਵਾ ਰਹੇ ਹਨ ਜਦੋਂਕਿ 6.12 ਲੱਖ ਨਿੱਜੀ ਖੇਤਰ ਦੇ ਹਸਪਤਾਲਾਂ ਦੀਆਂ ਸੇਵਾਵਾਂ ਲੈ ਰਹੇ ਹਨ। ਸਿਹਤ ਮੰਤਰੀ ਮੁਤਾਬਿਕ ਨਸ਼ੇ ਦੇ ਆਦੀ ਵਿਅਕਤੀਆਂ ਦੀ ਅਸਲ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਹੈ। ਇਸ ਤੋਂ ਇਹ ਚਿੰਤਾ ਪੈਦਾ ਹੁੰਦੀ ਹੈ ਕਿ ਇਲਾਜ ਕਰਵਾਉਣ ਦੇ ਬਾਵਜੂਦ ਨਸ਼ਿਆਂ ਤੋਂ ਛੁਟਕਾਰਾ ਪਾਉਣ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ। ਪੰਜਾਬ ਵਿਚ 528 ਆਊਟ ਪੇਸ਼ੈਂਟ ਓਪੀਓਇਡ ਅਸਿਸਟਡ ਟਰੀਟਮੈਂਟ ਸੈਂਟਰ (ਓਟ ਕਲੀਨਿਕ) ਅਤੇ 36 ਸਰਕਾਰੀ ਤੇ 185 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਦੇ ਬਾਵਜੂਦ ਨਸ਼ੇ ਕਰਨ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ ਤੇ ਇਸ ਵਿਚ ਕਮੀ ਨਹੀਂ ਆ ਰਹੀ। ਇਨ੍ਹਾਂ ਤੋਂ ਇਲਾਵਾ 19 ਸਰਕਾਰੀ ਅਤੇ ਨਿੱਜੀ ਖੇਤਰ ਦੇ 74 ਮੁੜਵਸੇਬਾ ਸੈਂਟਰ ਹਨ। ਇਹ ਦੇਖਿਆ ਗਿਆ ਹੈ ਕਿ ਮੁੱਢਲੇ ਇਲਾਜ ਤੋਂ ਬਾਅਦ ਜ਼ਿਆਦਾਤਰ ਮਰੀਜ਼ ਮੁੜ ਨਸ਼ੇ ਕਰਨ ਦੇ ਰਾਹ ਪੈ ਜਾਂਦੇ ਹਨ।

## ਐੱਚ ਆਈ ਵੀ ਮਾਮਲਿਆਂ 'ਚ ਲੁਧਿਆਣਾ ਪਹਿਲੇ ਸਥਾਨ 'ਤੇ ਪੁੱਜਾ

**ਚੰਡੀਗੜ੍ਹ-** ਪੰਜਾਬ 'ਚ ਐੱਚ ਆਈ ਵੀ ਦੇ ਮਾਮਲੇ ਸਾਹਮਣੇ ਆਏ ਹਨ। ਐੱਚ। ਆਈ। ਵੀ। ਪਾਜ਼ੇਟਿਵ ਮਾਮਲਿਆਂ 'ਚ ਲੁਧਿਆਣਾ ਸੂਬੇ ਭਰ ਵਿਚੋਂ ਪਹਿਲੇ ਸਥਾਨ 'ਤੇ ਹੈ। ਚਾਲੂ ਸਾਲ ਦੌਰਾਨ ਪਿਛਲੇ ਜਨਵਰੀ ਮਹੀਨੇ ਤੱਕ ਇਸ ਜ਼ਿਲ੍ਹੇ 'ਚ 1711 ਮਾਮਲੇ ਸਾਹਮਣੇ ਆਏ। ਲੁਧਿਆਣਾ ਤੋਂ ਬਾਅਦ ਬਠਿੰਡਾ 'ਚ 1514 ਮਾਮਲੇ ਦਰਜ ਕੀਤੇ ਗਏ, ਜਦੋਂ ਕਿ ਫਰੀਦਕੋਟ 'ਚ 708, ਮੋਗਾ 'ਚ 712, ਫਿਰੋਜ਼ਪੁਰ 'ਚ 647 ਅਤੇ ਤਰਨਤਾਰਨ 'ਚ 520 ਮਾਮਲੇ ਸਾਹਮਣੇ ਆਏ। ਔਰਤਾਂ ਦੇ ਕੁੱਲ 1847 ਮਾਮਲਿਆਂ ਵਿਚੋਂ ਵੀ ਸਭ ਤੋਂ ਜ਼ਿਆਦਾ 233 ਮਾਮਲੇ ਲੁਧਿਆਣਾ 'ਚ ਹੀ ਸਾਹਮਣੇ ਆਏ ਹਨ। ਟਰਾਂਸਜੈਂਡਰ ਦੇ ਐੱਚ ਆਈ ਵੀ ਪਾਜ਼ੇਟਿਵ ਹੋਣ ਨਾਲ ਕੁੱਲ 19 ਮਾਮਲਿਆਂ ਵਿਚੋਂ ਸਭ ਤੋਂ ਜ਼ਿਆਦਾ 5 ਮਾਮਲੇ ਐੱਸ ਏ ਐੱਸ ਨਗਰ ਮੋਹਾਲੀ ਤੋਂ ਰਿਪੋਰਟ ਕੀਤੇ ਗਏ ਹਨ।

15 ਸਾਲ ਤੋਂ ਘੱਟ ਉਮਰ ਦੇ ਐੱਚ ਆਈ ਵੀ ਨਾਲ ਪੀੜਤ 88 ਬੱਚਿਆਂ ਵਿਚੋਂ 56 ਮੁੰਡੇ ਅਤੇ 32 ਕੁੜੀਆਂ ਹਨ। ਇਨ੍ਹਾਂ ਵਿਚੋਂ ਵੀ ਸਭ ਤੋਂ ਜ਼ਿਆਦਾ 19 ਮੁੰਡੇ ਲੁਧਿਆਣਾ ਜ਼ਿਲ੍ਹੇ ਨਾਲ ਜੁੜੇ ਹੋਏ ਹਨ, ਜਦੋਂ ਕਿ 5 ਮੁੰਡੇ ਅਤੇ 5 ਕੁੜੀਆਂ ਕ੍ਰਮਵਾਰ ਤਰਨਤਾਰਨ ਅਤੇ ਪਟਿਆਲਾ ਤੋਂ ਪਾਜ਼ੇਟਿਵ ਰਿਪੋਰਟ ਕੀਤੇ ਗਏ ਹਨ। ਸਿਹਤ ਅਤੇ ਪਰਿਵਾਰ ਕਲਿਆਣ ਮੰਤਰੀ ਡਾ ਬਲਬੀਰ ਸਿੰਘ ਵਲੋਂ ਹਾਲ ਹੀ 'ਚ ਵਿਧਾਨ ਸਭਾ 'ਚ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਸਾਲ ਜਨਵਰੀ ਮਹੀਨੇ ਤੱਕ ਸੂਬੇ 'ਚ 10,109 ਮਾਮਲੇ ਸਾਹਮਣੇ ਆਏ ਹਨ।

## ਤੂਫ਼ਾਨ ਵਿਚ 2 ਸਾਲ ਦੀ ਧੀ ਦੀ ਮੌਤ ਤੋਂ ਬਾਅਦ ਮਾਂ ਨੇ ਦਿੱਤਾ ਪੁੱਤਰ ਨੂੰ ਜਨਮ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਮਿਸੀਸਿੱਪੀ ਰਾਜ ਵਿਚ ਬੀਤੇ ਦਿਨ ਆਏ ਜਬਰਦਸਤ ਤੂਫ਼ਾਨ ਵਿਚ ਆਪਣੀ ਦੋ ਸਾਲ ਦੀ ਧੀ ਦੀ ਮੌਤ ਤੋਂ ਬਾਅਦ ਇਕ ਮਾਂ ਵੱਲੋਂ 24 ਘੰਟਿਆਂ ਦੇ ਅੰਦਰ ਇਕ ਪੁੱਤਰ ਨੂੰ ਜਨਮ ਦੇਣ ਦੀ ਖ਼ਬਰ ਹੈ। ਡੋਮੀਨੀਕ ਗਰੀਨ ਆਪਣੀ ਦੋ ਸਾਲ ਦੀ ਧੀ ਔਬਰੇਅ ਨੂੰ ਦੇਖ ਰੇਖ ਲਈ



ਉਸ ਦੇ ਨਾਨਾ ਨਾਨੀ ਕੋਲ ਛੱਡਣ ਉਪਰੰਤ ਹਸਪਤਾਲ ਗਈ ਸੀ। ਬਾਅਦ ਵਿਚ ਆਏ ਤੂਫ਼ਾਨ ਦੀ ਲਪੇਟ ਵਿਚ ਆ ਕੇ ਔਬਰੇਅ ਦੀ ਮੌਤ ਹੋ ਗਈ ਤੇ ਹਸਪਤਾਲ ਵਿਚ ਗਰੀਨ ਨੇ ਇਕ ਹੋਰ ਬੱਚੇ ਨੂੰ ਜਨਮ ਦਿੱਤਾ। ਗਰੀਨ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਤੂਫ਼ਾਨ ਉਸ ਦੀ ਨੰਨੀ ਬੱਚੀ ਦੀ ਜਾਨ ਲੈ ਲਵੇਗਾ। ਇਸ ਘਟਨਾ ਵਿਚ ਇਕ ਹੋਰ 8 ਸਾਲ ਦੇ ਬੱਚੇ ਦੇ ਸਿਰ ਵਿਚ ਗੰਭੀਰ ਸੱਟ ਵਜੀ ਹੈ ਜੋ ਹਸਪਤਾਲ ਵਿਚ ਦਾਖਲ ਹੈ।

## ਅਮਰੀਕਾ-ਮੈਕਸੀਕੋ ਸਰਹੱਦ ਨੇੜੇ ਨਿਗਰਾਨ ਕੇਂਦਰ ਵਿਚ ਅੱਗ ਲੱਗਣ ਕਾਰਨ 40 ਪ੍ਰਵਾਸੀਆਂ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੀ ਸਰਹੱਦ ਨੇੜੇ ਉੱਤਰੀ ਮੈਕਸੀਕੋ ਵਿਚ ਇਮੀਗ੍ਰੇਸ਼ਨ ਡੀਟੈਨਸ਼ਨ ਸੈਂਟਰ ਵਿਚ ਲੱਗੀ ਭਿਆਨਕ ਅੱਗ ਵਿਚ ਸੜਣ ਨਾਲ 40 ਪ੍ਰਵਾਸੀਆਂ ਦੀ ਮੌਤ ਹੋ ਗਈ ਤੇ ਕਈ ਹੋਰ ਜ਼ਖਮੀ ਹੋ ਗਏ। ਇਹ ਪ੍ਰਗਟਾਵਾ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਕੀਤਾ ਹੈ। ਐਲ ਪਾਸੋ (ਟੈਕਸਾਸ) ਦੇ ਦੱਖਣ ਵਿੱਚ ਸੀਡੈਡ ਜੂਆਰਜ਼ ਵਿਚ ਸਥਿੱਤ ਨੈਸ਼ਨਲ ਇਮੀਗ੍ਰੇਸ਼ਨ ਇੰਸਟੀਚਿਊਟ ਵਿਚ ਇਹ ਘਟਨਾ ਉਸ ਸਮੇ ਵਾਪਰੀ ਜਦੋਂ ਪ੍ਰਵਾਸੀਆਂ ਨੇ ਵਾਪਿਸ ਭੇਜੇ ਜਾਣ ਦੇ ਡਰ ਕਾਰਨ ਰੋਸ ਵਜੋਂ ਖੁਦ ਹੀ ਗੱਦਿਆਂ ਨੂੰ ਅੱਗ ਲਾ ਦਿੱਤੀ ਜੋ ਏਨੀ ਜਿਆਦਾ ਫੈਲ ਗਈ ਕਿ ਉਸ ਉਪਰ ਕਾਬੂ ਪਾਉਣਾ ਅਸੰਭਵ ਹੋ ਗਿਆ। ਇਮੀਗ੍ਰੇਸ਼ਨ ਇੰਸਟੀਚਿਊਟ ਨੇ ਟਵਿਟਰ ਉਪਰ ਪਾਏ ਇਕ ਬਿਆਨ ਵਿਚ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਘੱਟੋ ਘੱਟ 40 ਲੋਕ ਮਾਰੇ ਗਏ ਹਨ ਤੇ 29 ਹੋਰ ਜ਼ਖਮੀ ਹੋਏ ਹਨ। ਜ਼ਖਮੀਆਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਬਿਆਨ ਵਿਚ ਕਿਹਾ ਹੈ ਕਿ ਅੱਗ ਲੱਗਣ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਸੀਡੈਡ ਜੂਆਰਜ਼ ਦੇ ਸੰਘੀ ਡਿਪਟੀ ਐਂਡਰੀ ਸ਼ਵੇਜ਼ ਨੇ ਕਿਹਾ ਹੈ ਕਿ ਮੈਕਸੀਕੋ ਦੇ ਮਨੁੱਖੀ ਹੱਕਾਂ ਬਾਰੇ ਕਮਿਸ਼ਨ ਨੂੰ ਵੀ ਮਾਮਲੇ ਵਿੱਚ ਚੌਕਸ ਰਹਿਣ ਲਈ ਕਿਹਾ ਗਿਆ ਹੈ। ਮੈਕਸੀਕੀ ਪ੍ਰਧਾਨ ਐਂਡਰਸ ਮੈਨੂਏਲ ਲੋਪਜ਼ ਆਬਰਾਡੋਰ ਨੇ ਕਿਹਾ ਹੈ ਕਿ ਪ੍ਰਵਾਸੀਆਂ ਨੇ ਆਪ ਹੀ ਅੱਗ ਲਾਈ ਸੀ ਪਰੰਤੂ ਉਨਾਂ ਨੂੰ ਇਹ ਅੰਦਾਜਾ ਨਹੀਂ ਸੀ ਕਿ ਇਹ ਇਸ ਹੱਦ ਤੱਕ ਫੈਲ ਜਾਵੇਗੀ ਕਿ ਉਹ ਖੁਦ ਹੀ ਇਸ ਦੀ ਲਪੇਟ ਵਿਚ ਆ ਜਾਣਗੇ।



# ਜੋ ਹਮ ਸਹਰੀ ਸੋ ਮੀਤ ਹਮਾਰਾ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱਤੇ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ।।

ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ।। ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ।। ਜੋ ਹਮ ਸਹਰੀ ਸੋ ਮੀਤ ਹਮਾਰਾ।। ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ। ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪਾਵਨ ਆਗਮਨ ਪੁਰਬ ਮਨਾਏ ਜਾਣ ਦੀਆਂ "ਅਦਾਰਾ ਅੰਬੇਦਕਰ ਟਾਈਮਜ਼" ਤੇ "ਦੇਸ਼ ਦੁਆਬਾ" ਦੇ ਮਾਣਯੋਗ ਪਾਠਕਾਂ, ਇਸ਼ਤਿਹਾਰ ਦਾਤਾ ਅਤੇ ਹੋਰ ਸਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਨ੍ਹਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾਂ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਸਾਹਿਬਾਨ ਜੀ ਦੇ ਅਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਅਵਾਜ਼ ਬੁਲੰਦ ਕਰਦਾ ਰਹੇਗਾ।

**- ਪ੍ਰੇਮ ਕੁਮਾਰ ਚੁੰਬਰ**

# ਭਾਰਤ ਵਿੱਚ ਦਲਿਤਾਂ ਦੀ ਵਿਗੜਦੀ ਦਸ਼ਾ ਲਈ ਜਿੰਮੇਵਾਰ ਕੌਣ



**ਕੁਲਦੀਪ ਚੰਦ**
91-9417563054

ਭਾਰਤ ਵਿੱਚ ਰਹਿਣ ਵਾਲੇ ਦਲਿਤ ਜਿਨ੍ਹਾਂ ਨੂੰ ਸਮੇਂ-ਸਮੇਂ ਤੇ ਸ਼ੂਦਰ, ਅਛੂਤ, ਮੂਲ ਨਿਵਾਸੀ, ਆਦਿਧਰਮੀ, ਭਾਰਤ ਦੇ ਮੋਢੀ ਆਦਿ ਨਾਮ ਦਿਤੇ ਗਏ ਹਨ ਦੀ ਦਿਨ ਪ੍ਰਤੀ ਦਿਨ ਵਿਗੜਦੀ ਦਸ਼ਾ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਇਨ੍ਹਾਂ ਦਲਿਤਾਂ ਨੂੰ ਅੰਗਰੇਜੀ ਹਕੂਮਤ ਵੇਲੇ ਦੱਬੇ ਕੁਚਲੇ ਨਾਮ ਦਿਤਾ ਗਿਆ ਅਤੇ ਭਾਰਤੀ ਸੰਵਿਧਾਨ ਵਿੱਚ ਅਨੁਸੂਚਿਤ ਜਾਤਾਂ, ਅਨੁਸੂਚਿਤ ਜਨਜਾਤੀਆਂ ਦਾ ਦਰਜਾ ਦਿਤਾ ਗਿਆ ਹੈ। ਮਨੂੰਵਾਦੀ ਪ੍ਰਥਾ ਅਨੁਸਾਰ ਚਾਰ ਵਰਣਾਂ ਵਿੱਚ ਸ਼ੂਦਰਾਂ ਨੂੰ ਸਭ ਤੋਂ ਹੇਠਾਂ ਮੰਨਿਆ ਗਿਆ ਹੈ। ਇਹ ਵੀ ਕੌੜਾ ਸੱਚ ਹੈ ਕਿ ਇਨ੍ਹਾਂ ਸ਼ੂਦਰਾਂ ਵਿਚੋਂ ਕੁੱਝ ਜਾਤਾਂ ਨੂੰ ਅਛੂਤ ਕਿਹਾ ਜਾਂਦਾ ਸੀ ਅਤੇ ਛੂਹਣਾ ਪਾਪ ਮੰਨਿਆ ਜਾਂਦਾ ਸੀ ਅਤੇ ਇਨ੍ਹਾਂ ਜਾਤਾਂ ਤੇ ਕਈ ਤਰਾਂ ਦੀਆਂ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਪਾਬੰਦੀਆਂ ਲਗਾਈਆਂ ਗਈਆਂ ਸਨ ਜਿਨ੍ਹਾਂ ਕਾਰਨ ਇਨ੍ਹਾਂ ਜਾਤਾਂ ਨਾਲ ਸਬੰਧਿਤ ਵਿਅਕਤੀਆਂ ਦਾ ਜੀਵਨ ਜਾਨਵਰਾਂ ਤੋਂ ਵੀ ਭੈੜਾ ਰਿਹਾ ਹੈ। ਦਲਿਤਾਂ ਦੀ ਇਸ ਵਿਗੜਦੀ ਦਸ਼ਾ ਨੂੰ ਸੁਧਾਰਨ ਲਈ ਸਮੇਂ ਸਮੇਂ ਤੇ ਕਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਅੰਦੋਲਨ ਚਲਾਇਆ ਹੈ ਜਿਸ ਕਾਰਨ ਇਨ੍ਹਾਂ ਦੇ ਜੀਵਨ ਵਿੱਚ ਕੁੱਝ ਬਦਲਾਓ ਆਇਆ ਹੈ ਅਤੇ ਵਿਕਾਸ ਹੋਇਆ ਹੈ ਪਰੰਤੂ ਇਹ ਬਦਲਾਓ ਅਤੇ ਵਿਕਾਸ ਕੁੱਝ ਕੁ ਲੋਕਾਂ ਤੱਕ ਹੀ ਸੀਮਿਤ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਸਮੇਂ ਸਮੇਂ ਤੇ ਕੁੱਝ ਦਲਿਤਾਂ ਨੇ ਹਿੰਦੂ ਧਰਮ ਛੱਡਕੇ ਮੁਸਲਿਮ, ਇਸਾਈ ਅਤੇ ਬੁੱਧ ਧਰਮ ਧਰਮ ਅਪਣਾਇਆ ਹੈ। ਜਦੋਂ ਦੇਸ਼ ਵਿੱਚ ਅੰਗਰੇਜੀ ਹਕੂਮਤ ਆਈ ਤਾਂ ਦੇਸ਼ ਦੇ ਦਲਿਤਾਂ ਨੂੰ ਕਾਫੀ ਰਾਹਤ ਮਿਲੀ। ਕਈ ਦਲਿਤ ਸਰਕਾਰੀ ਨੌਕਰੀਆਂ ਕਰਨ ਲੱਗ ਪਏ ਜਿਸ ਨਾਲ ਦਲਿਤ ਪਿੰਡ ਛੱਡਕੇ ਨਗਰਾਂ ਵਿੱਚ ਰਹਿਣ ਲੱਗ ਪਏ। ਦਲਿਤਾਂ ਨੂੰ ਪੜ੍ਹਾਈ ਦਾ ਅਧਿਕਾਰ ਮਿਲ ਗਿਆ ਜਿਸ ਨਾਲ ਉਨ੍ਹਾਂ ਦਾ ਵਿਕਾਸ ਹੋਣਾ ਸੁਰੂ ਹੋ ਗਿਆ ਅਤੇ ਇਨ੍ਹਾਂ ਵਿੱਚੋਂ ਬਹੁਤੇ ਦਲਿਤਾਂ ਨੇ ਅਪਣੇ ਜਾਤ ਅਧਾਰਿਤ ਧੰਦਿਆਂ ਨੂੰ ਤਿਆਗ ਦਿਤਾ। ਸਾਲ 1894 ਤੋਂ 1922 ਤੱਕ ਕੋਹਲਾਪੁਰ ਦੇ ਰਾਜਾ ਰਹੇ ਛੱਤਰਪਤੀ ਸਾਹੂ ਜੀ ਮਹਾਰਾਜ ਨੇ ਸਿੱਖਿਆ ਦੇ ਦੁਆਰ ਸਭ ਲਈ ਖੋਲ ਦਿਤੇ ਅਤੇ ਨੌਕਰੀਆਂ ਵਿੱਚ 50 ਫਿਸਦੀ ਰਾਖਵਾਂਕਰਣ ਗਰੀਬ ਕਮਜੋਰ ਵਰਗਾਂ ਲਈ ਕਰ ਦਿਤਾ। ਭਾਰੀ ਵਿਰੋਧ ਦੇ ਬਾਬਜੂਦ ਫੂਲੇ ਪਰਿਵਾਰ ਨੇ ਇਨ੍ਹਾਂ ਵਰਗਾਂ ਲਈ ਵਿਦਿਅੱਕ ਅਦਾਰੇ ਚਲਾਏ। 14 ਅਪ੍ਰੈਲ 1891 ਨੂੰ ਪੈਦਾ ਹੋਏ ਦਲਿਤਾਂ ਦੇ ਆਗੂ ਡਾਕਟਰ ਭੀਮ ਰਾਓ ਅੰਬੇਡਕਰ ਨੇ ਬੜੌਦਾ ਮਹਾਰਾਜਾ ਸਿਆਈਜੀਓ ਗਾਇਕਵਾੜ ਵਲੋਂ ਚਲਾਈ ਜਾ ਰਹੀ ਵਜੀਫਾ ਯੋਜਨਾ ਨਾਲ ਵਿਦੇਸ਼ਾਂ ਵਿੱਚ ਪੜ੍ਹਾਈ ਕੀਤੀ ਅਤੇ ਅਪਣੀ ਸਿੱਖਿਆ ਨੂੰ ਹਥਿਆਰ ਬਣਾਕੇ ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਦੇ ਜੀਵਨ ਵਿੱਚ ਕਰਾਂਤੀਕਾਰੀ ਬਦਲਾਓ ਲਿਆਉਣ ਲਈ ਕੰਮ ਕੀਤਾ। ਪੰਜਾਬ ਦੇ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਮੂਗੋਵਾਲ ਵਿੱਚ 14 ਜਨਵਰੀ 1886 ਨੂੰ ਪੈਦਾ ਹੋਏ ਬਾਬੂ ਮੰਗੂ ਰਾਮ ਮੂਗੋਵਾਲ ਨੇ ਅਪਣੇ ਪਿੰਡ ਵਿੱਚ ਅਛੂਤਾਂ ਦੇ ਬੱਚਿਆਂ ਲਈ ਪਹਿਲਾ ਸਕੂਲ ਖੋਲਿਆ ਅਤੇ 1926 ਵਿੱਚ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਸੀ। ਇਨ੍ਹਾਂ ਆਗੂਆਂ ਦੀ ਅਗਵਾਈ ਵਿੱਚ ਹੀ ਅੰਗਰੇਜਾਂ ਵਲੋਂ ਭੇਜੇ ਗਏ ਸਾਇਮਨ ਕਮਿਸ਼ਨ ਨੇ ਪੰਜਾਬ ਵਿੱਚ ਦੌਰਾ ਕੀਤਾ ਅਤੇ ਡਾਕਟਰ ਅੰਬੇਡਕਰ ਨੂੰ ਅਛੂਤਾਂ ਦਾ ਪ੍ਰਤੀਨਿਧੀ ਸਾਬਿਤ ਕਰਕੇ ਗੋਲਮੇਜ਼ ਕਾਨਫਰੰਸਾ ਵਿੱਚ ਭੇਜਿਆ। ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦ ਧਰਮ ਦਾ ਨਾਮ ਮਿਲਿਆ ਅਤੇ ਦਲਿਤਾਂ ਨੂੰ ਪੜ੍ਹਣ, ਜਾਇਦਾਦ ਖਰੀਦਣ ਅਤੇ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ। ਸਾਲ 1931 ਵਿੱਚ ਹੋਈ ਜਨਗਣਨਾ ਵਿੱਚ ਪਹਿਲੀ ਵਾਰ ਆਦ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦ ਧਰਮ ਲਿਖਾਇਆ ਸੀ। ਲੰਡਨ ਵਿੱਚ ਹੋਈਆਂ ਗੋਲਮੇਜ਼ ਕਾਨਫਰੰਸਾ ਤੋਂ ਬਾਦ ਬਰਤਾਨੀਆ ਸਰਕਾਰ ਨੇ ਅਲੱਗ ਚੌਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਗਾਂਧੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ ਅਤੇ 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਇਸ ਸਮਝੋਤੇ ਵਿੱਚ ਦਲਿਤਾਂ ਨੂੰ ਵਖਰੀ ਚੌਣ ਵਿਵਸਥਾ ਦੋਹਰੀ ਵੋਟ ਦੇ ਅਧਿਕਾਰ ਦੀ ਥਾਂ ਕੁੱਝ ਸੀਟਾਂ ਦਾ ਰਾਖਵਾਂਕਰਣ ਦਿਤਾ ਗਿਆ ਜਿਸ ਅਨੁਸਾਰ ਭਾਰਤ ਦੀਆਂ ਵੱਖ ਵੱਖ ਵਿਧਾਨ ਸਭਾਵਾਂ ਲਈ ਦਲਿਤਾਂ ਲਈ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਸਨ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ । 1942 ਵਿੱਚ ਦੂਜੀ ਸੰਸਾਰਿਕ ਜੰਗ ਹੋਣ ਕਾਰਨ ਚੌਣਾਂ ਨਹੀਂ ਹੋਈਆਂ। 1946 ਵਿੱਚ ਬਾਬੂ ਮੰਗੂ ਰਾਮ ਆਪਣੇ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ। ਆਦ ਧਰਮ ਦੀ ਮੁਹਿੰਮ ਕੁੱਝ ਸਾਲਾਂ ਬਾਦ ਹੀ ਖਤਮ ਹੋ ਗਈ।

ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਅੰਦੋਲਨ ਵਿੱਚ ਵਿਸੇਸ਼ ਥਾਂ ਰੱਖਣ ਵਾਲੇ ਡਾਕਟਰ ਅੰਬੇਡਕਰ ਦੁਆਰਾ ਸ਼ੁਰੂ ਕੀਤਾ ਗਿਆ ਰਾਜਨੀਤਿਕ ਅੰਦੋਲਨ ਪੂਰੀ ਤਰਾਂ ਸਫਲ ਨਹੀਂ ਹੋ ਸਕਿਆ ਹੈ। ਅਜਾਦ ਭਾਰਤ ਵਿੱਚ ਦਲਿਤਾਂ ਨੂੰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਦਾ ਨਾਮ ਦਿਤਾ ਗਿਆ ਅਤੇ ਭਾਰਤੀ ਸੰਵਿਧਾਨ ਵਿੱਚ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕਾਂ ਦੇ ਵਿਕਾਸ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਬਹੁਤੇ ਦਲਿਤ ਵਿਸ਼ੇਸ਼ ਤੋਰ ਤੇ ਪਿੰਡਾਂ ਅਤੇ ਬਸਤੀਆਂ ਵਿੱਚ ਰਹਿਣ ਵਾਲੇ ਦਲਿਤ ਅਜੇ ਵੀ ਜਿੰਦਗੀ ਦੀਆਂ ਮੁੱਢਲੀਆਂ ਸਹੂਲਤਾਂ ਨੂੰ ਤਰਸ ਰਹੇ ਹਨ। ਇਨ੍ਹਾਂ ਦਲਿਤਾਂ ਵਿੱਚੋਂ ਵਿਕਸਿਤ ਹੋ ਚੁੱਕੇ ਬਹੁਤੇ ਲੋਕ ਅਪਣੀ ਅਸਲੀਅਤ ਛੁਪਾਕੇ ਰੱਖਦੇ ਹਨ ਅਤੇ ਅਪਣਾ ਪਿਛੋਕੜ ਤੱਕ ਭੁੱਲਦੇ ਜਾ ਰਹੇ ਹਨ। 15 ਮਾਰਚ 1934 ਨੂੰ ਜਿਲ੍ਹਾ ਰੂਪਨਗਰ ਪੰਜਾਬ ਵਿੱਚ ਪੈਦਾ ਹੋਏ ਸਾਹਿਬ ਕਾਂਸ਼ੀ ਰਾਮ ਨੇ 1971 ਵਿੱਚ ਦਲਿਤਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਸ਼ੁਰੂ ਕੀਤੀ ਅਤੇ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਹੋਰ ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀ ਕਰਮਚਾਰੀ ਵੈਲਫੇਅਰ ਸੰਸਥਾ ਦੀ ਸਥਾਪਨਾ ਕੀਤੀ। 1973 ਵਿੱਚ ਬੈਕਵਰਡ ਐਂਡ ਮਾਇਨਾਰਿਟੀ ਕਮਿਉਨਿਟੀ ਇੰਮਪਲਾਇਜ਼ ਫੈਡਰੇਸ਼ਨ-ਬਾਮਸੇਫ ਦੀ ਸਥਾਪਨਾ ਕੀਤੀ। ਡਾਕਟਰ ਅੰਬੇਡਕਰ ਵਲੋਂ ਦਿੱਤੇ ਗਏ ਪੜ੍ਹੋ, ਜੁੜ੍ਹੋ ਅਤੇ ਸੰਘਰਸ਼ ਕਰੋ ਦੇ ਸਿਧਾਂਤ ਤੇ ਚੱਲਕੇ ਮੁਹਿੰਮ ਚਲਾਈ ਅਤੇ 06 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸਮਾਜਿਕ ਸੰਗਠਨ ਤਿਆਰ ਕੀਤਾ ਅਤੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ ਬਣਾ ਦਿਤੀ ਅਤੇ ਕਰੋੜ੍ਹਾਂ ਦਲਿਤਾਂ ਦਾ ਸੁਪਨਾ ਪੂਰਾ ਕਰਨ ਲਈ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ। 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। ਬੀ ਐਸ ਪੀ ਨੇ ਉੱਤਰ ਪ੍ਰਦੇਸ਼ ਵਿੱਚ ਕਈ ਵਾਰ ਸਰਕਾਰ ਬਣਾਈ ਅਤੇ ਕਈ ਵਿਅਕਤੀਆਂ ਨੂੰ ਲੋਕ ਸਭਾ, ਰਾਜ ਸਭਾ ਅਤੇ ਵੱਖ ਵੱਖ ਵਿਧਾਨ ਸਭਾਵਾਂ ਵਿੱਚ ਭੇਜਿਆ ਪ੍ਰੰਤੂ ਪਿਛਲੇ ਕਈ ਸਾਲਾਂ ਤੋਂ ਬਹੁਜਨ ਅੰਦੋਲਨ ਵਿੱਚ ਇੱਕ ਤਰਾਂ ਨਾਲ ਖੜੋਤ ਆ ਗਈ ਹੈ। ਮੌਜੂਦਾ ਸਮੇਂ ਦੇਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਚੱਲ ਰਹੀ ਹੈ ਅਤੇ ਦੇਸ ਦੇ ਵੱਖ ਵੱਖ ਸੂਬਿਆਂ ਵਿੱਚ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੀਆਂ ਸਰਕਾਰਾਂ ਕੰਮ ਕਰ ਰਹੀਆਂ ਹਨ। ਇਨ੍ਹਾਂ ਸਰਕਾਰਾਂ ਵਿੱਚ ਵੱਡੀ ਗਿਣਤੀ ਵਿੱਚ ਦਲਿਤ ਆਗੂ ਸਾਮਿਲ ਹਨ ਅਤੇ ਕਈ ਮਹੱਤਵਪੂਰਨ ਅਹੁਦਿਆਂ ਤੇ ਬੈਠੇ ਹੋਏ ਹਨ। ਇਸ ਸਭ ਦੇ ਬਾਬਜੂਦ ਦਲਿਤਾਂ ਤੇ ਹੋ ਰਹੇ ਅੱਤਿਆਚਾਰ ਅਤੇ ਦਲਿਤਾਂ ਲਈ ਬਣੀਆਂ ਭਲਾਈ ਸਕੀਮਾਂ ਵਿੱਚ ਹੋ ਰਹੀ ਘਪਲੇਬਾਜ਼ੀ ਗੰਭੀਰ ਚਿੰਤਾ ਦਾ ਵਿਸਾ ਹੈ। ਵੱਖ ਵੱਖ ਰਾਜਨੀਤਿਕ ਪਾਰਟੀਆਂ ਦਲਿਤ ਵੋਟਰਾਂ ਨੂੰ ਆਕਰਸ਼ਿਤ ਕਰਨ ਲਈ ਕਈ ਘੋਸ਼ਣਾਵਾਂ ਕਰਦੀਆਂ ਹਨ ਪ੍ਰੰਤੂ ਇਨ੍ਹਾਂ ਘੋਸ਼ਣਾਵਾਂ ਦੀ ਕਦੇ ਵੀ ਪੂਰਤੀ ਨਹੀਂ ਹੁੰਦੀ ਹੈ। ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਦਲਿਤ ਭਲਾਈ ਸਕੀਮਾਂ ਲਈ ਰੱਖੇ ਜਾਣ ਵਾਲੇ ਫੰਡ ਸੁੰਗੜਦੇ ਜਾ ਰਹੇ ਹਨ। ਮੌਜੂਦਾ ਸਮੇਂ ਦਲਿਤਾਂ ਦੇ ਨਾਮ ਤੇ ਅਣਗਿਣਤ ਸਮਾਜਿਕ, ਧਾਰਮਿਕ, ਰਾਜਨੀਤਿਕ ਸੰਗਠਨ ਚੱਲ ਰਹੇ ਹਨ ਜੋਕਿ ਦਲਿਤਾਂ ਦੇ ਵਿਕਾਸ ਲਈ ਕੰਮ ਕਰਨ ਦੇ ਦਾਅਵੇ ਕਰਦੇ ਹਨ। ਇਸ ਸਭ ਨੂੰ ਵੇਖਕੇ ਲੱਗਦਾ ਹੈ ਕਿ ਦਲਿਤ ਹੁਣ ਵਿਕਸਿਤ ਹੋ ਚੁੱਕੇ ਹਨ ਅਤੇ ਦਲਿਤਾਂ ਨਾਲ ਹੋਣ ਵਾਲੇ ਅੱਤਿਆਚਾਰ ਇਤਿਹਾਸ ਦੀਆਂ ਘਟਨਾਵਾਂ ਹੀ ਹਨ ਪਰ ਇਹ ਸਭ ਸਚਾਈ ਨਹੀਂ ਹੈ।




ਹਕੀਕਤ ਇਹ ਹੈ ਕਿ ਅੱਜ ਵੀ ਦਲਿਤਾਂ ਨਾਲ ਪੱਖਪਾਤ ਹੋ ਰਿਹਾ ਹੈ ਅਤੇ ਅੱਤਿਆਚਾਰ ਦੀਆਂ ਘਟਨਾਵਾਂ ਲਗਾਤਾਰ ਵੱਧਦੀਆਂ ਜਾ ਰਹੀਆਂ ਹਨ। ਇੱਕ ਪਾਸੇ ਗੈਰ ਦਲਿਤ ਵਰਗ ਦਲਿਤਾਂ ਨੂੰ ਮਿਲੇ ਸੰਵਿਧਾਨਿਕ ਹੱਕਾਂ ਅਤੇ ਸਹੂਲਤਾਂ ਦਾ ਵਿਰੋਧ ਕਰ ਰਿਹਾ ਹੈ ਅਤੇ ਇਨ੍ਹਾਂ ਹੱਕਾਂ ਅਤੇ ਸਹੂਲਤਾਂ ਨੂੰ ਖਤਮ ਕਰਨ ਲਈ ਅੰਦੋਲਨ ਕਰ ਰਿਹਾ ਹੈ ਦੂਜੇ ਪਾਸੇ ਦਲਿਤ ਵਰਗ ਦੇ ਬਹੁਤੇ ਆਗੂ ਅਤੇ ਬੁੱਧੀਜੀਵੀ ਅਪਣੇ ਨਿੱਜੀ ਮਤਲਬਾਂ ਲਈ ਸਮਾਜ ਨੂੰ ਦਿਸ਼ਾਹੀਣ ਕਰ ਰਹੇ ਹਨ। ਅਜਾਦੀ ਤੋਂ ਬਾਦ ਪਿਛਲੇ ਕੁੱਝ ਸਾਲਾਂ ਦੌਰਾਨ ਹੀ ਦੇਸ਼ ਦੇ ਦਲਿਤਾਂ ਵਲੋਂ ਅੱਤਿਆਚਾਰਾਂ ਦੀਆਂ ਵਾਪਰੀਆਂ ਕੁੱਝ ਵੱਡੀਆਂ ਘਟਨਾਵਾਂ ਨੂੰ ਲੈਕੇ ਰੋਸ ਪ੍ਰਦਰਸ਼ਨ ਕੀਤੇ ਗਏ ਹਨ ਜਿਨ੍ਹਾਂ ਵਿੱਚ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਅੱਤਿਆਚਾਰ ਨਿਰੋਧਕ ਐਕਟ 1989 ਵਿੱਚ ਸੋਧ ਸਬੰਧੀ ਆਏ ਇੱਕ ਫੈਸਲੇ ਦੇ ਵਿਰੋਧ ਵਿੱਚ ਹੋਇਆ 02 ਅਪ੍ਰੈਲ 2018 ਦਾ ਭਾਰਤ ਬੰਦ, ਦਿੱਲੀ ਵਿੱਚ ਤੁਗਲਕਾਬਾਦ ਸਥਿਤ ਸ਼੍ਰੀ ਗੁਰੂ ਰਵਿਦਾਸ ਮੰਦਿਰ ਢਾਹੁਣ ਦੇ ਵਿਰੋਧ ਵਿੱਚ ਹੋਇਆ ਰੋਸ ਪ੍ਰਦਰਸ਼ਨ, ਰੋਹਿਤ ਵੇਮੁਲਾ ਹੱਤਿਆਕਾਂਡ, ਉਨਾ ਕਾਂਡ, ਮਿਰਚਾਪੁਰ ਘਟਨਾ, ਪੰਜਾਬ ਦੇ ਮੋਗਾ ਸੰਗਰੂਰ ਅਬੋਹਰ ਕਾਂਡ, ਬਦਾਂਉ ਅਤੇ ਹਾਥਰਸ ਵਰਗੀਆਂ ਘਟਨਾਵਾਂ ਸਬੰਧੀ ਰੋਸ ਪ੍ਰਦਰਸ਼ਨ ਆਦਿ ਸ਼ਾਮਿਲ ਹਨ। ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਦਲਿਤਾਂ ਤੇ ਵੱਧ ਰਹੀਆਂ ਅੱਤਿਆਚਾਰ ਦੀਆਂ ਘਟਨਾਵਾਂ ਸਾਡੇ ਸਮਾਜ ਦੇ ਦਲਿਤ ਆਗੂਆਂ ਅਤੇ ਬੁੱਧੀਜਿਵੀਆਂ ਦੀ ਕਾਰਗੁਜਾਰੀ ਅਤੇ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾ ਰਹੀਆਂ ਹਨ। ਅਜਿਹੀਆਂ ਗੈਰ ਮਨੁੱਖੀ ਅੱਤਿਆਚਾਰ ਦੀਆਂ ਘਟਨਾਵਾਂ ਲਈ ਜਿੱਥੇ ਵੱਖ ਵੱਖ ਸਰਕਾਰਾਂ ਜਿੰਮੇਵਾਰ ਹਨ ਉੱਥੇ ਹੀ ਦਲਿਤ ਸਮਾਜ ਦੇ ਬੁੱਧੀਜਿਵੀ ਵਰਗ ਅਤੇ ਅਖੌਤੀ ਆਗੂ ਵੱਧ ਜਿੰਮੇਵਾਰ ਹਨ। ਇਹ ਵੀ ਕੌੜਾ ਸੱਚ ਹੈ ਕਿ ਸਮਾਜ ਨੂੰ ਵਰਗਲਾਉਣ ਵਾਲੇ ਅਜਿਹੇ ਬੁੱਧੀਜਿਵੀਆਂ ਅਤੇ ਆਗੂਆਂ ਬਾਰੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਨੇ ਸਾਫ ਕਿਹਾ ਸੀ ਕਿ ਉਸਨੂੰ ਪੜ੍ਹੇ ਲਿਖੇ ਸਮਾਜ ਨੇ ਧੋਖਾ ਦਿਤਾ ਹੈ। ਬਸਪਾ ਆਗੂ ਸਾਹਿਬ ਕਾਂਸ਼ੀ ਰਾਮ ਨੇ ਵੀ ਅਜਿਹੇ ਲੋਕਾਂ ਨੂੰ ਚਮਚਿਆਂ ਦੀ ਉਪਾਧੀ ਦਿਤੀ ਸੀ।

ਬਹੁਤੇ ਸਮਾਜਿਕ, ਧਾਰਮਿਕ, ਰਾਜਨੀਤਿਕ ਸੰਗਠਨ ਅਤੇ ਅਖੌਤੀ ਬੁੱਧੀਜਿਵੀ ਦਲਿਤ ਮੁੱਦਿਆਂ ਤੇ ਪਹਿਰਾ ਦੇਣ ਦੀ ਬਜਾਏ ਅਪਣੇ ਨਿੱਜੀ ਲਾਭ ਲਈ ਦਲਿਤਾਂ ਦੇ ਹੱਕ ਵਿਰੋਧੀ ਲੋਕਾਂ ਕੋਲ ਗਿਰਵੀ ਰੱਖ ਰਹੇ ਹਨ। ਅੱਜ ਜਿੱਥੇ ਇੱਕ ਪਾਸੇ ਦਲਿਤਾਂ ਨੂੰ ਦਲਿਤ ਵਿਰੋਧੀ ਮਾਨਸਿਕਤਾ ਵਾਲੇ ਲੋਕਾਂ ਤੋਂ ਬਚਣ ਦੀ ਜਰੂਰਤ ਹੈ ਉੱਥੇ ਹੀ ਦੂਜੇ ਪਾਸੇ ਦਲਿਤ ਸਮਾਜ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂਆਂ ਅਤੇ ਬੁੱਧੀਜੀਵੀਆਂ ਤੋਂ ਵੀ ਸਚੇਤ ਰਹਿਣ ਦੀ ਜਰੂਰਤ ਹੈ ਜੋਕਿ ਸਮਾਜ ਦੇ ਹੱਕਾਂ ਤੇ ਪਹਿਰਾ ਦੇਣ ਦੀ ਬਜਾਏ ਅਪਣੇ ਨਿੱਜੀ ਫਾਇਦੇ ਲਈ ਸਮਾਜ ਨੂੰ ਵਿਕਾਊ ਬਣਾ ਰਹੇ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਸੈਕਰਾਮੈਂਟੋ, ਕੈਲੀਫੋਰਨੀਆ ਵਿਚ ਸਜਾਏ ਗਏ ਨਗਰ ਕੀਰਤਨ 'ਚ ਹਜਾਰਾਂ ਸੰਗਤਾਂ ਦਾ ਇਕੱਠ

## ਸ਼ਰਾਰਤੀ ਅਨਸਰ ਵਲੋਂ ਪਾਇਆ ਗਿਆ ਖਲਲ














**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਿੱਖ ਸੋਸਾਇਟੀ ਵਲੋਂ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵਿਖੇ ਅੱਜ ਇਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਜਿਸ ਵਿਚ ਇਲਾਕੇ ਦੀਆਂ ਹਜ਼ਾਰਾਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਗੁਰਦੁਆਰਾ ਸਾਹਿਬ ਵਿਚ ਕਰੀਬ ਦੋ ਹਫਤਿਆਂ ਤੋਂ ਪੰਜਾਬ 'ਚੋਂ ਐਏ ਅਲੱਗ ਅਲੱਗ ਕੀਰਤਨ ਤੇ ਕਥਾਵਾਚਕ ਜੱਥਿਆ ਨੇ ਜਿਨ੍ਹਾਂ ਵਿਚ ਭਾਈ ਪਿੰਦਰਪਾਲ ਸਿੰਘ (ਕਥਾਵਾਚਕ), ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਭਾਈ ਸਰਬਜੀਤ ਸਿੰਘ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਤਵਿੰਦਰ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪ੍ਰੀਤ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਵਿੰਦਰ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਡਾ। ਗਗਨਦੀਪ ਸਿੰਘ ਹੋਰਾਂ ਨੇ ਪਹੁੰਚ ਕੇ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ।

ਇਸ ਦੌਰਾਨ ਸ਼ੁੱਕਰਵਾਰ ਨੂੰ ਨਗਰ ਕੀਰਤਨ ਤੋਂ ਪਹਿਲਾਂ ਭਾਰੀ ਅਸ਼ਤਵਜ਼ੀ ਹੋਈ ਅਤੇ ਨਿਸ਼ਾਨ ਸਾਹਿਬ ਦੇ ਝੋਲਾ ਸਾਹਿਬ ਬਦਲੇ ਗਏ ਅਤੇ ਸ਼ਾਮਾਂ ਦੇ ਕੀਰਤਨ ਦਰਬਾਰ ਹੋਏ। ਸ਼ਨੀਵਾਰ ਨੂੰ ਸਵੇਰੇ ਅੰਮ੍ਰਿਤ ਸੰਚਾਰ ਕੀਤਾ ਗਿਆ, ਜਿਸ ਵਿਚ ਸੈਂਕੜੇ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਸ਼ਾਮਾਂ ਦੇ ਦੀਵਾਨ ਵਿਚ ਵੱਖ-ਵੱਖ ਸਿੱਖ ਆਗੂਆਂ ਨੇ ਆਪਣੀਆਂ ਤਕਰੀਰਾਂ ਰਾਹੀਂ ਪੰਜਾਬ ਦੀ ਮੌਜੂਦਾ ਸਥਿਤੀ ਪ੍ਰਤੀ ਚਿੰਤਾ ਜ਼ਾਹਰ ਕੀਤੀ ਤੇ ਇਸ ਸਥਿਤੀ ਲਈ ਸਥਾਨਕ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਇਹ ਅਪੀਲਾਂ ਵੀ ਕੀਤੀਆਂ ਕਿ ਸਿੱਖ ਨੌਜਵਾਨਾਂ ਦੀ ਫੜਾ ਫੜਾਈ ਬੰਦ ਹੋਵੇ ਅਤੇ ਫੜੇ ਗਏ ਨੌਜਵਾਨਾਂ ਨੂੰ ਸਰਕਾਰ ਰਿਹਾ ਕਰੇ। ਕੁੱਝ ਬੁਲਾਰਿਆਂ ਨੇ ਭਾਈ ਅੰਮ੍ਰਿਤਪਾਲ ਸਿੰਘ ਬਾਰੇ ਜਿਕਰ ਕਰਦਿਆਂ ਕਿਹਾ ਕਿ ਭਾਈ ਅਮ੍ਰਿੰਤਪਾਲ ਸਿੰਘ ਬਾਰੇ ਪੰਜਾਬ ਤੇ ਕੇਂਦਰ ਸਰਕਾਰ ਡਰਾਮਾ ਕਰ ਰਹੀ ਹੈ ਅਸਲ ਵਿਚ ਭਾਈ ਅਮ੍ਰਿੰਤਪਾਲ ਸਿੰਘ ਪੁਲਿਸ ਹਿਰਾਸਤ ਵਿਚ ਹੈ। ਉਹਨਾਂ ਨੇ ਭਗਵੰਤ ਮਾਨ ਸਰਕਾਰ ਨੂੰ ਤਾੜਨਾ ਕੀਤੀ ਕਿ ਜੇਕਰ ਭਾਈ ਅੰਮ੍ਰਿਤਪਾਲ ਸਿੰਘ ਤੇ ਹਿਰਾਸਤ ਵਿੱਚ ਲਏ ਸਿੱਖ ਨੌਜਵਾਨਾਂ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਸਰਕਾਰਾਂ ਨੂੰ ਸਿੱਟੇ ਭੁਗਤਨੇ ਪੈਣਗੇ। ਸਾਰੇ ਬੁਲਾਰਿਆਂ ਨੇ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਦੇ ਪ੍ਰਬੰਧਕਾਂ ਨੂੰ ਇਸ ਪਹਿਲੇ ਨਗਰ ਕੀਰਤਨ ਆਯੋਜਨ ਕਰਨ ਤੇ ਵਧਾਈਆਂ ਵੀ ਪੇਸ਼ ਕੀਤੀਆਂ। ਇਨ੍ਹਾਂ ਬੁਲਾਰਿਆਂ ਵਿਚ ਅਮਰੀਕਨ ਅਧਿਕਾਰੀਆਂ ਤੋਂ ਇਲਾਵਾ ਸਿੱਖ ਆਗੂਆਂ ਵਿਚੋਂ ਮੁੱਖ ਤੌਰ ਤੇ ਅਮਰੀਕਨ ਗੁਰੂਦਵਾਰਾ ਪ੍ਰਬੰਧਕ ਕਮੇਟੀ ਦੇ ਕੋਡੀਨੇਟਰ ਡਾ।ਪ੍ਰਿਤਪਾਲ ਸਿੰਘ ਅਤੇ ਪ੍ਰਧਾਨ ਭਾਈ ਸੰਤ ਸਿੰਘ ਹੋਠੀ , ਅਜੂਬਾ ਸਿਟੀ ਤੋਂ ਗੁਰਨਾਮ ਸਿੰਘ ਪੰਮਾ ਅਤੇ ਮੁਖਤਿਆਰ ਚੀਮਾ, ਤੋਂ ਇਲਾਵਾ ਯੁਨਾਇਟਡ ਨੇਸ਼ਨ ਵਿਚ ਸਿੱਖਾਂ ਬਾਰੇ ਗੱਲ ਰੱਖਣ ਵਾਲੇ ਹੋਰ ਕਈ ਸਿੱਖ ਆਗੂਆਂ ਨੇ ਆਪੋ ਆਪਣੇ ਵਿਚਾਰ ਰੱਖੇ।

ਨਗਰ ਕੀਰਤਨ ਵਾਲੇ ਦਿਨ ਰਾਗੀ ਤੇ ਕਥਾਕਾਰਾਂ ਵਲੋਂ ਮਨੋਹਰ ਕੀਰਤਨ ਕੀਤਾ ਗਿਆ । ਇਸ ਦੌਰਾਨ ਭਾਰੀ ਸੰਗਤਾਂ ਨੇ ਸਵੇਰ ਦੇ ਦੀਵਾਨ ਵਿਚ ਹਾਜ਼ਰੀ ਲਗਾਈ।ਇਸ ਤੋਂ ਬਾਅਦ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਦੇਹ ਨੂੰ ਸੁੰਦਰ ਫਲੋਟ ਵਿਚ ਸਜਾਇਆ ਗਿਆ। ਨਗਰ ਕੀਰਤਨ ਵਿਚ ਕਰੀਬ 12 ਹਜ਼ਾਰ ਤੋਂ ਉਪਰ ਸੰਗਤਾਂ ਨੇ ਸ਼ਮੂਲੀਅਤ ਕੀਤੀ ਤੇ ਵੱਖ ਵੱਖ ਹੋਰ ਫਲੋਟ ਵੀ ਨਗਰ ਕੀਰਤਨ ਵਿਚ ਸ਼ਾਮਿਲ ਹੋਏ। ਇਸ ਮੌਕੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਪੁਲਿਸ ਸਿਕਿਊਰਟੀ ਅਤੇ ਪ੍ਰਾਈਵੇਟ ਸਿਕਿਊਰਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ। ਨਗਰ ਕੀਰਤਨ ਦੌਰਾਨ ਸ਼ਰਾਰਤੀ ਅਨਸਰ ਵਲੋਂ ਖਲਲ: ਭਾਵੇਂ ਗੁਰੂਦਵਾਰਾ ਪ੍ਰਬੰਧਕਾਂ ਵੱਲੋਂ ਸਿਕਿਉਰਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ ਪਰ ਫੇਰ ਵੀ ਬਾਹਰੋਂ ਆਏ ਸ਼ਰਾਰਤੀ ਅਨਸਰਾਂ ਵਲੋਂ ਪੁਰ ਸਕੂਨ ਚਲ ਰਹੇ ਧਾਰਮਿਕ ਸਮਾਗਮ ਵਿੱਚ ਖਲਲ ਪਾਇਆ ਗਿਆ। ਇਹ ਮੰਦਭਾਗਾ ਹੈ ਕਿ ਕੁਝ ਕੁ ਗੁੰਮਰਾਹ ਲੋਕਾਂ ਨੇ ਧਾਰਮਿਕ ਸਮਾਗਮ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਸੀ। ਮਿਲੀ ਜਾਣਕਾਰੀ ਅਨੁਸਾਰ ਇਹ ਝਗੜਾ ਬਾਹਰੋਂ ਆਏ ਦੋ ਧੜਿਆ ਵਿਚਕਾਰ ਹੋਇਆ ਤੇ ਇਸ ਦੌਰਾਨ ਗੋ.ਲੀ ਚੱਲਣ ਨਾਲ ਦੋ ਵਿਅਕਤੀ ਜ਼ਖਮੀ ਹੋਏ। ਪਤਾ ਲੱਗਾ ਹੈ ਕਿ ਇਹ ਗੋਲਾਬਾਰੀ ਵਿਚ ਇੰਦਰਰਾਜ ਸਿੰਘ ਉਰਫ਼ ਫ਼ੌਜੀ ਤੇ ਤਨਵੀਰ ਸਿੰਘ ਉਰਫ਼ ਤਰਨੀ ਜ਼ਖਮੀ ਹੋ ਗਏ। ਇਸ ਮੌਕੇ ਇੰਦਰਰਾਜ ਸਿੰਘ ਫ਼ੌਜੀ ਦੇ ਗਲੇ ਵਿਚ ਗੋਲੀ ਲੱਗੀ ਜਦੋ ਕੇ ਤਨਵੀਰ ਸਿੰਘ ਤਰਨੀ ਦੇ ਲੱਕ ਵਿਚ ਗੋਲੀ ਵੱਜੀ ਦਸੀ ਜਾਂਦੀ ਹੈ। ਇਥੇ ਇਹ ਵੀ ਵਰਣਨ ਯੋਗ ਹੈ ਕਿ ਇਨ੍ਹਾਂ ਧੜਿਆਂ ਨੇ ਸਟਾਕਟਨ ਗੁਰਦੁਆਰੇ ਦੇ ਸਮਾਗਮ ਦੋਰਾਨ ਵੀ ਗੋਲਾਬਾਰੀ ਕੀਤੀ ਸੀ। ਗੰਭੀਰ ਜ਼ਖਮੀ ਹੋਇਆ ਇੰਦਰਾਜ ਫੌਜੀ ਕੋਲੋ ਪਹਿਲਾ ਵੀ ਅਸਲਾ ਬਰਾਮਬਦ ਹੋ ਚੁੱਕਾ ਹੈ ਤੇ ਉਸਦੇ ਪਹਿਲਾਂ ਹੀ ਲੱਤ ਵਿਚ ਕੜਾ ਪਾਇਆ ਹੋਇਆ ਸੀ ਭਾਵ ਉਹ ਪਹਿਲਾਂ ਹੀ ਆਪਣਾ ਏਰੀਆਂ ਛੱਡ ਕੇ ਦੂਜੀ ਜਗ੍ਹਾ ਨਹੀਂ ਜਾ ਸਕਦਾ ਸੀ ਪਰ ਪਤਾ ਲੱਗਾ ਉਹ ਝਗੜੇ ਤੋਂ ਸਿਰਫ 10 ਮਿੰਟ ਪਹਿਲਾ ਹੀ ਗੁਰੂਦਵਾਰਾ ਸਾਹਿਬ ਵਿਚ ਆਇਆ ਸੀ। ਜਣਕਾਰੀ ਅਨੁਸਾਰ ਦੋਨੋਂ ਧਿਰਾਂ ਦੇ ਆਪਸ ਵਿਚ ਵਹਿਸ ਹੋਈ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਆਪਣੀਆਂ ਗੱਡੀਆਂ ਵਿਚੋਂ ਗੰਨਾਂ ਲਿਆਦੀਆਂ। ਮਿਲੇ ਸਬੂਤਾਂ ਤੋਂ ਇਸ ਮੌਕੇ ਚਾਰ ਗੋਲੀਆਂ ਦੇ ਖੋਲ ਮਿਲੇ ਜੋ ਫ਼ਰ-ਜੀਵਲ (fmj) ਦੇ ਫਾਇਅਰ ਸਨ।

ਇਹ ਵੀ ਜਣਕਾਰੀ ਮਿਲੀ ਹੈ ਜਿਨ੍ਹਾਂ ਨੇ ਓਥੇ ਗੋਲਾਬਾਰੀ ਕੀਤੀ ਓਹਨਾ ਵਿਚੋਂ ਦੋ ਤੋਂ ਵੱਧ ਮੁਜ਼ਰਮ ਫਰਾਰ ਹਨ ਭਾਵੇਂ ਕਿ ਪੁਲਿਸ ਨੇ ਸ਼ੱਕੀ ਮੁੰਡੀਆਂ ਨੂੰ ਫੜ ਲਿਆ ਸੀ।ਉਹਨਾਂ ਵਿਚੋਂ ਇਕ ਲੜਕਾ (ਨਾਮ ਨਸ਼ਰ ਨਹੀਂ ਕਰ ਰਹੇ ਨਾਮ ਗੁਪਤ ਹੈ) ਜੋ ਮਹਿਜ਼ 15 ਸਾਲ ਦਾ ਹੈ ਫੜਿਆ ਗਿਆ। ਉਸ ਤੋਂ ਇਲਾਵਾ ਚਾਰ ਹੋਰ ਲੜਕਿਆਂ ਨੂੰ ਫੜਿਆ ਤੇ ਤਫ਼ਤੀਸ਼ ਕਰਨ ਤੋਂ ਬਾਅਦ ਛੱਡ ਦਿੱਤਾ। ਘਟਨਾ ਵਾਲੀ ਥਾਂ ਉਤੇ ਕਾਫ਼ੀ ਖ਼ੂਨ ਡੁਲਿਆ ਹੁਇਆ ਸੀ ਅਤੇ ਬਹੁਤ ਸਾਰਾ ਸਮਾਨ ਤੇ ਜੁੱਤੀਆਂ ਖਿੱਲਰੀਆਂ ਪਈਆਂ ਸਨ।


ਜੋ ਕਿ ਪੁਲਿਸ ਤਫਤੀਸ਼ ਤੋਂ ਬਾਅਦ ਪ੍ਰਬੰਧਕਾਂ ਵਲੋਂ ਸਾਫ਼ ਕੀਤਾ ਗਿਆ। ਇਸ ਘਟਨਾ ਦੀ ਸੋਸ਼ਲ ਮੀਡੀਆ ਉਤੇ ਵਿਸ਼ਵ ਵਿਆਪੀ ਨਿੰਦਾ ਕੀਤੀ ਗਈ ਹੈ ਕਿਉਂਕਿ ਕੁਝ ਕੁ ਸ਼ਰਾਰਤੀ ਅਨਸਰਾਂ ਵਲੋਂ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇ ਕੇ ਪੂਰੇ ਸਿੱਖ ਭਾਈਚਾਰੇ ਨੂੰ ਬਦਨਾਮ ਕਰਦੇ ਹਨ। ਸਥਾਨਕ ਅੰਗਰੇਜ਼ੀ ਮੀਡੀਆ ਨੇ ਵੀ ਇਸ ਘਟਨਾ ਨੂੰ ਨਗਰ ਕੀਰਤਨ ਤੋਂ ਅਲੱਗ ਦਸਿਆ। ਇਸ ਘਟਨਾ ਤੋਂ ਬਾਅਦ ਪੁਲਿਸ ਵਲੋਂ ਗੁਰਦਵਾਰਾ ਸਾਹਿਬ ਦੀ ਹਦੂਦ ਨੂੰ ਕੁਝ ਘੰਟਿਆਂ ਲਈ ਬੰਦ ਕਰ ਦਿੱਤਾ ਗਿਆ ਤੇ ਪੁਲੀਸ ਵੱਲੋਂ ਸੰਗਤ ਨੂੰ ਹੈਲੀਕਾਪਟਰ ਤੋਂ ਅਨਾਊਂਸ ਕਰ ਕੇ ਘਰੇ ਜਾਣ ਲਈ ਕਿਹਾ ਪਰ ਕੁਝ ਸਮੇਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਦੇਹ ਨੂੰ ਮੁੜ ਗੁਰੂ ਘਰ ਲਿਆਉਣ ਦੀ ਇਜਾਜ਼ਤ ਦੇ ਦਿੱਤੀ ਗਈ । ਬਿਨਾਂ ਸ਼ੱਕ ਇਸ ਘਟਨਾ ਤੋਂ ਬਾਅਦ ਸਾਰੀ ਸੰਗਤ ਅਤੇ ਪ੍ਰਬੰਧਕਾਂ ਦੀਆਂ ਅੱਖਾਂ ਵਿੱਚੋਂ ਹੰਝੂ ਵਗਦੇ ਦੇਖੇ ਗਏ ਜਿਨ੍ਹਾਂ ਨੇ ਹਰ ਦੇਖਣ ਵਾਲੇ ਦੇ ਸੀਨੇ ਨੂੰ ਪਸੀਜ਼ ਕੇ ਰੱਖ ਦਿੱਤਾ।

# ਲਾਸ ਏਂਜਲਸ ਵਿਚ ਸਕੂਲਾਂ ਦੇ ਸਟਾਫ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਤਿੰਨ ਦਿਨਾ ਹੜਤਾਲ

**ਸੈਕਰਾਮੈਂਟੋ, ਕੈਲੀਫੋਰਨੀਆ)–** ਸਰਵਿਸ ਇੰਪਲਾਈਜ ਇੰਟਰਨੈਸ਼ਨਲ ਯੂਨੀਅਨ ਜੋ ਲਾਸ ਏਂਜਲਸ ਦੇ ਸਕੂਲ ਕਸਟੋਡੀਅਨਾਂ, ਕੈਫਟੀਰੀਆ ਵਰਕਰਾਂ, ਬੱਸ ਡਰਾਇਵਰਾਂ ਤੇ ਹੋਰ ਸਹਾਇਕ ਸਟਾਫ਼ ਦੀ ਪ੍ਰਤੀਨਿੱਧਤਾ ਕਰਦੀ ਹੈ, ਵੱਲੋਂ ਡਿਸਟ੍ਰਿਕਟ ਟੀਚਰਾਂ ਦੇ ਸਮਰਥਨ ਨਾਲ ਤਿੰਨਾ ਦਿਨਾ ਹੜਤਾਲ ਸ਼ੁਰੂ ਕਰਨ ਤੇ ਰੈਲੀ ਕੱਢਣ ਦੀ ਰਿਪੋਰਟ ਹੈ। ਇਸ ਹੜਤਾਲ ਕਾਰਨ 5 ਲੱਖ ਤੋਂ ਵਧ ਵਿਦਿਆਰਥੀ ਪ੍ਰਭਾਵਿਤ ਹੋਏ ਹਨ। ਲਾਸ ਏਂਜਲਸ ਵਿਚ ਅਮਰੀਕਾ ਦਾ ਦੂਸਰਾ ਸਭ ਤੋਂ ਵੱਡਾ ਸਕੂਲ ਸਿਸਟਮ ਹੈ। ਯੂਨੀਅਨ ਦੇ ਮੈਂਬਰਾਂ ਨੇ ਠੰਡ ਤੇ ਬਾਰਿਸ਼ ਦੀ ਪਰਵਾਹ ਕੀਤੇ ਬਗੈਰ ਰੈਲੀ ਕੱਢੀ। ਪ੍ਰਦਰਸ਼ਕਾਰੀਆਂ ਨੇ ਵੱਖ ਵੱਖ ਤਰਾਂ ਦੇ ਮਾਟੋ ਚੁੱਕੇ ਹੋਏ ਸਨ ਜਿਨਾਂ ਵਿਚ ਮਜ਼ਦੂਰੀ ਵਧਾਉਣ ਸਮੇਤ ਆਪਣੀਆਂ ਹੋਰ ਮੰਗਾਂ ਦਾ ਜ਼ਿਕਰ ਕੀਤਾ ਗਿਆ ਸੀ। ਯੂਨੀਅਨ ਦੀਆਂ ਮੰਗਾਂ ਵਿਚ ਮਜ਼ਦੂਰੀ ਵਧਾਉਣਾ, ਪੂਰਾ ਸਮਾਂ ਕੰਮ ਦੇਣਾ, ਮਾਨ ਸਨਮਾਨ ਦੇਣਾ ਤੇ ਵਿਦਿਆਰਥੀਆਂ ਦੀ ਪੜਾਈ ਵਿਚ ਸੁਧਾਰ ਲਈ ਸਟਾਫ਼ ਵਧਾਉਣਾ ਸ਼ਾਮਿਲ ਹਨ। ਯੁਨਅਨ ਨੇ ਕਿਹਾ ਹੈ ਕਿ ਵਰਕਰਾਂ ਦੀ ਔਸਤ ਤਨਖਾਹ 25000 ਡਾਲਰ ਸਲਾਨਾ ਹੈ ਤੇ ਜਿਆਦਾਤਰ ਵਰਕਰ ਪਾਰਟ ਟਾਈਮ ਕੰਮ ਕਰਦੇ ਹਨ ਜਿਸ ਕਾਰਨ ਸਟਾਫ਼ ਦੀ ਘਾਟ ਰਹਿੰਦੀ ਹੈ। ਪ੍ਰਦਰਸ਼ਨ ਵਿਚ ਸ਼ਾਮਿਲ ਕਸਟੋਡੀਅਨ ਜੋਸ ਟੋਵਰ ਨੇ ਕਿਹਾ ਕਿ ਉਹ ਗਰੀਬੀ ਦੀ ਰੇਖਾ ਦੇ ਹੇਠਾਂ ਜੀਵਨ ਜੀ ਰਹੇ ਹਨ, ਅਸੀਂ ਹੋਰ ਕੁਝ ਨਹੀਂ ਚਹੁੰਦੇ ਕੇਵਲ ਪਾਣੀ ਤੋਂ ਉਪਰ ਜੀਣਾ ਚਹੁੰਦੇ ਹਾਂ। ਵਿਦਿਆਰਥੀਆਂ ਦੇ ਮਾਪਿਆਂ ਨੇ ਹਾਲਾਂ ਕਿ ਪੜਾਈ ਦੇ ਹੋ ਰਹੇ ਨੁਕਸਾਨ 'ਤੇ ਨਾ ਖੁਸ਼ੀ ਜਾਹਿਰ ਕੀਤੀ ਹੈ ਪਰੰਤੂ ਸਕੂਲ ਸਟਾਫ਼ ਦੀਆਂ ਮੰਗਾਂ ਦਾ ਸਮਰਥਨ ਕੀਤਾ ਹੈ। ਕੁਝ ਮਾਪੇ ਵੀ ਪ੍ਰਦਰਸ਼ਨ ਵਿਚ ਸ਼ਾਮਿਲ ਹੋਏ।




# ਭਾਰਤੀ ਅਮਰੀਕੀ ਨੀਲ ਮਾਖੀਜਾ ਵੱਲੋਂ ਪੈਨਸਿਲਵਾਨੀਆ ਵਿੱਚ ਕਮਿਸ਼ਨਰ ਦੀ ਚੋਣ ਲੜਣ ਦਾ ਐਲਾਨ



**ਸੈਕਰਾਮੈਂਟੋ, ਕੈਲੀਫੋਰਨੀਆ)–** ਭਾਰਤੀ ਮੂਲ ਦੇ ਅਮਰੀਕੀ ਵਕੀਲ ਤੇ ਸਿੱਖਿਆ ਸ਼ਾਸ਼ਤਰੀ ਨੀਲ ਮਾਖੀਜਾ ਨੇ ਪੈਨਸਿਲਵਾਨੀਆ ਰਾਜ ਦੀ ਤੀਸਰੀ ਸਭ ਤੋਂ ਵੱਡੀ ਕਾਊਂਟੀ ਮੌਂਟਗੋਮਰੀ ਦੇ ਕਮਿਸ਼ਨਰ ਦੀ 16 ਮਈ ਨੂੰ ਹੋ ਰਹੀ ਮੁੱਢਲੀ ਚੋਣ ਲੜਨ ਦਾ ਐਲਾਨ ਕੀਤਾ ਹੈ। ਮੌਂਟਗੋਮਰੀ ਕਾਊਂਟੀ ਦੀ 8,65,000 ਆਬਾਦੀ ਹੈ। 36 ਸਾਲਾ ਮੁਖਰਜੀ ਯਨੀਵਰਸਿਟੀ ਆਫ ਪੈਨਸਿਲਵਾ-ਨੀਆ ਵਿਖੇ ਲਾਅ ਪ੍ਰੋਫੈਸਰ ਹਨ। ਜੇਕਰ ਉਹ ਚੋਣ ਜਿੱਤ ਜਾਂਦੇ ਹਨ ਤਾਂ ਉਹ ਮੌਂਟਗੋਮਰੀ ਕਾਊਂਟੀ ਵਿਚ ਇਸ ਅਹੁੱਦੇ ਉਪਰ ਪੁੱਜਣ ਵਾਲੇ ਪਹਿਲੇ ਦੱਖਣੀ ਏਸ਼ਆਈ ਹੋਣਗੇ। ਮਾਖੀਜਾ ਜੋ ਭਾਰਤ ਦੇ ਸਿੰਧੀ ਪਰਿਵਾਰ ਨਾਲ ਸਬੰਧਿਤ ਹਨ, ਨੇ ਹਾਲ ਹੀ ਵਿਚ ਚੋਣ ਲੜਣ ਲਈ ਇੰਪੈਕਟ ਜੋ ਪ੍ਰਮੁੱਖ ਸਾਊਥ ਏਸ਼ੀਅਨ ਸਿਵਲ ਆਰਗੇਨਾਈਜੇਸ਼ਨ ਹੈ, ਦੇ ਕਾਰਜਕਾਰੀ ਡਾਇਰੈਕਟਰ ਦੇ ਅਹੁੱਦੇ ਤੋਂ ਫਾਰਗ ਹੋਣ ਦਾ ਐਲਾਨ ਕੀਤਾ ਹੈ।

# ਅਮਰੀਕਾ ਵਿਚ ਦੂਸ਼ਿਤ ਮੀਟ ਖਾਣ ਨਾਲ ਵਧ ਰਹੀ ਹੈ ਯੂਰਿਨਰੀ ਇਨਫੈਕਸ਼ਨ



**ਵਾਸ਼ਿੰਗਟਨ**–ਅਮਰੀਕਾ ਵਿੱਚ, 25 ਵਿੱਚੋਂ 10 ਔਰਤਾਂ ਅਤੇ 3 ਪੁਰਸ਼ ਪਿਸ਼ਾਬ ਨਾਲੀ ਦੀ ਲਾਗ ਤੋਂ ਕਿਸੇ ਨਾ ਕਿਸੇ ਰੂਪ ਤੋਂ ਪੀੜਤ ਹਨ। ਯੂਰੋਲੋਜੀ ਕੇਅਰ ਫਾਊਂਡੇਸ਼ਨ ਦੀ ਇੱਕ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਹਰ ਸਾਲ ਅਮਰੀਕਾ ਵਿੱਚ 5 ਲੱਖ ਤੋਂ ਵੱਧ ਯੂਰੀਨਰੀ ਟ੍ਰੈਕਟ ਇਨਫੈਕਸ਼ਨ (ਯੂਟੀਆਈ) ਲਈ ਦੂਸ਼ਿਤ ਮੀਟ ਜ਼ਿੰਮੇਵਾਰ ਹੈ।

ਦਰਅਸਲ, ਯੂਟੀਆਈ ਐਸਚੇਰੀਚੀਆ ਕੋਲੀ ਨਾਮਕ ਬੈਕਟੀਰੀਆ ਦੇ ਕਾਰਨ ਵੀ ਹੋ ਸਕਦਾ ਹੈ। ਇਹ ਬੈਕਟੀਰੀਆ ਗੈਸਟਰੋਇੰਟੇਸਟਾਈਨਲ ਟ੍ਰੈਕਟ ਵਿੱਚ ਪਾਇਆ ਜਾਂਦਾ ਹੈ। ਵਾਸ਼ਿੰਗਟਨ ਯੂਨੀਵਰਸਿਟੀ, ਮਿਸ਼ੀਗਨ ਯੂਨੀਵਰਸਿਟੀ ਅਤੇ ਉੱਤਰੀ ਅਰੀਜ਼ੋਨਾ ਯੂਨੀ-ਵਰਸਿਟੀ ਨੇ ਇੱਕ ਸਾਲ ਦੀ ਮਿਆਦ ਵਿੱਚ ਫਲੈਗਸਟਾਫ ਅਤੇ ਐਰੀਜ਼ੋਨਾ ਦੇ ਨੌਂ ਪ੍ਰਮੁੱਖ ਸਟੋਰਾਂ ਤੋਂ 1,923 ਕੱਚੇ ਚਿਕਨ, ਸੂਰ ਅਤੇ ਟਰਕੀ ਦੇ ਨਮੂਨਿਆਂ ਦਾ ਵਿਸ਼-ਲੇਸ਼ਣ ਕਰਕੇ ਇਸ ਨਤੀਜੇ ਉਪਰ ਪਹੁੰਚੇ ਹਨ। ਇਨ੍ਹਾਂ ਨਮੂਨਿਆਂ ਨੂੰ ਇਕੱਠਾ ਕਰਨ ਤੋਂ ਬਾਅਦ, ਇਨ੍ਹਾਂ ਖੋਜਕਰਤਾਵਾਂ ਨੇ ਫਲੈਗਸਟਾਫ ਮੈਡੀਕਲ ਸੈਂਟਰ ਤੋਂ 1,188 ਪਿਸ਼ਾਬ ਅਤੇ ਖੂਨ ਦੇ ਨਮੂਨਿਆਂ ਦੀ ਜਾਂਚ ਕੀਤੀ। ਜੈਨੇਟਿਕ ਟੈਸਟਿੰਗ ਤੋਂ ਬਾਅਦ, ਇਹ ਪਾਇਆ ਗਿਆ ਕਿ ਲਗਭਗ 8% ਯੂਟੀ-ਆਈ ਕੇਸ ਅਜਿਹੇ ਦੂਸ਼ਿਤ ਮੀਟ ਦੇ ਸੇਵਨ ਨਾਲ ਆਏ ਹਨ। ਸੰਯੁਕਤ ਰਾਜ ਅਮਰੀਕਾ ਵਿੱਚ 60 ਤੋਂ 80 ਲੱਖ ਯੂਟੀਆਈ ਸੰਬੰਧੀ ਕੇਸਾਂ ਦਾ ਇਲਾਜ ਕੀਤਾ ਜਾਂਦਾ ਹੈ। ਅਜਿਹੀ ਸਥਿਤੀ ਵਿੱਚ, ਖਰਾਬ ਅਤੇ ਦੂਸ਼ਿਤ ਮੀਟ ਤੋਂ ਪ੍ਰਭਾਵਿਤ ਮਰੀਜ਼ਾਂ ਦੀ ਗਿਣਤੀ 4,80,000 ਤੋਂ 6,40,000 ਕੇਸਾਂ ਦੇ ਬਰਾਬਰ ਹੋ ਸਕਦੀ ਹੈ।

ਐਸਚੇਰੀਚੀਆ ਕੋਲੀ ਨਾਮਕ ਬੈਕਟੀਰੀਆ ਜਾਨਵਰਾਂ ਦੇ ਨਾਲ-ਨਾਲ ਮਨੁੱਖਾਂ ਦੀਆਂ ਅੰਤੜੀਆਂ ਵਿੱਚ ਪਾਇਆ ਜਾਂਦਾ ਹੈ। ਉਹ ਆਮ ਮਾਈਕਰੋਬਾਇਓਮ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਪਰ ਕਈ ਵਾਰ ਗੰਭੀਰ ਬਿਮਾਰੀ ਦਾ ਕਾਰਨ ਬਣ ਸਕਦੇ ਹਨ।

ਯੂਟੀਆਈ ਨੂੰ ਪਿਸ਼ਾਬ ਨਾਲੀ ਦੀ ਲਾਗ ਕਿਹਾ ਜਾਂਦਾ ਹੈ। ਇਸ ਦੇ ਕਈ ਲੱਛਣ ਹਨ। ਇਸ ਵਿੱਚ ਪਿਸ਼ਾਬ ਵਿੱਚ ਬਦਬੂ ਆਉਣਾ, ਪਿਸ਼ਾਬ ਦੌਰਾਨ ਦਰਦ ਜਾਂ ਜਲਨ, ਪੇਟ ਵਿੱਚ ਦਬਾਅ ਅਤੇ ਠੰਢ ਲੱਗਣਾ ਜਾਂ ਲਗਾਤਾਰ ਬੁਖਾਰ, ਮਤਲੀ ਅਤੇ ਉਲਟੀਆਂ ਵਰਗੇ ਲੱਛਣ ਹਨ। ਅਜਿਹੀ ਸਥਿਤੀ ਸ਼ੂਗਰ ਕਾਰਨ ਵੀ ਪੈਦਾ ਹੁੰਦੀ ਹੈ।

# ਗੁਰਦੁਆਰਾ ਸਾਹਿਬ ਫਰੀਮਾਂਟ (ਕੈਲੇਫੋਰਨੀਆ) ਵਿਖੇ ਸਜਿਆ ਧਾਰਮਿਕ ਕਵੀ ਦਰਬਾਰ



**ਫਰੀਮਾਂਟ (ਪ੍ਰਵਾਨਾ)**– ਅਮਰੀਕੀ ਪੰਜਾਬੀ ਕਵੀਆਂ ਵੱਲੋਂ 300, ਗੁਰਦੁਆਰਾ ਰੋਡ ਫਰੀਮਾਂਟ (ਕੈਲੇਫੋਰਨੀਆ) 94536 ਵਿਖੇ ਸਜੇ ਦੀਵਾਨਾਂ ਵਿਚ ਕਵੀਆਂ ਵੱਲੋਂ ''ਹੋਲਾ ਮਹੱਲਾ'' ਦਿਵਸ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਇਤਿਹਾਸ 'ਤੇ ਚਾਨਣਾ ਪਾਇਆ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰੰਪਰਾਗਤ ਰਹੁ-ਰੀਤਾਂ ਤੇ ਤਿਉਹਾਰਾਂ ਨੂੰ ਇਨਕਲਾਬੀ ਢੰਗ ਨਾਲ ਮਨਾਉਣ ਦੀ ਪ੍ਰੇਰਨਾ ਦਿੱਤੀ। ਉਹਨਾਂ ਹੋਲਾ ਮਹੱਲਾ ਦੇ ਤਿਉਹਾਰ ਨੂੰ ਸੂਰਮਗਤੀ ਨਾਲ ਜੋੜ ਦਿੱਤਾ। ਉਹਨਾਂ ਸਿੰਘਾਂ ਨੂੰ ਸ਼ਸਤਰ ਵਿੱਦਿਆ ਵਿਚ ਨਿਪੁੰਨ ਬਣਾਇਆ। ਉਹਨਾਂ ਚਾਹਿਆ ਕਿ ਸਮਾਜ ਵਿਚ ਨਰੋਆ ਪਰਿਵਰਤਨ ਆਵੇ ਕਿ ਸਮਾਜ ਨੂੰ ਉਸਾਰੂ ਸੇਧ ਮਿਲ ਸਕੇ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਸਥਾਨਕ ਕਵੀ ਸ਼ਾਮਲ ਸਨ: ਠਾਕੁਰ ਸਿੰਘ ਫਰੀਮਾਂਟ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁੰਮਨ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ, ਜਿਹਨਾਂ ਨੇ ਬੀਰ ਰਸੀ ਕਵਿਤਾਵਾਂ ਕਹੀਆਂ। ਇਸ ਧਾਰਮਿਕ ਕਵੀ ਦਰਬਾਰ ਦੀ ਸਫਲਤਾ ਵਿਚ ਭਾਈ ਜਸਦੇਵ ਸਿੰਘ, ਭਾਈ ਕਸ਼ਮੀਰ ਸਿੰਘ ਸ਼ਾਹੀ ਅਤੇ ਸਟੇਜ ਸਕੱਤਰ ਭਾਈ ਦਵਿੰਦਰ ਸਿੰਘ ਦਾ ਭਰਪੂਰ ਸਹਿਯੋਗ ਰਿਹਾ।

# ਅਮਰੀਕਾ 'ਚ ਐੱਚ-1ਬੀ ਵੀਜ਼ੇ ਲਈ ਸਾਲਾਨਾ ਹੱਦ ਪੂਰੀ, ਭਾਰਤੀਆਂ ਸਣੇ 65 ਹਜ਼ਾਰ ਅਜਿਹੇ ਵੀਜ਼ੇ ਹਰ ਸਾਲ ਵਿਦੇਸ਼ੀਆਂ ਨੂੰ ਕੀਤੇ ਜਾਂਦੇ ਹਨ ਜਾਰੀ

**ਵਾਸ਼ਿੰਗਟਨ**– ਅਮਰੀਕਾ ਨੇ ਐੱਚ-1ਬੀ ਵੀਜ਼ੇ ਨੂੰ ਲੈ ਕੇ ਕਿਹਾ ਹੈ ਕਿ ਉਸ ਨੇ ਵਿੱਤੀ ਵਰ੍ਹੇ 2024 ਲਈ ਕਾਂਗਰਸ ਵੱਲੋਂ ਨਿਰਧਾਰਤ ਵੀਜ਼ਾ ਹੱਦ 65 ਹਜ਼ਾਰ ਨੂੰ ਪੂਰਾ ਕਰ ਲਿਆ ਹੈ। ਦੇਸ਼ ਦੀ ਫੈਡਰਲ ਇਮੀਗ੍ਰੇਸ਼ਨ ਸੇਵਾ ਏਜੰਸੀ ਨੇ ਇਸ ਬਾਰੇ ਸਫਲ ਬਿਨੈਕਾਰਾਂ ਨੂੰ ਸੂਚਿਤ ਕਰ ਦਿੱਤਾ ਹੈ।

ਅਮਰੀਕਾ ਵਿਚ ਐੱਚ-1ਬੀ ਵੀਜ਼ਾ ਇਕ ਗੈਰ-ਇਮੀਗ੍ਰੇਂਟ ਵੀਜ਼ਾ ਹੈ ਜੋ ਤਕਨੀਕੀ ਖੇਤਰ ਵਿਚ ਮਾਹਰ ਵਿਦੇਸ਼ੀ ਪੇਸ਼ੇਵਰਾਂ ਨੂੰ ਅਮਰੀਕੀ ਕੰਪਨੀਆਂ ਵਿਚ ਨਿਯੁਕਤੀ ਦੀ ਇਜਾਜ਼ਤ ਦਿੰਦਾ ਹੈ। ਤਕਨੀਕੀ ਕੰਪਨੀਆਂ ਹਰ ਸਾਲ ਭਾਰਤ,




ਚੀਨ ਵਰਗੇ ਦੇਸ਼ਾਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਮਾਹਰ ਪੇਸ਼ੇਵਰਾਂ ਨੂੰ ਨਿਯੁਕਤ ਕਰਦੀਆਂ ਹਨ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾ (ਯੂਐੱਸਸੀਆਈਐੱਸ) ਨੇ ਸੋਮਵਾਰ ਨੂੰ ਕਿਹਾ ਕਿ ਉਸ ਨੂੰ ਵਿੱਤੀ ਵਰ੍ਹੇ 2024 ਲਈ ਲੋੜੀਂਦੇ ਇਲੈਕਟ੍ਰਾਨਿਕ ਰਜਿਸਟਰਡ ਬਿਨੈਕਾਰ ਮਿਲ ਚੁੱਕੇ ਹਨ। ਐੱਚ-1ਬੀ ਸ਼੍ਰੇਣੀ ਵੀਜ਼ੇ ਲਈ 65 ਹਜ਼ਾਰ ਸਾਲਾਨਾ ਹੱਦ ਵਿਚ 6,800 ਵੀਜ਼ੇ ਅਮਰੀਕਾ-ਚਿਲੀ ਅਤੇ ਅਮਰੀਕਾ-ਸਿੰਗਾਪੁਰ ਮੁਕਤ ਵਪਾਰ ਸਮਝੌਤੇ ਤਹਿਤ ਸੁਰੱਖਿਅਤ ਹਨ। ਐੱਚ-1ਬੀ ਵੀਜ਼ਾ ਵਿਸ਼ੇ ਨੂੰ ਜਾਇਜ਼ ਰੂਪ ਨਾਲ ਪੰਜੀਕ੍ਰਿਤ ਲੋਕ ਆਪਣੀ ਅਪੀਲ ਪਹਿਲੀ ਅਪ੍ਰੈਲ 2023 ਤੋਂ ਯੂਐੱਸਸੀਆਈਐੱਸ ਨੂੰ ਦੇ ਸਕਦੇ ਹਨ।

ਯੂਐੱਸਸੀਆਈਐੱਸ ਡਾਇਰੈਕਟਰ ਯੂਆਰ ਐੱਮ ਜੱਡੂ ਨੇ ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼ (ਐੱਫਆਈਆਈਡੀਐੱਸ) ਨੂੰ ਲਿਖੀ ਇਕ ਚਿੱਠੀ ਵਿਚ ਕਿਹਾ ਹੈ ਕਿ ਅਮਰੀਕੀ ਤਕਨੀਕੀ ਕੰਪਨੀਆਂ ਵੱਲੋਂ ਐੱਚ-1ਬੀ ਵੀਜ਼ਾ ਧਾਰਕ ਕਰਮਚਾਰੀਆਂ ਨੂੰ ਕੱਢਿਆ ਜਾਂਦਾ ਹੈ ਤਾਂ ਉਹ ਹੋਰ ਬਦਲਾਂ ਤੋਂ ਜਾਣੂ ਨਹੀਂ ਹੁੰਦੇ ਹਨ। ਐੱਫਆਈਆਈਡੀਐੱਸ ਨੌਕਰੀ ਤੋਂ ਕੱਢੇ ਗਏ ਐੱਚ-1ਬੀ ਕਰਮਚਾਰੀਆਂ ਲਈ ਕੰਮ ਕਰਦੀ ਹੈ। ਰਾਸ਼ਟਰਪਤੀ ਸਲਾਹਕਾਰ ਕਮਿਸ਼ਨ ਨੇ ਹਾਲ ਹੀ ਵਿਚ 60 ਦਿਨ ਦੀ ਅਪੀਲੀ ਹੱਦ ਨੂੰ ਵਧਾਉਣ ਦੀ ਸਿਫ਼ਾਰਸ਼ ਕੀਤੀ ਹੈ। ਨੌਕਰੀ ਤੋਂ ਕੱਢੇ ਗਏ ਕਰਮਚਾਰੀਆਂ ਨੂੰ ਸਭ ਤੋਂ ਪਹਿਲਾਂ ਆਪਣੀ ਗ਼ੈਰ-ਇਮੀਗ੍ਰੈਂਟ ਸਥਿਤੀ ਵਿਚ ਬਦਲਾਅ ਲਈ ਬਿਨੈ ਕਰਨਾ ਚਾਹੀਦਾ ਹੈ।

AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Free Estimates
Free Towing



Prop: Jasbir Singh Takhar
510-755-2132

510- 733- 2222
1421 Industrial PKWY West#F Hay-ward, CA 94544

Harmandeep Singh

L.A. MERCHANDISE
Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables




New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।









Baksho Kaur Bisla Hardev Singh Bisla

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ

530-671-0439, Fax 530-822-0439 Cell- 530-844-3250

# ਜਗਰਾਜ ਸਿੰਘ ਸਰਾਂ (ਬੀ ਈ ਐੱਮ) ਦਾ ਐੱਸ ਸੀ ਡੀ ਸਰਕਾਰੀ ਕਾਲਜ ਲੁਧਿਆਣਾ ਪਹੁੰਚਣ 'ਤੇ ਵਿਸ਼ੇਸ਼ ਸਨਮਾਨ





**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਯੂਕੇ ਦੇ ਪ੍ਰਧਾਨ ਜਗਰਾਜ ਸਿੰਘ ਸਰਾਂ (ਬੀ ਈ ਐੱਮ) ਬੀਤੇ ਦਿਨੀਂ ਆਪਣੇ ਪੰਜਾਬ ਦੌਰੇ ਤੋਂ ਵਾਪਸ ਪਰਤੇ ਹਨ। ਇਸ ਦੌਰੇ ਦੌਰਾਨ ਪਿੰਗਲਵਾੜਾ ਸੰਸਥਾ ਵਿਖੇ ਪਹੁੰਚ ਕੇ ਡਾ: ਇੰਦਰਜੀਤ ਕੌਰ ਜੀ ਦੇ ਨਾਲ ਵਿਸ਼ੇਸ਼ ਮਿਲਣੀ ਕਰਨ ਦੇ ਨਾਲ ਨਾਲ ਪੰਜਾਬ ਦੀਆਂ ਵੱਖ ਵੱਖ ਸਮਾਜਸੇਵੀ ਸੰਸਥਾਵਾਂ ਅਤੇ ਵਿਅਕਤੀਆਂ ਨਾਲ ਵੀ ਮੁਲਾਕਾਤਾਂ ਕੀਤੀਆਂ। ਇਸ ਦੌਰੇ ਦਾ ਸਭ ਤੋਂ ਅਹਿਮ ਪਹਿਲੂ ਇਹ ਰਿਹਾ ਕਿ ਜਗਰਾਜ ਸਿੰਘ ਸਰਾਂ ਨੂੰ ਉਸ ਕਾਲਜ ਵੱਲੋਂ ਵਿਸ਼ੇਸ਼ ਸੱਦਾ ਦੇ ਕੇ ਸਨਮਾਨਿਤ ਕੀਤਾ ਗਿਆ ਜਿੱਥੋਂ ਉਹਨਾਂ ਨੇ ਵਿੱਦਿਆ ਗ੍ਰਹਿਣ ਕੀਤੀ ਸੀ। ਇਸ ਪ੍ਰਤੀਨਿਧ ਨਾਲ ਗੱਲਬਾਤ ਦੌਰਾਨ ਉਹਨਾਂ ਖੁਸ਼ਨੁਮਾ ਲਹਿਜੇ ਵਿੱਚ ਦੱਸਿਆ ਕਿ ਲੁਧਿਆਣਾ ਦੇ ਐੱਸ ਸੀ ਡੀ ਸਰਕਾਰੀ ਕਾਲਜ ਵੱਲੋਂ ਇੱਕ ਵਿਸ਼ਾਲ ਸਨਮਾਨ ਸਮਾਗਮ ਦਾ ਪ੍ਰਬੰਧ ਕੀਤਾ ਗਿਆ ਜਿਸ ਵਿੱਚ ਪ੍ਰੋ: ਡਾ: ਤਨਵੀਰ ਸਿੰਘ ਸਚਦੇਵ, ਪ੍ਰੋ: ਗਿਤਾਂਜਲੀ ਪਬਰੇਜਾ ਦੀ ਅਗਵਾਈ ਵਿੱਚ ਉਹਨਾਂ ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਅਤੇ ਮਨੁੱਖਤਾ ਦੀ ਸੇਵਾ ਲਈ ਕੀਤੇ ਜਾ ਰਹੇ ਕਾਰਜਾਂ ਬਦਲੇ ਸਨਮਾਨ ਦਿੱਤਾ ਗਿਆ। ਕਾਲਜ ਦੇ ਸਮੂਹ ਵਿਭਾਗਾਂ ਦੇ ਮੁਖੀਆਂ ਦੀ ਹਾਜ਼ਰੀ ਵਿੱਚ ਮਿਲੇ ਸਨਮਾਨ ਉਪਰੰਤ ਜਗਰਾਜ ਸਿੰਘ ਸਰਾਂ ਨੇ ਆਪਣੇ ਸੰਬੋਧਨ ਦੌਰਾਨ ਇਸ ਵਡਮੁੱਲੇ ਸਨਮਾਨ ਲਈ ਧੰਨਵਾਦ ਕੀਤਾ।

ਜਗਰਾਜ ਸਿੰਘ ਸਰਾਂ ਨੇ ਕਾਲਜ ਵਿੱਚ ਪੜ੍ਹਾਈ ਦੌਰਾਨ ਮਨ ਵਿੱਚ ਵਸਾਈਆਂ ਯਾਦਾਂ ਅਤੇ ਅਨੁਭਵਾਂ ਦੀ ਸਾਂਝ ਪਾਈ। ਇਸਦੇ ਨਾਲ ਹੀ ਉਹਨਾਂ ਭਗਤ ਪੂਰਨ ਸਿੰਘ ਜੀ ਦੀਆਂ ਮਾਨਵਤਾ ਪ੍ਰਤੀ ਨਿਭਾਈਆਂ ਸੇਵਾਵਾਂ ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਜਿੱਥੇ ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਕੰਮ ਆਉਣ ਦਾ ਸੁਨੇਹਾ ਦਿੱਤਾ ਉੱਥੇ ਵਾਤਾਵਰਨ ਸੁਰੱਖਿਆ ਪ੍ਰਤੀ ਵੀ ਸੁਹਿਰਦ ਹੋਣ ਦੀ ਬੇਨਤੀ ਕੀਤੀ।

ਇਸ ਸਮੇਂ ਕਾਲਜ ਕਮੇਟੀ ਵੱਲੋਂ ਉਹਨਾਂ ਨੂੰ ਇੱਕ ਸ਼ਾਨਦਾਰ ਯਾਦਗਾਰੀ ਚਿੰਨ੍ਹ, ਕਾਲਜ ਮੈਗਜ਼ੀਨ ਅਤੇ ਇੱਕ ਬੂਟਾ ਦੇ ਕੇ ਸਨਮਾਨਿਤ ਕੀਤਾ ਗਿਆ।

# ਸਕਾਟਲੈਂਡ ਦੇ ਫਸਟ ਮਨਿਸਟਰ ਦੀ ਦੌੜ 'ਚ ਹਮਜ਼ਾ ਯੂਸਫ਼ ਨੇ ਮਾਰੀ ਬਾਜ਼ੀ







**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਸਕ-ਾਟਲੈਂਡ ਦੀ ਫਸਟ ਮਨਿਸਟਰ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਉਪਰੰਤ ਨਿਕੋਲਾ ਸਟਰਜਨ ਦੀ ਥਾਂ ਅਜਿਹੇ ਨੇਤਾ ਦੀ ਭਾਲ ਸ਼ੁਰੂ ਹੋਈ ਸੀ, ਜੋ ਐਸਐਨਪੀ ਨੇਤਾ ਵਜੋਂ ਪਾਰਟੀ ਦਾ ਭਾਰ ਆਪਣੇ ਮੋਢਿਆਂ 'ਤੇ ਝੱਲ ਸਕੇ। ਅਖੀਰ ਫਸਟ ਮਨਿਸਟਰ ਬਣਨ ਦੀ ਦੌੜ ਨੂੰ ਬਰੇਕਾਂ ਲੱਗ ਗਈਆਂ ਹਨ ਕਿਉਂਕਿ 37 ਸਾਲਾ ਹਮਜ਼ਾ ਯੂਸਫ ਨੇ ਸਕਾਟਲੈਂਡ ਦੇ ਨਵੇਂ ਫਸਟ ਮਨਿਸਟਰ ਵਜੋਂ ਬਾਜ਼ੀ ਮਾਰ ਲਈ ਹੈ। ਜਾਣਕਾਰੀ ਮੁਤਾਬਕ ਹਮਜ਼ਾ ਯੂਸਫ ਨੇ ਲੀਡਰਸ਼ਿਪ ਮੁਕਾਬਲੇ ਵਿੱਚ ਵਿਰੋਧੀਆਂ ਕੇਟ ਫੋਰਬਸ ਅਤੇ ਐਸ਼ ਰੀਗਨ ਨੂੰ ਹਰਾਇਆ ਜਿਸ ਨੇ ਪਾਰਟੀ ਅੰਦਰ ਡੂੰਘੀਆਂ ਵੰਡੀਆਂ ਦਾ ਪਰਦਾਫਾਸ਼ ਕੀਤਾ। ਦੱਸ ਦਈਏ ਕਿ ਹਮਜ਼ਾ ਯੂਸਫ ਯੂਕੇ ਦੀ ਵੱਡੀ ਪਾਰਟੀ ਦੀ ਅਗਵਾਈ ਕਰਨ ਵਾਲਾ ਪਹਿਲਾ ਮੁਸਲਮਾਨ ਨੌਜਵਾਨ ਹੈ। ਇਸ ਸਮੇਂ ਮਿਸਟਰ ਯੂਸਫ ਸਕਾਟਲੈਂਡ ਦੇ ਸਿਹਤ ਸਕੱਤਰ ਹਨ ਅਤੇ ਵਿਆਪਕ ਤੌਰ 'ਤੇ ਨਿਕੋਲਾ ਸਟਰਜਨ ਦਾ ਤਰਜੀਹੀ ਉੱਤਰਾਧਿਕਾਰੀ ਮੰਨਿਆ ਜਾਂਦਾ ਸੀ। ਹਾਲਾਂਕਿ ਉਸਨੇ ਸਪੱਸ਼ਟ ਤੌਰ 'ਤੇ ਮੁਕਾਬਲੇ ਵਿੱਚ ਕਿਸੇ ਵੀ ਉਮੀਦਵਾਰ ਦਾ ਸਮਰਥਨ ਨਹੀਂ ਕੀਤਾ। ਇਸ ਲੀਡਰਸ਼ਿਪ ਚੋਣ ਦਾ ਫੈਸਲਾ ਸਿੰਗਲ ਟਰਾਂਸਫਰੇਬਲ ਵੋਟ ਪ੍ਰਣਾਲੀ ਦੁਆਰਾ ਕੀਤਾ ਗਿਆ ਜਿਸ ਵਿੱਚ ਐੱਸ ਐੱਨ ਪੀ ਦੇ 72,169 ਮੈਂਬਰਾਂ ਵਿੱਚੋਂ 50,490 ਨੇ ਇੱਕ ਮਤਦਾਨ ਕੀਤਾ ਜਿਹਨਾਂ ਵਿਚੋਂ ਜ਼ਿਆਦਾਤਰ ਔਨਲਾਈਨ ਸਨ। ਸਿੰਗਲ ਟਰਾਂਸਫਰੇਬਲ ਵੋਟ ਪ੍ਰਣਾਲੀ ਵਿੱਚ ਹਮਜ਼ਾ ਯੂਸਫ਼ ਨੇ 24,336 (48%), ਕੇਟ ਫੋਰਬਸ ਨੇ 20,559 (40%) ਅਤੇ ਐਸ਼ ਰੀਗਨ ਨੇ 5,599 (11%) ਵੋਟਾਂ ਲਈਆਂ। ਰੀਗਨ ਦੇ ਪਹਿਲੇ ਗੇੜ ਵਿੱਚ ਬਾਹਰ ਹੋਣ ਤੋਂ ਬਾਅਦ, ਹਮਜ਼ਾ ਯੂਸਫ ਨੇ ਫੋਰਬਸ ਨੂੰ ਦੂਜੇ ਗੇੜ ਵਿੱਚ 48% ਦੇ ਮੁਕਾਬਲੇ 52% ਨਾਲ ਹਰਾਇਆ। ਹਮਜ਼ਾ ਯੂਸਫ ਨੂੰ 26,032 ਅਤੇ ਫੋਰਬਸ ਨੂੰ 23,890 ਵੋਟਾਂ ਮਿਲੀਆਂ। ਸਕਾਟਲੈਂਡ ਦੇ ਛੇਵੇਂ ਫਸਟ ਮਨਿਸਟਰ ਬਣਨ ਤੋਂ ਪਹਿਲਾਂ ਮੰਗਲਵਾਰ ਨੂੰ ਨਵੇਂ ਐੱਸ ਐੱਨ ਪੀ ਨੇਤਾ ਨੂੰ ਸਕਾਟਿਸ਼ ਸੰਸਦ ਵਿੱਚ ਇੱਕ ਵੋਟ ਦਾ ਸਾਹਮਣਾ ਕਰਨਾ ਪਏਗਾ ਜਿਸ ਨੂੰ ਜਿੱਤਣਾ ਲਗਭਗ ਨਿਸ਼ਚਤ ਹੈ। ਜਿੱਤ ਉਪਰੰਤ ਹਮਜ਼ਾ ਯੂਸਫ ਨੇ ਬੇਹੱਦ ਸਿਆਣਪ ਭਰੀ ਟਿੱਪਣੀ ਕਰਦਿਆਂ ਕਿਹਾ ਕਿ ਚੋਣ ਪ੍ਰਕਿਰਿਆ ਦੌਰਾਨ ਅਸੀਂ ਸਿਰਫ ਮੁਕਾਬਲੇ ਦੇ ਵਿਰੋਧੀ ਸਾਂ। ਹੁਣ ਅਸੀਂ ਟੀਮ ਯੂਸਫ, ਟੀਮ ਕੇਟ ਜਾਂ ਟੀਮ ਐਸ਼ ਦੀ ਬਜਾਏ "ਇੱਕ ਟੀਮ" ਹਾਂ। ਅਸੀਂ ਹੁਣ ਫਿਰ ਇੱਕਜੁਟ ਹੋ ਕੇ ਸਕਾਟਲੈਂਡ ਦੀ ਆਜਾਦੀ ਲਈ ਕੰਮ ਕਰਾਂਗੇ। ਉਹਨਾਂ ਬੋਲਦਿਆਂ ਕਿਹਾ ਕਿ ਮੈਨੂੰ ਇਉਂ ਮਹਿਸੂਸ ਹੋ ਰਿਹਾ ਹੈ ਜਿਵੇਂ ਮੈਂ ਦੁਨੀਆਂ ਦਾ ਸਭ ਤੋਂ ਵੱਧ ਖੁਸ਼ਕਿਸਮਤ ਆਦਮੀ ਹੋਵਾਂ। ਮੈਂ 20 ਸਾਲ ਪਹਿਲਾਂ ਐੱਸ ਐੱਨ ਪੀ ਦਾ ਲੜ ਫੜਿਆ ਸੀ ਤੇ ਅੱਜ ਪਾਰਟੀ ਪ੍ਰਮੁੱਖ ਵਜੋਂ ਖੜ੍ਹਾ ਹਾਂ। ਹਮਜ਼ਾ ਯੂਸਫ ਨੇ ਲਗਭਗ ਛੇ ਦਹਾਕੇ ਪਹਿਲਾਂ ਪੰਜਾਬ ਤੋਂ ਸਕਾਟਲੈਂਡ ਆ ਵਸੇ ਆਪਣੇ ਪਰਿਵਾਰ ਦਾ ਜਿਕਰ ਕਰਦਿਆਂ ਫਖਰ ਨਾਲ ਕਿਹਾ ਕਿ ਉਹਨਾਂ ਦੇ ਬਜ਼ੁਰਗ ਇਸ ਮੁਲਕ 'ਚ ਆਉਣ ਵੇਲੇ ਅੰਗਰੇਜ਼ ਦਾ ਇੱਕ ਲਫਜ਼ ਵੀ ਨਹੀਂ ਜਾਣਦੇ ਸਨ ਪਰ ਅੱਜ ਉਹਨਾਂ ਦਾ ਪੋਤਰਾ ਸਕਾਟਲੈਂਡ ਦਾ ਫਸਟ ਮਨਿਸਟਰ ਬਣ ਗਿਆ ਹੈ। ਉਹਨਾਂ ਸਕਾਟਲੈਂਡ ਦੇ ਲੋਕਾਂ ਨੂੰ ਯਕੀਨ ਦੁਆਇਆ ਕਿ ਉਹ ਉਹਨਾਂ ਦਾ ਪਿਆਰ ਅਤੇ ਵਿਸ਼ਵਾਸ ਹਾਸਲ ਕਰਨ ਲਈ ਹਰ ਸਾਹ ਅਰਪਣ ਕਰਦਿਆਂ ਤਨਦੇਹੀ ਨਾਲ ਕਾਰਜ ਕਰਨਗੇ। ਹਮਜ਼ਾ ਯੂਸਫ ਦੀ ਜਿੱਤ ਸੰਬੰਧੀ ਸਾਬਕਾ ਫਸਟ ਮਨਿਸਟਰ ਨਿਕੋਲਾ ਸਟਰਜਨ ਨੇ ਰਸਮੀ ਵਧਾਈ ਪੇਸ਼ ਕਰਦਿਆਂ ਭਵਿੱਖੀ ਸਫਲਤਾ ਲਈ ਸ਼ੁਭਕਾਮਨਾਵਾਂ ਭੇਂਟ ਕੀਤੀਆਂ। ਹਮਜ਼ਾ ਯੂਸਫ ਵੱਲੋਂ ਸਕਾਟਲੈਂਡ ਦੇ ਫਸਟ ਮਨਿਸਟਰ ਬਣਨ 'ਤੇ ਏਸ਼ੀਅਨ ਭਾਈਚਾਰੇ ਵਿੱਚ ਬੇਹੱਦ ਖੁਸ਼ੀ ਦਾ ਮਾਹੌਲ ਬਣਿਆ ਹੋਇਆ ਹੈ।

# ਕੌਮਾਂਤਰੀ ਅਰਚਥਾਰੇ ਵਿੱਚ ਅੱਧਾ ਯੋਗਦਾਨ ਪਾਉਣਗੇ ਭਾਰਤ ਤੇ ਚੀਨ



**ਪੇਈਚਿੰਗ–**ਆਰਥਿਕ ਸੁਸਤੀ ਦਾ ਸਾਹਮਣਾ ਕਰ ਰਹੇ ਆਲਮੀ ਅਰਥਚਾਰੇ ਦੀ ਵਿਕਾਸ ਦਰ 'ਚ ਭਾਰਤ ਤੇ ਚੀਨ ਮਿਲ ਕੇ ਤਕਰੀਬਨ ਅੱਧਾ ਯੋਗਦਾਨ ਪਾਉਣਗੇ ਤੇ ਤਕਰੀਬਨ 4,5 ਫੀਸਦ ਜੀਡੀਪੀ ਦੇ ਯੋਗਦਾਨ ਨਾਲ ਏਸ਼ੀਆ ਵੱਡੇ ਪੱਧਰ 'ਤੇ ਉੱਭਰ ਕੇ ਸਾਹਮਣੇ ਆਵੇਗਾ। ਪੇਈਚਿੰਗ ਦੇ ਵਕਾਰੀ ਥਿੰਕ ਟੈਂਕ ਬੋਆਓ ਫੋਰਮ ਫਾਰ ਏਸ਼ੀਆ ਨੇ ਕਿਹਾ ਕਿ ਏਸ਼ਿਆਈ ਅਰਥਸ਼ਾਸਤਰੀਆਂ ਵੱਲੋਂ ਜਾਰੀ ਰਿਪੋਰਟ ਅਨੁਸਾਰ ਸਾਲ 2023 'ਚ ਏਸ਼ਿਆਈ ਮੁਲਕਾਂ ਦੇ ਅਰਥਚਾਰੇ ਦੁਨੀਆ ਦੀ ਸਾਂਝੀ ਆਰਥਿਕ ਬਹਾਲੀ ਦੀ ਰਫ਼ਤਾਰ ਨੂੰ ਕਾਇਮ ਰੱਖਣਗੇ। ਇਸ ਤਰ੍ਹਾਂ ਆਲਮੀ ਆਰਥਿਕ ਸੁਸਤੀ ਦੇ ਦੌਰ 'ਚ ਏਸ਼ੀਆ ਦਾ ਪ੍ਰਦਰਸ਼ਨ ਅਹਿਮ ਸਾਬਤ ਹੋ ਰਿਹਾ ਹੈ।

# ਬੇਮੌਸਮੀ ਬਰਸਾਤ ਨਾਲ ਹੋਏ ਨੁਕਸਾਨ ਦੀ ਭਰਪਾਈ ਕਰੇਗੀ ਭਗਵੰਤ ਮਾਨ ਸਰਕਾਰ : ਜੋਗਿੰਦਰ ਸਿੰਘ ਮਾਨ



**ਫਗਵਾੜਾ 27 ਮਾਰਚ (ਬੀਕੇ ਰੱਤੂ)** ਸੂਬੇ ਦੀ ਭਗਵੰਤ ਮਾਨ ਸਰਕਾਰ ਬੇਮੌਸਮੀ ਬਰਸਾਤ ਕਾਰਨ ਕਿਸਾਨਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦਾ ਬਣਦਾ ਮੁਆਵਜ਼ਾ ਦੇਣ ਲਈ ਵਚਨਬੱਧ ਹੈ। ਇਹ ਜਾਣਕਾਰੀ ਆਮ ਆਦਮੀ ਪਾਰਟੀ ਵਿਧਾਨਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਸਥਾਨਕ ਐੱਸਡੀਐੱਮ ਸੰਜੀਵ ਸ਼ਰਮਾ, ਨਾਇਬ ਤਹਿਸੀਲਦਾਰ ਪਵਨ ਕੁਮਾਰ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਹਲਕੇ ਦੇ ਪੇਂਡੂ ਖੇਤਰਾਂ ਵਿੱਚ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਗਿਰਦਾਵਰੀ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ ਅਤੇ ਜਲਦੀ ਹੀ ਪ੍ਰਸ਼ਾਸਨ ਵੱਲੋਂ ਰਿ-ਪੋਰਟ ਤਿਆਰ ਕਰਕੇ ਸਰਕਾਰ ਨੂੰ ਭੇਜ ਦਿੱਤੀ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸਬਰ ਰੱਖਣ ਅਤੇ ਉਨ੍ਹਾਂ ਦੇ ਹੋਏ ਨੁਕਸਾਨ ਦੀ ਜਾਇਜ ਭਰਪਾਈ ਕੀਤੀ ਜਾਵੇਗੀ। ਇਸ ਦੌਰਾਨ ਸੁਖਬੀਰ ਬਾਦਲ ਵੱਲੋਂ ਪੰਜਾਹ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦੇਣ ਦੀ ਕੀਤੀ ਮੰਗ ਦਾ ਜਵਾਬ ਦਿੰਦਿਆਂ ਉਨ੍ਹਾਂ ਵਿਅੰਗ ਕੀਤਾ ਕਿ ਉਹ 10 ਸਾਲ ਸੂਬੇ ਦੀ ਸੱਤਾ 'ਚ ਰਹੇ, ਇਸ ਲਈ ਦੱਸਣ ਕਿ ਉਦੋਂ ਕਿਸਾਨਾਂ ਨੂੰ ਕਿੰਨਾ ਮੁਆਵਜ਼ਾ ਦਿੱਤਾ ਸੀ। ਮਾਨ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਹਮੇਸ਼ਾ ਹੀ ਕਿਸਾਨਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ। ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਲਈ ਅੰਦੋਲਨ ਦੌਰਾਨ ਵੀ ਕਿਸਾਨਾਂ ਨੂੰ ਗੁੰਮਰਾਹ ਕਰਨ ਵਿੱਚ ਬਾਦਲ ਪਰਿਵਾਰ ਨੇ ਕੋਈ ਕਸਰ ਨਹੀਂ ਛੱਡੀ ਅਤੇ ਹੁਣ ਫਿਰ ਉਹ ਘਟੀਆ ਰਾਜਨੀਤੀ ਕਰ ਰਹੇ ਹਨ ਪਰ ਕਿਸਾਨ ਇਨ੍ਹਾਂ ਤੋਂ ਗੁੰਮਰਾਹ ਨਹੀਂ ਹੋਣਗੇ।

# ਆਮ ਆਦਮੀ ਪਾਰਟੀ ਦੀ ਸਰਕਾਰ ਬੁਨਿਆਦੀ ਜਰੂਰਤਾਂ ਮੁਤਾਬਕ ਵਿਕਾਸ ਕਾਰਜ ਕਰਵਾ ਰਹੀ ਹੈ-ਸ੍ਰੀ ਲਾਲ ਚੰਦ ਕਟਾਰੂਚੱਕ



**ਪਠਾਨਕੋਟ, 27 ਮਾਰਚ (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ, ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ, ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਕਰਕੇ ਵਧੀਆਂ ਢੰਗ ਨਾਲ ਸਿੱਖਿਆ ਦੇਣਾ, ਫ੍ਰੀ ਬਿਜਲੀ ਯੂਨਿਟ , ਨੋਜਵਾਨਾਂ ਦੇ ਲਈ ਰੁਜਗਾਰ ਦੇ ਮੋਕੇ ਪ੍ਰਦਾਨ ਕਰਦਿਆਂ ਨੋਜਵਾਨਾਂ ਨੂੰ ਰੁਜਗਾਰ ਮੁਹੇਈਆਂ ਕਰਵਾਇਆ ਜਾ ਰਿਹਾ ਹੈ ਅਤੇ ਪਿੰਡਾਂ ਦੀ ਨੁਹਾਰ ਬਦਲਣ ਦੇ ਲਈ ਵੀ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਸੇਰ-ਪੁਰ ਗਿਦੜਪੁਰ ਵਿਖੇ ਧੰਨਵਾਦ ਸਮਾਰੋਹ ਦੋਰਾਨ ਸੰਬੋਧਤ ਕਰਦਿਆਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਵਿਜੈ ਕੁਮਾਰ ਕਟਾਰੂਚੱਕ ਜਿਲ੍ਹਾ ਮੀਡਿਆ ਕੋਆਰਡੀਨੇਟਰ, ਸਰਪੰਚ ਮਨਜੀਤ ਕੋਰ, ਹਰਬੰਸ ਨਾਲ ਸੈਣੀ, ਸਕਤੀਪਾਲ ਸੈਣੀ, ਰਣਜੀਤ ਸਿੰਘ, ਅਸਵਨੀ ਕੁਮਾਰ, ਰਵੀ ਕੁਮਾਰ, ਅਜੀਤ ਕੁਮਾਰ ਸੈਣੀ, ਪੂਲਰਾਜ,ਵਿਕਾਸ, ਬਲਜਿੰਦਰ ਸਿੰਘ ਜਿਲ੍ਹਾ ਯੂਥ ਸਕੱਤਰ ਅਤੇ ਹੋਰ ਪਿੰਡ ਵਾਸੀ ਹਾਜਰ ਸਨ। ਇਸ ਮੋਕੇ ਤੇ ਸੰਬੋਧਤ ਕਰਦਿਆਂ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸਭ ਤੋਂ ਪਹਿਲਾ ਉਹ ਖੇਤਰ ਦੇ ਲੋਕਾਂ ਦਾ ਬਹੁਤ ਹੀ ਧੰਨਵਾਦ ਕਰਦੇ ਹਨ ਕਿ ਉਨ੍ਹਾਂ ਦੇ ਪਿਆਰ ਦੇ ਸਦਕਾ ਉਹ ਅੱਜ ਜਿਸ ਸਥਾਨ ਤੇ ਹਨ ਉਸ ਪਿੱਛੇ ਸਾਡੀ ਜਨਤਾ ਦਾ ਬਹੁਤ ਸਹਿਯੋਗ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੂਰੇ ਪੰਜਾਬ ਅੰਦਰ ਬਿਨ੍ਹਾਂ ਕਿਸੇ ਪੱਖਪਾਤ ਅਤੇ ਬਿਨ੍ਹਾਂ ਕਿਸੇ ਜਾਤੀ ਭੇਦ ਤੋਂ ਗ੍ਰਾਂਟਾਂ ਦੀ ਵੰਡ ਕਰਕੇ ਪੰਜਾਬ ਦੇ ਪਿੰਡਾਂ ਅੰਦਰ ਵਿਕਾਸ ਕਾਰਜ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿੰਡ ਨਿਵਾਸੀਆਂ ਵੱਲੋਂ ਕੁਝ ਮੰਗਾਂ ਉਨ੍ਹਾਂ ਅੱਗੇ ਰੱਖੀਆਂ ਗਈਆਂ ਹਨ ਜਿਨ੍ਹਾਂ ਨੂੰ ਨਿਰਧਾਰਤ ਸਮੇਂ ਅੰਦਰ ਪੂਰਾ ਕੀਤਾ ਜਾਵੇਗਾ। ਇਸ ਮੋਕੇ ਤੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਵੱਲੋਂ ਤਿੰਨ ਲੱਖ ਰੁਪਏ ਆਂਗਣਬਾੜੀ ਦੀ ਬਿਲਡਿੰਗ ਬਣਾਉਂਣ ਲਈ ਪਿੰਡ ਵਾਸੀਆਂ ਨੂੰ ਦਿੱਤੇ। ਉਨ੍ਹਾਂ ਕਿਹਾ ਕਿ ਜਿਸ ਫਿਰਨੀ ਦੀ ਪੱਕੀ ਕਰਾਉਣ ਦੀ ਪਿੰਡ ਵਾਸੀਆਂ ਵੱਲੋਂ ਮੰਗ ਆਈ ਹੈ ਉਹ ਅਧਿਕਾਰੀਆਂ ਨਾਲ ਮਿਲ ਸਕੇ ਇਨ੍ਹਾਂ ਸੜਕਾਂ ਦਾ ਐਸਟੀਮੇਟ ਬਣਾਉਂਣ ਲਈ ਕਿਹ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਡਿਮਾਂਡ ਸਾਹਮਣੇ ਆਈ ਹੈ ਕਿ ਬੇਘਰੇ ਲੋਕਾਂ ਨੂੰ ਪੰਜ ਪੰਜ ਮਰਲੇ ਦੇ ਪਲਾਟ ਦਿੱਤੇ ਜਾਣ, ਇਸ ਤੇ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਇੱਕ ਹਫਤੇ ਦੇ ਅੰਦਰ ਅੰਦਰ ਸਾਰੇ ਲੋੜਵੰਦ ਜਿਨ੍ਹਾਂ ਕੋਲ ਅਪਣਾ ਘਰ ਨਹੀਂ ਹੈ ਉਨ੍ਹਾਂ ਲੋਕਾਂ ਨੂੰ ਪੰਜ ਪੰਜ ਮਰਲੇ ਦੇ ਪਲਾਟ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਪਿੰਡ ਵੱਲੋਂ ਜੋ ਸਕੂਲ ਨੂੰ ਅੱਪਗ੍ਰੇਡ ਕਰਨ ਦੀ ਮੰਗ ਰੱਖੀ ਗਈ ਹੈ ਉਸ ਤੇ ਵੀ ਕਾਰਜ ਕੀਤਾ ਜਾਵੈਗਾ।

ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਿਹਤ ਸੁਵਿਧਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਪਿੰਡਾਂ ਅੰਦਰ ਆਮ ਆਦਮੀ ਕਲੀਨਿਕ ਖੋਲੇ ਗਏ ਜਿਨ੍ਹਾਂ ਵਿੱਚ 70 ਪ੍ਰਕਾਰ ਦੀਆਂ ਦਵਾਈਆਂ ਅਤੇ 40 ਤਰ੍ਹਾਂ ਦੇ ਸਰੀਰਿਕ ਟੈਸਟ ਦੀ ਸੁਵਿਧਾ ਵੀ ਫ੍ਰੀ ਦਿੱਤੀਆਂ ਜਾ ਰਹੀਆ ਹਨ। ਉਨ੍ਹਾਂ ਕਿਹਾ ਕਿ ਅੱਜ ਪੂਰੇ ਪੰਜਾਬ ਅੰਦਰ 90 ਪ੍ਰਤੀਸਤ ਲੋਕਾਂ ਦਾ ਬਿਜਲੀ ਬਿੱਲ ਜੀਰੋ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਨੋਜਵਾਨਾਂ ਨੂੰ ਨੋਕਰੀਆਂ ਦੇਣ ਦਾ ਬਾਅਦਾ ਕੀਤਾ ਸੀ ਅਤੇ ਪਹਿਲੇ ਪੜਾਅ ਅੰਦਰ ਹੁਣ ਤੱਕ ਕਰੀਬ 27 ਹਜਾਰ ਨੋਜਵਾਨਾਂ ਨੂੰ ਨੋਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਇੱਕ ਵਾਰ ਜਾਂ ਇਕ ਤੋਂ ਵੱਧ ਵਾਰ ਵਿਧਾਇਕ ਜਾਂ ਮੰਤਰੀ ਰਹਿ ਚੁੱਕੇ ਲੋਕ ਜੋ ਤਿੰਨ ਤੋਂ ਚਾਰ ਚਾਰ ਪੈਨਸਨਾਂ ਵੀ ਆ ਰਹੀਆਂ ਸਨ ਸਰਕਾਰ ਨੇ ਇੱਕ ਪੈਂਨਸਨ ਕੀਤੀ ਅਤੇ ਪੰਜਾਬ ਸਰਕਾਰ ਨੂੰ ਕਰੀਬ 20 ਕਰੋੜ ਰੁਪਏ ਦੀ ਬੱਚਤ ਹੋਈ। ਹੁਣ ਵੀ ਸਰਕਾਰ ਵੱਲੋਂ ਬਿਨ੍ਹਾਂ ਕਿਸੇ ਪੱਖਪਾਤ ਤੋਂ ਗ੍ਰਾਂਟਾਂ ਦੀ ਵੰਡ ਕਰਕੇ ਖੇਤਰ ਅੰਦਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਭਵਿੱਖ ਅੰਦਰ ਵੀ ਅਜਿਹ ਵਿਕਾਸ ਕਾਰਜ ਹੁੰਦੇ ਰਹਿਣਗੇ।

# ਆਨ ਫੰਡ ਕੋਆਪ੍ਰੇਟਿਵ ਸੋਸਾਇਟੀਆਂ ਦੇ ਬੇਜ਼ਮੀਨੇ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਮੰਗ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ (ਐਨ।ਐਲ।ਓ।) ਦੇ ਕਨਵੀਨਰ ਬਲਦੇਵ ਭਾਰਤੀ ਸਟੇਟ ਐਵਾਰਡੀ ਨੇ ਦੱਸਿਆ ਕਿ ਪੰਜਾਬ ਦੀ ਕਾਂਗਰਸ ਸਰਕਾਰ ਵਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਫਰਵਰੀ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬੀਆਂ ਦੇ ਸਮੁੱਚੇ ਕਰਜ਼ੇ ਮੁਆਫ਼ ਕਰਨ ਦਾ ਵਾਅਦਾ ਕੀਤਾ ਸੀ। ਇਸ ਕਰਜਾ ਮੁਆਫ਼ੀ ਦੇ ਪਹਿਲੇ ਐਲਾਨ ਵਿੱਚ ਜਿਆਦਾਤਰ ਕਿਸਾਨਾਂ ਦੇ ਕਰਜਿਆਂ ਦੀ ਮੁਆਫ਼ੀ ਹੋਈ। ਦੂਜਾ ਐਲਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ 14 ਜੁਲਾਈ 2021 ਨੂੰ 2 ਲੱਖ 85 ਹਜ਼ਾਰ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਦੇ 590 ਕਰੋੜ ਰੁਪਏ ਕਰਜ਼ਾ ਮੁਆਫ਼ ਕਰਨ ਸਬੰਧੀ ਕੀਤਾ ਗਿਆ। ਇਸ ਕਰਜ਼ਾ ਮੁਆਫ਼ੀ ਵਿੱਚ ਉਹ ਕਰਜ਼ਦਾਰ ਸ਼ਾਮਿਲ ਕੀਤੇ ਗਏ ਜਿਨ੍ਹਾਂ ਨੇ 31 ਮਾਰਚ 2017 ਤੱਕ ਬੈਂਕਾਂ ਪਾਸੋਂ 25000/-ਰੁ: ਤੱਕ ਦੇ ਕਰਜ਼ੇ ਲਏ ਸਨ। ਜਿਹੜੀਆਂ ਆਨ ਫੰਡ ਕੋਆਪ੍ਰੇਟਿਵ ਸੋਸਾਇਟੀਆਂ ਕਿਸੇ ਬੈਂਕ ਰਾਹੀਂ ਨਹੀਂ ਬਲਕਿ ਆਪਣੇ ਫੰਡਾਂ ਵਿੱਚੋਂ ਕਰਜ਼ੇ ਦਿੰਦੀਆਂ ਸਨ ਦੇ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨ ਕਰਜ਼ਦਾਰਾਂ ਨੂੰ ਇਸ ਕਰਜ਼ਾ ਮੁਆਫ਼ੀ ਸਕੀਮ ਵਿੱਚੋਂ ਬਾਹਰ ਰੱਖਣ ਕਾਰਨ ਇਸਦਾ ਲਾਭ ਨਹੀਂ ਹੋਇਆ ਅਤੇ ਇਹ ਗਰੀਬ ਆਸਵੰਦ ਲੋਕ ਕਰਜ਼ਾ ਮੁਆਫ਼ੀ ਦੀ ਰਾਹਤ ਤੋਂ ਵਾਂਝੇ ਰਹਿ ਗਏ। ਜੋ ਕਿ ਇਨ੍ਹਾਂ ਕਿਰਤੀਆਂ ਨਾਲ ਸਰਾਸਰ ਬੇਇਨਸਾਫੀ ਹੈ। ਦੂਸਰੇ ਪਾਸੇ ਇਨ੍ਹਾਂ ਕੋਆਪ੍ਰੇਟਿਵ ਸੋਸਾਇਟੀਆਂ ਦੇ ਹਿੱਸੇਦਾਰ ਕਿਸਾਨਾਂ ਦਾ 2-2 ਲੱਖ ਰੁਪਏ ਦਾ ਕਰਜ਼ਾ ਵੀ ਮੁਆਫ਼ ਕਰ ਦਿੱਤਾ ਗਿਆ। ਉਨ੍ਹਾਂ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਲ੍ਹਾ ਸ਼।ਭ।ਸ। ਨਗਰ ਦੀ ਸਬ ਡਵੀਜ਼ਨ ਬੰਗਾ ਅਤੇ ਨਵਾਂਸ਼ਹਿਰ ਦੀਆਂ ਕੋਆਪ੍ਰੇਟਿਵ ਸੋਸਾਇਟੀਆਂ ਔੜ, ਬੁਹਾਰਾ, ਬਰਨਾਲਾ ਕਲਾਂ, ਭਾਰਟਾ ਖੁਰਦ, ਬਾਹੜੋਵਾਲ, ਬੀਸਲਾ, ਚੱਕ ਰਾਮੂ, ਚੱਕਦਾਨਾਂ, ਦੌਲਤਪੁਰ, ਹਿਆਲਾ, ਹਕੀਮਪੁਰ, ਹੱਪੋਵਾਲ, ਝਿੰਗੜਾਂ, ਜੰਡਿਆਲੀ, ਜੱਸੋਮਜਾਰਾ, ਜਗਤਪੁਰ, ਜੀਂਦੋਵਾਲ, ਖਮਾਚੋਂ, ਕੰਗਰੋੜ, ਕੁਲਥਮ, ਖਾਨਖਾਨਾ, ਖੜਕੂਵਾਲ, ਲਿੱਦੜ ਕਲਾਂ, ਲੰਗੜੋਆ, ਮਜਾਰਾ ਨੌਂ ਆਬਾਦ,




ਮੁਬਾਰਕਪੁਰ, ਮੇਹਲੀ, ਮਾਹਿਲ ਗਹਿਲਾਂ, ਮਹਿਮੂਦਪੁਰ, ਪੱਲੀ ਝਿੱਕੀ, ਪੱਲੀ ਉੱਚੀ, ਰਹਿਪਾ, ਸਨਾਵਾ, ਸੂਰਾਪੁਰ, ਸਲੋਹ, ਸਾਹਲੋਂ, ਉਸਮਾਨ ਪੁਰ ਅਤੇ ਉੜਾਪੜ ਜੋ ਕਿ ਆਪਣੇ ਫੰਡ ਵਿੱਚੋਂ ਕਰਜ਼ੇ ਵੰਡੀਆਂ ਸਨ ਦੇ ਖੇਤ ਮਜ਼ਦੂਰ ਅਤੇ ਬੇਜ਼ਮੀਨੇ ਕਿਸਾਨ ਕਰਜ਼ਦਾਰ ਇਸ ਕਰਜ਼ਾ ਮੁਆਫ਼ੀ ਦੀ ਯੋਜਨਾ ਤੋਂ ਬਾਹਰ ਹੋ ਗਏ ਹਨ। ਇਨ੍ਹਾਂ 38 ਕੋਆਪ੍ਰੇਟਿਵ ਸੋਸਾਇਟੀਆਂ ਪਾਸੋਂ 129 ਪਿੰਡਾਂ ਦੇ 14 ਹਜ਼ਾਰ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਨੇ 23 ਕਰੋੜ ਰੁਪਏ ਤੋਂ ਵੱਧ ਕਰਜ਼ਾ ਲਿਆ ਹੋਇਆ ਹੈ।

ਐਨ.ਐਲ.ਓ। ਮੁਖੀ ਬਲਦੇਵ ਭਾਰਤੀ ਨੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ ਪਾਸੋਂ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਦੇ ਇਨ੍ਹਾਂ ਆਨ ਫੰਡ ਕੋਆਪ੍ਰੇਟਿਵ ਸੋਸਾਇਟੀਆਂ ਨਾਲ ਸਬੰਧਿਤ ਕਰਜ਼ਿਆਂ ਦੀ ਮੁਆਫ਼ੀ ਦੇ ਰਾਹ ਵਿੱਚ ਰੋੜਾ ਬਣੇ ਕਾਰਨਾਂ ਦੀ ਜਾਂਚ ਪੜਤਾਲ ਅਤੇ ਕਰਜ਼ਾ ਮੁਆਫ਼ੀ ਲਈ ਲਈ ਜਲਦੀ ਤੋਂ ਜਲਦੀ ਕਦਮ ਉਠਾਏ ਜਾਣ ਪੁਰਜੋਰ ਮੰਗ ਕੀਤੀ।

# ਪੰਜਾਬ ਸਰਕਾਰ ਵੱਲੋਂ ਖਵਾਹਿਸ਼ਾਂ ਦੀ ਉਡਾਨ ਪ੍ਰੋਗਰਾਮ ਅਧੀਨ ਲੜਕੀਆਂ ਲਈ ਕਰੀਅਰ ਗਾਈਡੈਂਸ ਦਾ ਵਿਸ਼ੇਸ਼ ਆਯੋਜਨ



**ਪਠਾਨਕੋਟ ਮਾਰਚ (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਰਕਾਰ ਵਲੋਂ ਵੱਡੇ ਪੱਧਰ ਤੇ ਖਵਾਹਿਸ਼ਾਂ ਦੀ ਉਡਾਨ ਵਿਸ਼ੇ ਤੇ ਵੈਬੀਨਰ ਕਰਵਾਇਆ ਜਾ ਰਿਹਾ ਹੈ। ਇਸ ਵੈਬੀਨਾਰ ਦਾ ਟਾਪਿਕ ਆਰਮਡ ਫੋਰਸ ਵਿਚ ਲੜਕੀਆਂ ਲਈ ਕਿਹੜੇ ਮੌਕੇ ਅਤੇ ਕਿਹੜੇ ਚੈਲੇਂਜ ਹੋ ਸਕਦੇ ਹਨ, ਇਸ ਸਬੰਧੀ ਸਾਰੀ ਜਾਣਕਾਰੀ ਦਿੱਤੀ ਜਾਵੇਗੀ ਅਤੇ ਇਸ ਵੈਬੀਨਾਰ ਦੇ ਮੁੱਖ ਸਪੀਕਰ ਮੇਜਰ ਜਨਰਲ ਜਸਬੀਰ ਸਿੰਘ ਸੰਧੂ ਹੋਣਗੇ।

ਜਾਣਕਾਰੀ ਦਿੰਦਿਆਂ ਸ੍ਰੀ ਰਮਨ ਰੁਜਗਾਰ ਅਫਸਰ ਪਠਾਨਕੋਟ ਨੇ ਦੱਸਿਆ ਕਿ ਪ੍ਰਾਰਥੀਆਂ ਲਈ ਮਿਤੀ 28—03—2023 ਨੂੰ ਸਵੇਰੇ 11:00 ਵਜੇ ਫੇਸਬੁਕ ਲਾਈਵ ਰਾਹੀਂ ਖਵਾਹਿਸ਼ਾਂ ਦੀ ਉਡਾਨ ਸਬੰਧੀ ਵੱਡੇ ਪੱਧਰ ਤੇ ਵੈਬੀਨਰ ਕਰਵਾਇਆ ਜਾ ਰਿਹਾ ਹੈ। ਰੋਜਗਾਰ ਅਫਸਰ ਦੁਆਰਾ ਚਾਹਵਾਨ ਲੜਕੀਆਂ ਜਿਹਨਾਂ ਦਾ ਸੁਪਨਾ ਆਰਮਡ ਫੋਰਸ ਵਿਚ ਪ੍ਰਵੇਸ਼ ਕਰਨਾ ਹੈ, ਉਨ੍ਹਾਂ ਨੂੰ ਅਪੀਲ ਕੀਤੀ ਗਈ ਕਿ ਉਹ ਨਿਰਧਾਰਤ ਕੀਤੀ ਗਈ ਮਿਤੀ ਨੂੰ ਸਵੇਰੇ 11 ਵਜੇ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ,ਬਿਊਰੋ,ਪਠਾਨਕੋਟ ਕਮਰਾ ਨੰ:352 ਦੂਜੀ ਮੰਜ਼ਿਲ ਵਿਖੇ ਆ ਕੇ ਗਾਈਡੈਂਸ਼ ਪ੍ਰਾਪਤ ਕਰ ਸਕਦੇ ਹਨ। ਜੋ ਪ੍ਰਾਰਥੀ ਘਰ ਬੈਠ ਕੇ ਇਸ ਵੈਬੀਨਾਰ ਨੂੰ ਅਟੈਂਡ ਕਰਨਾ ਚਾਹੁੰਦੇ ਹਨ ਉਹ (http://www.facebook.com/events/760832708640449 ਲਿੰਕ ਰਾਹੀਂ ਫੇਸਬੁਕ ਲਾਈਵ ਵੈਬੀਨਾਰ ਜੁਆਇੰਨ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਉਰੋ,ਪਠਾਨਕੋਟ ਨਾਲ ਸੰਪਰਕ ਕੀਤਾ ਜਾਵੇ।

# ਡਾ: ਬੀ: ਆਰ: ਅੰਬੇਡਕਰ ਪੇ ਬੈਕ ਟੂ ਸੋਸਾਇਟੀ ਬਡੇਸਰੋਂ ਵਲੋਂ ਸਕੂਲੀ ਬੱਚਿਆਂ ਨੂੰ ਕਾਪੀਆਂ ਵੰਡੀਆਂ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਅੱਜ ਡਾ ਬੀ ਆਰ ਅੰਬੇਡਕਰ ਪੇ ਬੈਕ ਟੂ ਸੁਸਾਇਟੀ"ਬਡੇਸਰੋਂ"ਵਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਰਕਾਰੀ ਪ੍ਰਾਇਮਰੀ ਸਕੂਲ ਅਤੇ ਸਰਕਾਰੀ ਮਿਡਲ ਸਕੂਲ ਬਡੇਸਰੋਂ ਦੇ ਵਿਦਿਆਰਥੀਆਂ ਨੂੰ ਮੁੱਖ ਅਧਿਆਪਕ ਸ਼੍ਰੀ ਦਿਲਾਵਰ ਜੀ ਅਤੇ ਇੰਚਾਰਜ ਸ਼੍ਰੀਮਤੀ ਸੁਮਨ ਭੱਟੀ ਸਮੇਤ ਸਮੂਹ ਸਟਾਫ ਨਾਲ ਇੱਕ ਮੁਲਾਕਾਤ ਦੌਰਾਨ 370 ਕਾਪੀਆਂ ਵਿਦਿਆਰਥੀਆਂ ਨੂੰ ਵਿੱਦਿਆ ਦੇ ਸਹਿਯੋਗ ਲਈ ਸੁਸਾਇਟੀ ਵਲੋਂ ਦਿੱਤੀਆਂ ਗਈਆਂ ਲ ਸੁਸਾਇਟੀ ਇਹ ਕੰਮ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਸੋਚ ਮਾਧੋ ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥ ਨੂੰ ਮੁੱਖ ਰੱਖਦੇ ਹੋਏ ਅਤੇ ਅੰਬੇਡਕਰ ਸਾਬ ਦੀ ਵਿਚਾਰਧਾਰਾ ਪੇ ਬੈਕ ਟੂ ਸੁਸਾਇਟੀ ਨੂੰ ਪੂਰਾ ਕਰਨ ਲਈ ਕਰ ਰਹੀਂ ਹੈ ਲ ਇਥੇ ਇੱਕ ਹੋਰ ਖੁਸ਼ ਖ਼ਬਰੀ ਆਪ ਨਾਲ ਸਾਂਝੀ ਕਰ ਰਹੇ ਹਾਂ ਕੀ ਬਹੁਤ ਜਲਦ ਮਾਤਾ ਸਵਿਤਰੀ ਬਾਈ ਫੂਲੇ ਲਾਇਬ੍ਰੇਰੀ ਵੀ ਸੁਸਾਇਟੀ ਵਲੋਂ ਪਿੰਡ ਨੂੰ ਸਪੁਰਦ ਕੀਤੀ ਜਾਵੇਗੀ ਲ ਇਸ ਸਮੇਂ ਸੁਸਾਇਟੀ ਮੈਂਬਰ ਸ਼੍ਰੀ ਸੁਰਿੰਦਰ ਪਾਲ ਥਾਣੇਦਾਰ, ਸ਼੍ਰੀ ਨਰਿੰਦਰ ਮੋਹਨ ਬਾਬੂ, ਸ਼੍ਰੀ ਰਮੇਸ਼ ਕੁਮਾਰ ਬਾਬੂ, ਹੈਡਮਾਸਟਰ ਸ਼੍ਰੀ ਸੰਦੀਪ ਬਡੇਸਰੋਂ , ਸ਼੍ਰੀ ਸੁਖਵੀਰ ਰਾਏ ਮਾਸਟਰ, ਸ਼੍ਰੀ ਰਿੰਕੂ ਸਿੰਘ ਲੈਕਚਰਾਰ ਅਤੇ ਬਲਵੀਰ "ਬਡੇਸਰੋਂ"ਸੀਨੀਅਰ ਅਸਿਸਟੈਂਟ/ਅਕਾਊਂਟੈਂਟ ਹਜ਼ਾਰ ਸਨ।

# ਪਾਵਰਕਾਮ ਐਂਡ ਟ੍ਰਾਸਕੋ ਠੇਕਾ ਮੁਲਾਜ਼ਮ ਯੂਨੀਅਨ ਜ਼ੋਨ ਜਲੰਧਰ ਦੀ ਚੀਫ ਇੰਜੀਨੀਅਰ ਨਾਲ ਹੋਈ ਮੀਟਿੰਗ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪਾਵਰਕਾਮ ਐਂਡ ਟ੍ਰਾਸਕੋ ਠੇਕਾ ਮੁਲਾਜ਼ਮ ਯੂਨੀਅਨ ਜੋਨ ਜਲੰਧਰ ਵੱਲੋਂ ਜਲੰਧਰ ਦੇ ਚੀਫ਼ ਇੰਜੀਨੀਅਰ ਤੇ ਚਾਰੋਂ ਸਰਕਲਾਂ ਦੇ ਨਿਗਰਾਨ ਇੰਜੀਨੀਅਰ ਤੇ ਕੰਪਨੀਆਂ ਦੇ ਨੁਮਾਇੰਦਿਆ ਨਾਲ ਮੀਟਿੰਗ ਹੋਈ। ਜਥੇਬੰਦੀ ਵੱਲੋਂ ਮੀਟਿੰਗ ਵਿਚ ਜਲੰਧਰ ਜੋਨ ਦੇ ਪ੍ਰਧਾਨ ਇੰਦਰਪ੍ਰੀਤ ਸਿੰਘ, ਜਲੰਧਰ ਸਰਕਲ ਪ੍ਰਧਾਨ ਸੋਹਣ ਸਿੰਘ, ਡਿਵੀਜ਼ਨ ਪ੍ਰਧਾਨ ਜਗਤਾਰ ਸਿੰਘ, ਫਗਵਾੜਾ ਡਿਵੀਜਨ ਪ੍ਰਧਾਨ ਦੇਵਰਾਜ, ਕੈਸ਼ੀਅਰ ਸੰਤੋਖ ਸਿੰਘ, ਕਪੂਰਥਲਾ ਸਰਕਲ ਪ੍ਰਧਾਨ ਜਗਤਾਰ ਸਿੰਘ, ਕਪੂਰਥਲਾ ਸਿਟੀ ਡਿਵੀਜਨ ਪ੍ਰਧਾਨ ਗੁਰਜੰਟ ਸਿੰਘ ਆਦਿ ਮੈਂਬਰ ਹਾਜ਼ਰ ਹੋਏ। ਜਲੰਧਰ ਜੋਨ ਦੇ ਪ੍ਰਧਾਨ ਇੰਦਰਪ੍ਰੀਤ ਸਿੰਘ ਨੇ ਦੱਸਿਆ ਕਿ ਬਿਜਲੀ ਵਿਭਾਗ ਦੇ ਅਦਾਰੇ 'ਚ ਕੰਮ ਕਰਦੇ ਪਾਵਰਕਾਮ ਸੀ।ਐਚ।ਬੀ ਤੇ ਡਬਲਿਊ ਕਾਮੇ ਨਿੱਜੀਕਰਨ ਨੀਤੀ ਦੀ ਚੱਕੀ 'ਚ ਪੀਸੇ ਜਾ ਰਹੇ ਹਨ। ਸੀ।ਐਚ।ਬੀ ਅਤੇ ਡਬਲਿਊ ਕਾਮੇ ਸਹਾਇਕ-ਲਾਈਮੈਨਾਂ ਅਤੇ ਲਾਈਮੈਨਾਂ ਦਾ ਕੰਮ ਕਰ ਰਹੇ ਹਨ। ਬਿਜਲੀ ਸਪਲਾਈ ਨੂੰ ਬਹਾਲ ਰੱਖਣ ਲਈ ਇਹ ਕਾਮੇ ਦਿਨ-ਰਾਤ ਮਿਹਨਤ ਕਰਦੇ ਹਨ। ਨਿਗੂਣੀਆਂ ਤਨਖ਼ਾਹਾਂ ਤੇ ਕੰਮ ਕਰਵਾਇਆ ਜਾ ਰਿਹਾ ਹੈ। ਜਿਸ 'ਚ ਘਰਾਂ ਦਾ ਗੁਜਾਰਾ ਬੜਾ ਮੁਸਕਿਲ ਨਾਲ ਚੱਲਦਾ ਹੈ ਅਤੇ ਸੀ।ਐਚ।ਬੀ ਤੇ ਡਬਲਿਊ ਉਹ ਕਾਮੇ ਹਨ ਜੋ ਬਿਜਲੀ ਸਪਲਾਈ ਨੂੰ ਬਹਾਲ ਰੱਖਦਿਆਂ-2 ਕਈ ਕਾਮੇ ਮੌਤ ਦੇ ਮੂੰਹ 'ਚ ਪੈ ਜਾਦੈਂ ਹਨ ਅਤੇ ਕਈ ਅਪੰਗ ਹੋ ਜਾਦੈਂ ਹਨ ਜਿਹਨਾਂ ਦੇ ਪਰਿਵਾਰ ਮਿਲਣਯੋਗ ਮੁਆਵਜੇ ਨੂੰ ਵੀ ਤਰਸਦੇ ਰਹਿੰਦੇ ਹਨ। ਮੀਟਿੰਗ ਵਿੱਚ ਤਿੰਨੇ ਸਰਕਲਾਂ ਦੇ ਡੀ ਸੀ ਰੇਟਾ ਦੇ ਬਕਾਏ ਹਾਲੇ ਤੱਕ ਵੀ ਜਾਰੀ ਨਹੀਂ ਕੀਤੇ ਗਏ ਜੋ ਕੰਪਨੀ ਵੱਲੋਂ ਅਪ੍ਰੈਲ ਚ ਪਾਉਣ ਦਾ ਭਰੋਸਾ ਦਿੱਤਾ ਸੀ। ਜਲੰਧਰ ਦੇ ਚੀਫ ਇੰਜੀਨੀਅਰ ਨੇ ਵੀ ਭਰੋਸਾ ਦਿਵਾਇਆ ਕਿ ਕੰਪਨੀ ਅਪ੍ਰੈਲ ਵਿੱਚ ਆਉਣ ਵਾਲੀ ਤਨਖਾਹ ਦੇ ਨਾਲ ਪੁਰਾਣੇ ਬਕਾਇਆਂ ਦਾ ਭੁਗਤਾਨ ਕੰਪਨੀ ਵੱਲੋਂ ਕਰ ਦਿੱਤਾ ਜਾਵੇਗਾ। ਮੀਟਿੰਗ ਤੋਂ ਬਾਅਦ ਜਲੰਧਰ ਦੇ ਚੀਫ ਇੰਜੀਨੀਅਰ ਵੱਲੋਂ ਚਾਰੋਂ ਸਰਕਲਾਂ ਦੇ ਨਿਗਰਾਨ ਇੰਜੀਨੀਅਰਾਂ ਦੀ ਡਿਊਟੀ ਲਗਾਈ ਗਈ ਕਿ ਜਥੇਬੰਦੀ ਨਾਲ ਮੀਟਿੰਗਾਂ ਕਰਕੇ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ। ਦੂਜੇ ਪਾਸੇ ਮੌਜੂਦਾ ਸਰਕਾਰ ਵੀ ਸਰਕਾਰੀ ਗਰੰਟੀ ਨੂੰ ਖਤਮ ਕਰਕੇ ਨੌਜਵਾਨਾਂ ਦਾ ਭਵਿੱਖ ਜਿੱਥੇ ਖਾਤਮਾ ਕੀਤਾ ਹੈ ਉੱਥੇ ਹੀ ਸਸਤੀ ਬਿਜਲੀ ਪੈਦਾਵਾਰੀ/ਸਰਕਾਰੀ ਰੁਜ਼ਗਾਰ ਮਿਲਣ ਦੇ ਸੋਮੇ ਵੀ ਖਤਮ ਕੀਤੇ ਜਾ ਰਹੇ ਹਨ। ਰੰਗ-ਬਰੰਗੀਆਂ ਸਰਕਾਰਾਂ ਆਈਆਂ ਹਰੇਕ ਨੇ ਹੀ ਆਊਟ-ਸੋਰਸਿੰਗ ਕਾਮਿਆਂ ਨੂੰ ਰੈਗੂਲਰ ਕਰਨ ਦਾ



ਕੋਝਾ ਮਜਾਕ ਉਡਾਇਆ। ਪਰ ਅੱਜ ਜਦੋਂ ਰੈਗੂਲਰ ਕਰਨ ਦੀ ਗੱਲ ਚੱਲਦੀ ਹੈ ਤਾਂ ਕੋਰਟਾਂ ਦਾ ਬਹਾਨਾ ਬਣਾ ਕੇ ਆਊਟ-ਸੋਰਸਿੰਗ ਕਾਮਿਆਂ ਨੂੰ ਰੈਗੂਲਰ ਕਰਨ ਤੋਂ ਪਾਸਾ ਵੱਟਿਆ ਜਾ ਰਿਹਾ। ਅੱਜ ਮੌਜੂਦਾ ਆਪ ਦੀ ਸਰਕਾਰ ਵੀ ਆਊਟ-ਸੋਰਸਿੰਗ ਕਾਮਿਆਂ ਨੂੰ ਵਿਭਾਗ 'ਚ ਲੈਣ ਤੋ ਪਾਸਾ ਵੱਟ ਰਹੀ ਹੈ। ਮਿਤੀ 07-06-2022 ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨਾਲ ਮੀਟਿੰਗ ਹੋਈ ਸੀ। ਜਿਸ 'ਚ ਜਥੇਬੰਦੀ ਵਲੋਂ ਸੀ।ਐਚ।ਬੀ ਤੇ ਡਬਲਿਊ ਕਾਮਿਆਂ ਨੂੰ ਵਿਭਾਗ 'ਚ ਰੈਗੂਲਰ ਕਰਨ ਤੇ ਸਰਕਾਰ ਨੂੰ ਬੱਚਤ ਹੋਣ ਬਾਰੇ ਜਾਣਕਾਰੀ ਪੇਸ਼ ਕੀਤੀ । ਦੂਜਾ ਕਰੰਟ ਨਾਲ ਮੌਤ ਤੇ ਅਪੰਗ ਕਾਮਿਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਨੌਕਰੀ ਪੈਨਸ਼ਨ ਦੀ ਮੰਗ ਅਤੇ ਘੱਟੋ-ਘੱਟ ਗੁਜਾਰੇ-ਯੋਗ ਤਨਖਾਹ ਨਿਸ਼ਚਿਤ ਕਰਨ ਅਤੇ ਕਰੋੜਾਂ ਰੁਪਏ ਦੇ ਠੇਕੇਦਾਰਾਂ ਕੰਪਨੀਆਂ ਵਲੋਂ ਕੀਤੇ ਗਏ ਬਕਾਏ ਜਾਰੀ ਕਰਨ। ਜੇ ਮੁੱਖ ਮੰਤਰੀ ਸਾਹਿਬ ਮੀਟਿੰਗ ਕਰਕੇ ਸੀ।ਐਚ।ਬੀ ਤੇ ਡਬਲਿਊ ਕਾਮਿਆਂ ਦੀਆਂ ਮੰਗਾਂ ਦਾ ਹੱਲ ਨਹੀਂ ਕਰਦੇ ਤਾਂ ਮਿਤੀ 5 ਅਪ੍ਰੈਲ 2023 ਨੂੰ ਪਰਿਵਾਰਾਂ ਤੇ ਬੱਚਿਆਂ ਸਮੇਤ ਪਟਿਆਲੇ ਦੀਆਂ ਸੜਕਾਂ ਤੇ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ ਫੀਲਡ 'ਚ ਮੁੱਖ ਮੰਤਰੀ ਦੇ ਪਹੁੰਚਣ 'ਤੇ ਕਾਲੀਆਂ ਝੰਡੀਆਂ ਨਾਲ ਰੋਸ ਵਿਖਾਵੇ ਕਰਨਗੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਪੰਜਾਬੀ ਸਾਹਿਤ ਸਭਾ (ਰਜਿ.) ਦੀ ਹੋਈ ਵਿਸ਼ੇਸ਼ ਮੀਟਿੰਗ



**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ (ਰਜਿ.) ਹੁਸ਼ਿਆਰਪੁਰ ਦੀ ਵਿਸ਼ੇਸ਼ ਮੀਟਿੰਗ ਸਭਾ ਦੇ ਪ੍ਰਧਾਨ ਮਦਨ ਵੀਰਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿਚ ਆਏ ਹੋਏ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਆਖਦਿਆਂ ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਲੇਖਕ ਜੋਗਾ ਸਿੰਘ ਬਠੁੱਲਾ, ਡਾ. ਅਰਸ਼ਪ੍ਰੀਤ ਸਿੰਘ, ਭਿਆਨਕ ਹਾਦਸੇ ਦਾ ਸ਼ਿਕਾਰ ਹੋਏ ਤਿੰਨ ਅਧਿਆਪਕ ਅਤੇ ਬਸ ਚਾਲਕ ਸੰਬੰਧੀ ਸ਼ੋਕ ਮਤਾ ਪੜ੍ਹਿਆ।ਸਾਹਿਤਕਾਰਾਂ ਨੇ ਦੋ ਮਿੰਟ ਦਾ ਮੌਨ ਰੱਖ ਕੇ ਵਿਛੜੇ ਸਾਹਿਤਕ ਦੋਸਤਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਸੜਕਾਂ ਤੇ ਨਿੱਤ ਹੁੰਦੇ ਹਾਦਸਿਆਂ ਪ੍ਰਤੀ ਚਿੰਤਾ ਵਿਅਕਤ ਕੀਤੀ। ਸਭਾ ਦੇ ਸਾਰੇ ਮੈਬਰਾਂ ਨੇ ਸ਼ਾਇਰ ਮਦਨ ਵੀਰਾ ਨੂੰ ਲੋਕ-ਕਾਵਿ ਵਲੋਂ ਉਨ੍ਹਾਂ ਦੀ ਕਾਵਿ ਪੁਸਤਕ 'ਘੇਰੇ ਤੋਂ ਬਾਹਰ' ਨੂੰ ਮਿਲੇ 31000/- ਰੁਪਏ ਦੇ ਸਨਮਾਨ ਲਈ ਵਧਾਈਆਂ ਦਿੱਤੀਆਂ।ਨਾਲ ਹੀ ਸਭਾ ਵਲੋਂ ਫ਼ੈਸਲਾ ਕੀਤਾ ਗਿਆ ਕਿ ਅਗਲੇ ਮਹੀਨੇ ਮਦਨ ਵੀਰਾ ਦੀ ਕਾਵਿ ਧਾਰਾ ਨੂੰ ਲੈ ਕੇ ਹੁਸ਼ਿਆਰਪੁਰ ਵਿਖੇ ਇੱਕ ਵੱਡਾ ਸਮਾਗਮ ਕੀਤਾ ਜਾਵੇਗਾ।

ਇਸ ਉਪਰੰਤ ਹਾਜ਼ਰ ਸਾਹਿਤਕਾਰਾਂ ਕੁਲਤਾਰ ਸਿੰਘ ਕੁਲਤਾਰ, ਸੁਰਿੰਦਰ ਕੰਗਵੀ, ਲੈਕ. ਲਖਵਿੰਦਰ ਰਾਮ, ਡਾ. ਜਸਵੰਤ ਰਾਏ, ਰਾਜ ਕੁਮਾਰ ਘਾਸੀਪੁਰੀਆ, ਰਜਿੰਦਰ ਸੱਚਦੇਵਾ, ਪ੍ਰਿੰਸੀਪਲ ਦਾਸ ਰਾਮ ਭਾਰਤੀ, ਸੁਰਿੰਦਰ ਸੱਲ੍ਹਣ, ਆਯੂਸ਼ ਸ਼ਰਮਾ, ਸਤੀਸ਼ ਕੁਮਾਰ, ਮੈਡਮ ਗੁਰਬਚਨ ਕੌਰ, ਜੀਵਨ ਜੋਤ ਨੇ ਆਪਣੀਆਂ ਸੱਜਰੀਆਂ ਰਚਨਾਵਾਂ ਨਾਲ ਹਾਜ਼ਰੀ ਲੁਆਈ।ਡਾ. ਕਰਮਜੀਤ ਸਿੰਘ ਨੇ ਨਵਲ 'ਅਛੂਤ' ਅਤੇ ਪੰਡਿਤਾ ਰਮਾਬਾਈ ਦੀ ਜੀਵਨੀ ਨੂੰ ਲੈ ਕੇ ਗੱਲ ਕਰਦਿਆਂ ਦੋਸਤਾਂ ਨੂੰ ਕਿਤਾਬਾਂ ਪੜ੍ਹਦੇ ਰਹਿਣ ਲਈ ਪ੍ਰੇਰਿਆ। ਪ੍ਰਧਾਨ ਮਦਨ ਵੀਰਾ ਨੇ ਪੇਸ਼ ਰਚਨਾਵਾਂ ਤੇ ਟਿੱਪਣੀਆਂ ਕਰਦਿਆਂ ਲੇਖਕਾਂ ਨਾਲ ਕਾਵਿ ਭਾਸ਼ਾ ਸੰਬੰਧੀ ਮੁਲਵਾਨ ਗੱਲਾਂ ਕੀਤੀਆਂ।ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖੂਬੀ ਨਿਭਾਈ।ਇਸ ਮੌਕੇ ਸਾਹਿਕਾਰਾਂ ਤੋਂ ਇਲਾਵਾ ਸਾਹਿਤ ਪ੍ਰੇਮੀ ਵੀ ਹਾਜ਼ਰ ਸਨ।

**ਰਿਪੋਰਟ:**
**ਡਾ. ਜਸਵੰਤ ਰਾਏ (98158259)**

# ਪੰਜਾਬ ਸਥਾਨਕ ਸਰਕਾਰਾਂ ਦੀਆਂ ਚੋਣਾਂ ਲਈ ਭਾਜਪਾ ਪੂਰੀ ਤਰ੍ਹਾਂ ਤਿਆਰ: ਸੋਮ ਪ੍ਰਕਾਸ਼



**ਚੰਡੀਗੜ੍ਹ: 26 ਮਾਰਚ–** ਭਾਰਤੀ ਜਨਤਾ ਪਾਰਟੀ ਨੇ ਅੱਜ ਸ਼੍ਰੋਮਣੀ ਅਕਾਲੀ ਦਲ (ਬਾ।) ਨੂੰ ਉਸ ਸਮੇਂ ਤਗੜਾ ਝਟਕਾ ਦਿੱਤਾ ਜਦੋਂ ਦੋਆਬੇ ਦੇ ਕਈ ਦਿੱਗਜ ਆਗੂ ਆਪਣੇ ਸਮਰਥਕਾਂ ਸਮੇਤ ਭਾਜਪਾ ਵਿੱਚ ਸ਼ਾਮਲ ਹੋ ਗਏ। ਭਾਜਪਾ ਹੈੱਡਕੁਆਰਟਰ ਚੰਡੀਗੜ੍ਹ ਵਿਖੇ ਉਲੀਕੇ ਪ੍ਰੋਗਰਾਮ ਦੌਰਾਨ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਭਾਜਪਾ ਵਿੱਚ ਸ਼ਾਮਲ ਹੋਏ ਇਨ੍ਹਾਂ ਸਾਰੇ ਨਵੇਂ ਵਰਕਰਾਂ ਨੂੰ ਪਾਰਟੀ ਦਾ ਸਿਰੋਪਾਓ ਦੇ ਕੇ ਭਾਜਪਾ ਪਰਿਵਾਰ ਵਿੱਚ ਸ਼ਾਮਲ ਕੀਤਾ। ਇਸ ਮੌਕੇ ਸੋਮ ਪ੍ਰਕਾਸ਼ ਦੇ ਨਾਲ ਭਾਜਪਾ ਦੇ ਸੂਬਾ ਜਨਰਲ ਸਕੱਤਰ ਰਾਜੇਸ਼ ਬਾਗਾ, ਸੂਬਾ ਸਕੱਤਰ ਪਰਮਿੰਦਰ ਬਰਾੜ ਆਦਿ ਵੀ ਹਾਜ਼ਰ ਸਨ। ਸੋਮ ਪ੍ਰਕਾਸ਼ ਨੇ ਇਸ ਮੌਕੇ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਏ ਸਾਰੇ ਨਵੇਂ ਮੈਂਬਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਸਾਰੇ ਵਰਕਰ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੋਚ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਗਰ ਨਿਗਮਾਂ ਅਤੇ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਲਈ ਭਾਰਤੀ ਜਨਤਾ ਪਾਰਟੀ ਪੂਰੀ ਤਰ੍ਹਾਂ ਤਿਆਰ ਹੈ ਅਤੇ ਭਾਜਪਾ ਵਰਕਰ ਪੂਰੇ ਜੋਸ਼ ਨਾਲ ਚੋਣ ਮੈਦਾਨ ਵਿੱਚ ਉਤਰੇ ਹੋਏ ਹਨ। ਕੇਂਦਰੀ ਭਾਜਪਾ ਇਹ ਚੋਣਾਂ ਸੂਬੇ ਦੇ ਲੋਕਾਂ ਤੋਂ ਪ੍ਰਾਪਤ ਭਾਰੀ ਬਹੁਮਤ ਨਾਲ ਜਿੱਤੇਗੀ ਅਤੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਵੀ ਪੂਰਾ ਕਰੇਗੀ। ਉਨ੍ਹਾਂ ਕਿਹਾ ਕਿ ਸਾਰੇ ਨਵੇਂ ਵਰਕਰ ਆਪੋ-ਆਪਣੇ ਖੇਤਰਾਂ ਵਿਚ ਪਾਰਟੀ ਨੂੰ ਹੋਰ ਮਜ਼ਬੂਤ ਕਰਦੇ ਹੋਏ ਭਾਜਪਾ ਦੀ ਵਿਚਾਰਧਾਰਾ ਅਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਪ੍ਰਚਾਰ ਪ੍ਰਸਾਰ ਕਰਦੇ ਹੋਏ ਸੰਗਠਨ ਨੂੰ ਹੋਰ ਮਜ਼ਬੂਤ ਕਰਨਗੇ ਅਤੇ ਹਲਕੇ ਵਿਚ ਭਾਜਪਾ ਦੇ ਉਮੀਦਵਾਰਾਂ ਦੀ ਜਿੱਤ ਵਿਚ ਅਹਿਮ ਭੂਮਿਕਾ ਨਿਭਾਉਣਗੇ।

ਰਾਜੇਸ਼ ਬਾਗਾ ਨੇ ਇਸ ਮੌਕੇ ਦੱਸਿਆ ਕਿ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾ।) ਦੀ ਭੋਗਪੁਰ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਅਤੇ ਭੋਗਪੁਰ ਟਰੱਕ ਯੂਨੀਅਨ ਦੇ ਪ੍ਰਧਾਨ ਜਗਮੇਲ ਸਿੰਘ ਢਿੱਲੋਂ, ਸਾਬਕਾ ਸਰਪੰਚ ਬਹਿਰਾਮ ਸ੍ਰਿਸ਼ਟਾ ਸ੍ਰੀਮਤੀ ਸੁਖਵਿੰਦਰ ਕੌਰ, ਸ਼੍ਰੋਮਣੀ ਅਕਾਲੀ ਦਲ ਬੀ।ਸੀ। ਵਿੰਗ ਭੋਗਪੁਰ ਸਾਬਕਾ ਪ੍ਰਧਾਨ ਨਰਿੰਦਰ ਜੀਤ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਦੋਆਬਾ ਜ਼ੋਨ ਦੇ ਸਾਬਕਾ ਪ੍ਰਧਾਨ ਮਲਕੀਤ ਸ਼ਾਹ ਸਨੌਰ ਆਪਣੇ ਸਮਰਥਕਾਂ ਸਮੇਤ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਏ ਹਨ। ਭਾਜਪਾ ਦੀ ਸੂਬਾਈ ਲੀਡਰਸ਼ਿਪ ਨੇ ਸਾਰੇ ਨਵੇਂ ਸ਼ਾਮਲ ਹੋਏ ਲੋਕਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਨ੍ਹਾਂ ਸਾਰਿਆਂ ਨੂੰ ਪਾਰਟੀ ਵਿੱਚ ਬਣਦਾ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ।

# ਕਿੱਕ ਬਾਕਸਿੰਗ ਦੀ ਖਿਡਾਰਨ ਮੁਸਕਾਨ ਨੇ ਅੰਤਰਰਾਸ਼ਟਰੀ ਪੱਧਰ ਤੇ ਜਿੱਤਿਆ ਗੋਲਡ ਮੈਡਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਬੰਗਾ ਇਲਾਕੇ ਦੀ ਨਾਮਵਰ ਤੇ ਉਚਕੋਟੀ ਦੀ ਪਾਏਦਾਰ ਕਿੱਕ ਬਾਕਸਿੰਗ ਦੀ ਇੰਟਰਨੈਸ਼ਨਲ ਖਿਡਾਰਨ ਮੁਸਕਾਨ ਨੇ ਫਿਰ ਆਪਣਾ ਲੋਹਾ ਮੰਨਵਾਇਆ। ਦਲਿਤ ਗਰੀਬ ਪਰਿਵਾਰ ਦੀ ਨਿਮਾਣੀ ਜਿਹੀ ਬੱਚੀ ਕਦੇ ਵੀ ਇੰਨੀ ਉੱਚੀ ਉਡਾਣ ਨਾ ਭਰਦੀ ਜੇ ਬੰਗਾ ਇਲਾਕੇ ਦੇ ਸਮਾਜ ਸੇਵੀ ਪਰਿਵਾਰ ਇਸ ਬੱਚੀ ਦੀ ਬਾਂਹ ਨਾ ਫੜਦੇ। ਅੱਜ ਮੁਸਕਾਨ ਅੰਤਰਰਾਸ਼ਟਰੀ ਪੱਧਰ ਆਪਣਾ ਤੇ ਆਪਣੇ ਇਲਾਕੇ ਦਾ ਨਾਮ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੀ ਬਦੌਲਤ ਪੂਰੀ ਦੁਨੀਆ ਵਿੱਚ ਰੌਸ਼ਨ ਕਰ ਰਹੀ ਹੈ। ਮੁਸਕਾਨ ਪਿਛਲੇ ਲੰਬੇ ਸਮੇਂ ਤੋਂ ਕਿੱਕ ਬਾਕਸਿੰਗ ਦੇ ਨਾਲ-ਨਾਲ ਵੁਸ਼ੂ ਦੀ ਖੇਡ ਵਿੱਚ ਵੀ ਨਾਮਣਾ ਖੱਟ ਕੇ ਵਧੀਆ ਖਿਡਾਰਨ ਬਣ ਚੁੱਕੀ ਹੈ। ਉਸਨੇ ਆਪਣੀ ਖੇਡ ਦੇ ਦਮ ਤੇ ਬਹੁਤ ਸਾਰੇ ਸਨਮਾਨ ਚਿੰਨ੍ਹ ਪ੍ਰਾਪਤ ਕਰਕੇ ਇਲਾਕੇ ਦਾ ਨਾਮ ਰੌਸ਼ਨ ਕਰਿਆ ਹੈ। ਹਾਲ ਦੀ ਘੜੀ ਮੁਸਕਾਨ ਨੇ ਕਿੱਕ ਬਾਕਸਿੰਗ ਵਿਚ ਗੋਲਡ ਮੈਡਲ ਜਿੱਤਿਆ ਹੈ, ਜੋ ਉਸ ਦੀ ਮਿਹਨਤ ਨੂੰ ਹੋਰ ਵੀ ਚਾਰ ਚੰਨ ਲਗਾ ਰਿਹਾ ਹੈ। ਦੂਸਰੀ ਵਾਕੋ ਇੰਡੀਆ ਓਪਨ ਇੰਟਰਨੈਸ਼ਨਲ ਕਿੱਕ ਬਾਕਸਿੰਗ ਚੈਪੀਅਨਸ਼ਿਪ ਦੇ 2 ਤੋਂ 6 ਨਵੰਬਰ ਨੂੰ ਟਾਲਕ ਟੋਰੀਅਮ ਇਨਡੋਰ ਸਟੇਡੀਅਮ ਵਿਖੇ ਟੂਰਨਾਮੈਂਟ ਹੋਏ। ਇਸ ਵਿੱਚ ਮੁਸਕਾਨ ਨੇ ਵਿਰੋਧੀ ਖਿਡਾਰੀ ਨੂੰ ਚਾਰੋਂ ਖਾਨੇ ਚਿੱਤ ਕਰਕੇ ਗੋਲਡ ਮੈਡਲ ਤੇ ਆਪਣ ਕਬਜ਼ਾ ਜਮਾਇਆ। ਇਸ ਵਕਤ ਮੁਸਕਾਨ ਦੇ ਪਿਤਾ ਚਰਨਜੀਤ ਸਿੰਘ ਸੱਲ੍ਹਾਂ ਨੇ ਦੱਸਿਆ ਕਿ ਸਾਡੀ ਗਰੀਬੀ ਸਾਰੇ ਲਈ ਸ਼ਰਾਪ ਬਣਕੇ ਖੜੀ ਹੈ, ਪਰ ਸਾਡੇ ਦੇ ਐਨ।ਆਰ।ਆਈ ਤੇ ਸਮਾਜ ਸੇਵੀ ਵੀਰਾਂ-ਭੈਣਾਂ ਨੇ





ਮੈਨੂੰ ਕਦੀ ਡੋਲਣ ਨਹੀਂ ਦਿੱਤਾ। ਉਹਨਾਂ ਨੂੰ ਜਦੋਂ ਵੀ ਬੱਚੀ ਦੇ ਦੂਰ ਦੇ ਟੂਰ ਤੇ ਖੇਡਣ ਜਾਣ ਦੀ ਖਬਰ ਮਿਲਦੀ ਹੈ ਤਾਂ ਉਹ ਝੱਟ ਦੇਣੀ ਆਪ ਖਬਰਸਾਰ ਪੁੱਛ ਕੇ ਆਰਥਿਕ ਮਦਦ ਭੇਜ ਦਿੰਦੇ ਹਨ, ਤੇ ਹਰ ਸਮੇਂ ਬੱਚੀ ਦੇ ਜਿੱਤਣ ਦੀਆਂ ਕਾਮਨਾਵਾਂ ਵੀ ਕਰਦੇ ਹਨ। ਅਸੀਂ ਸਰਕਾਰ ਦੇ ਦਰਬਾਰ ਡੀ ਸੀ ਦਫਤਰ ਨਵਾਂਸ਼ਹਿਰ ਵਿਖੇ ਬੱਚੀ ਲਈ ਕੋਈ ਸਰਕਾਰੀ ਪੱਧਰ ਤੇ ਆਰਥਿਕ ਸਹਾਇਤਾ ਦੀ ਮੰਗ ਕੀਤੀ ਸੀ ਤਾਂ ਕਿ ਕੋਈ ਅੜਚਣ ਨਾ ਰਹੇ। ਪਰ ਉਥੋਂ ਸਾਨੂੰ ਅੱਜ ਤੱਕ ਲੀਡਰਾਂ ਦੇ ਫੋਕੇ ਲਾਰਿਆਂ ਵਾਂਗ ਕੁਝ ਵੀ ਨਸੀਬ ਨਹੀਂ ਹੋਇਆ। ਉਹਨਾਂ ਅੱਗੇ ਦੱਸਿਆ ਕਿ ਅਗਰ ਸਾਡੀ ਐਨ।ਆਰ।ਆਈ ਜਾਂ ਸਮਾਜ ਸੇਵੀ ਮਦਦ ਨਾਂ ਕਰਨ ਤਾਂ ਅਸੀਂ ਕੁੱਝ ਵੀ ਕਰਨ ਤੋਂ ਅਸਮਰੱਥ ਹੋਵਾਂਗੇ। ਉਹ ਐਨ।ਆਰ।ਆਈ ਤੇ ਸਮਾਜ ਸੇਵੀ ਲਈ ਦਿਲ ਦੀਆਂ ਗਹਿਰੀਆਂ ਤੋਂ ਵਾਰ ਵਾਰ, ਧੰਨਵਾਦ ਕਰਦੇ ਨਹੀਂ ਥੱਕਦੇ। ਸਾਡੀ ਬੱਚੀ ਦੀ ਗੇਮ ਦਾ ਸਾਰਾ ਖਰਚਾ ਇਹ ਲੋਕ ਹੀ ਕਰਦੇ ਹਨ, ਜਿਸ ਨਾਲ ਮੁਸਕਾਨ ਤਰੱਕੀ ਦੀ ਨਿੱਤ ਨਵੀਆਂ ਮੰਜ਼ਿਲਾਂ ਤਹਿ ਕਰਦੀ ਜਾਂਦੀ ਹੈ।

ਅੱਜ ਗੋਲਡ ਮੈਡਲ ਜਿੱਤ ਕੇ ਘਰ ਵਾਪਸ ਪਹੁੰਚਣ ਤੇ ਪਿੰਡ ਸੱਲ੍ਹ ਕਲਾਂ ਦੇ ਹਮਦਰਦ ਪਰਿਵਾਰਾਂ ਵਲੋਂ ਬੱਚੀ ਤੇ ਉਸਦੇ ਕੋਚ ਦਾ ਢੋਲ ਵਜਾ ਕੇ ਮਾਣ-ਤਾਣ ਕੀਤਾ। ਮੁਸਕਾਨ ਦੇ ਨਾਲ ਉਸਦੇ ਕੋਚ ਮਨਜੀਤ ਸਿੰਘ ਲੌਂਗੀਆ ਤੇ ਅੰਤਰਰਾਸ਼ਟਰੀ ਖਿਡਾਰੀ ਹਰਸਿਮਰਨ ਸਿੰਘ ਲੌਂਗੀਆ ਵੀ ਨਾਲ ਮੌਜੂਦ ਸਨ। ਮੁਸਕਾਨ ਨੇ ਪਿੰਡ ਦੇ ਸਕੂਲ ਵਿੱਚ ਜਾ ਕੇ ਪਹਿਲਾਂ ਅਧਿਆਪਕਾਂ ਦਾ ਵਧੀਆ ਤਰੀਕੇ ਨਾਲ ਦਿੱਤੀ ਸਿੱਖਿਆ ਦਾ ਧੰਨਵਾਦ ਕੀਤਾ ਤੇ ਫਿਰ ਗੁਰੂਘਰ ਜਾ ਕੇ ਅਕਾਲਪੁਰਖ ਦਾ ਇਸ ਜਿੱਤ ਲਈ ਸ਼ੁਕਰਾਨਾ ਅਦਾ ਕੀਤਾ। ਗੁਰੂਘਰ ਵਿੱਚ ਪਿੰਡ ਸੱਲ੍ਹ ਕਲਾਂ ਦੀ ਪੰਚਾਇਤ ਵਲੋਂ ਮੁਸਕਾਨ ਤੇ ਸਾਥੀ ਖਿਡਾਰੀ ਨਾਲ ਕੋਚ ਦਾ ਵੀ ਸਿਰੋਪਾਓ ਦੇ ਕੇ ਸਨਮਾਨ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਪੰਚ ਸੁਖਦੀਪ ਸਿੰਘ, ਮਾਸਟਰ ਰਾਜ ਕੁਮਾਰ, ਸਰਬਜੀਤ ਕੌਰ, ਰਜਨੀ ਕਾਲੀਆ, ਮੈਡਮ ਬਖਸ਼ੋ, ਨੰਬਰਦਾਰ ਚਰਨਜੀਤ ਸਿੰਘ, ਕੁਲਵਿੰਦਰ ਕੌਰ ਤੇ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਅਸ਼ਵਨੀ ਸ਼ਰਮਾ ਨੇ ਦਿੱਲੀ 'ਚ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਨਾਲ ਕੀਤੀ ਮੁਲਾਕਾਤ

**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪੰਜਾਬ ਵਿੱਚ ਹੋਣ ਵਾਲੀਆਂ ਨਗਰ ਨਿਗਮ ਚੋਣਾਂ ਨੂੰ ਲੈ ਕੇ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਨਾਲ ਦਿੱਲੀ ਵਿਖੇ ਮੁਲਾਕਾਤ ਕੀਤੀ। ਅਸ਼ਵਨੀ ਸ਼ਰਮਾ ਨੇ ਕੌਮੀ ਪ੍ਰਧਾਨ ਨੱਡਾ ਨਾਲ ਜਿਥੇ ਸੰਗਠਨਾਤਮਕ ਚਰਚਾ ਕੀਤੀ, ਉਥੇ ਨਾਲ ਹੀ ਪੰਜਾਬ ਦੀ ਭਗਵੰਤ ਮਾਨ ਸਰਕਾਰ



ਦੀ ਇੱਕ ਸਾਲ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਦਿੰਦਿਆਂ ਪੰਜਾਬ ਦੀ ਮੌਜੂਦਾ ਰਾਜਨੀਤੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਭਾਜਪਾ ਨਗਰ ਨਿਗਮ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ। ਨੱਡਾ ਜੀ ਨਾਲ ਮੁਲਾਕਾਤ ਦੌਰਾਨ ਨੱਡਾ ਜੀ ਨੇ ਆਉਣ ਵਾਲੀਆਂ ਚੋਣਾਂ ਸਬੰਧੀ ਰਣਨੀਤੀ ਬਾਰੇ ਹਦਾਇਤਾਂ ਦਿੱਤੀਆਂ ਹਨ। ਭਾਜਪਾ ਵੱਲੋਂ ਚੋਣਾਂ ਲਈ ਜਥੇਬੰਦਕ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਵਰਕਰ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹਨ। ਜਦੋਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਦੋਂ ਤੋਂ ਹੀ ਕਤਲ, ਗੁੰਡਾਗਰਦੀ, ਗੋਲੀ ਕਾਂਡ, ਲੁੱਟ-ਖੋਹ ਅਤੇ ਡਕੈਤੀ ਦੀਆਂ ਘਟਨਾਵਾਂ ਨਿੱਤ ਵਾਪਰ ਰਹੀਆਂ ਹਨ। ਖਾਲਿਸਤਾਨੀ ਅਨਸਰਾਂ ਨੇ ਵੀ ਪੈਰ ਪਸਾਰ ਲਏ ਹਨ। ਪੰਜਾਬ ਦੀ ਮੌਜੂਦਾ ਸਰਕਾਰ ਸੂਬੇ ਨੂੰ ਫਿਰ ਤੋਂ ਅੱਤਵਾਦ ਦੇ ਕਾਲੇ ਦੌਰ ਵੱਲ ਧੱਕ ਰਹੀ ਹੈ। ਮਾਨ ਸਰਕਾਰ ਨੇ ਸੂਬੇ ਦੇ ਲੋਕਾਂ ਵਿੱਚ ਦਹਿਸ਼ਤ ਅਤੇ ਔਰ ਅਰਾਜਕਤਾ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਆਪ ਸਰਕਾਰ ਦੇ ਇੱਕ ਸਾਲ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਲੋਕ ਆਪਣੇ-ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਆਪ ਸਰਕਾਰ ਵਲੋਂ ਚੁਣਾਵੀ ਵਾਅਦਿਆਂ 'ਚ ਜਨਤਾ ਨੂੰ 24 ਘੰਟੇ ਨਿਰਵਿਘਨ ਬਿਜਲੀ, ਨੌਜਵਾਨਾਂ ਨੂੰ ਬੇਰੁਜ਼ਗਾਰੀ ਭੱਤਾ, ਪ੍ਰਤੀ ਔਰਤ 1000 ਰੁਪਏ, ਨੌਜਵਾਨਾਂ ਨੂੰ ਨੌਕਰੀਆਂ, ਕਿਸਨਾਂ ਨਾਲ ਝੂਠੇ ਵਾਦੇ ਆਦਿ ਵਰਗੀਆਂ ਦਿੱਤੀਆਂ ਗਾਰੰਟੀਆਂ ਖੋਖਲੀਆਂ ਸਾਬਿਤ ਹੋਈਆਂ ਹਨ।

ਅੱਜ ਵੀ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਭਗਵੰਤ ਮਾਨ ਸਰਕਾਰ ਖਿਲਾਫ ਆਵਾਜ਼ ਚੁੱਕਣ ਵਾਲੇ ਕਿਸਾਨਾਂ ਅਤੇ ਸਰਕਾਰੀ ਮੁਲਾਜ਼ਮਾਂ 'ਤੇ ਲਾਠੀਚਾਰਜ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਇੰਨੀ ਮਾੜੀ ਹੈ ਕਿ ਅਪਰਾਧੀਆਂ ਨੂੰ ਸਰਕਾਰ ਜਾਂ ਪੁਲਿਸ ਦਾ ਕੋਈ ਡਰ ਨਹੀਂ ਹੈ। ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤੀ ਗਈ ਗਰੰਟੀ ਨੂੰ ਪੂਰਾ ਕਰਵਾਉਣ ਲਈ ਸਰਕਾਰੀ ਅਤੇ ਗੈਰ ਸਰਕਾਰੀ ਸੰਗਠਨ ਧਰਨੇ ਪ੍ਰਦਰਸ਼ਨ ਕਰ ਰਹੇ ਹਨੀ ਇਨਾਂ ਬੁਰਾ ਹਾਲ ਤਾਂ ਪਿਛਲੀ ਕਾਂਗਰਸ ਸਰਕਾਰ ਵੇਲੇ ਵੀ ਨਹੀਂ ਸੀ।

# ਪ੍ਰਬੰਧਕਾਂ ਵਲੋਂ ਐਨਆਰਆਈ ਪਰਿਵਾਰ ਦਾ ਕੀਤਾ ਸਨਮਾਨ



**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** ਪਿੰਡ ਗੜੀ ਅਜੀਤ ਸਿੰਘ ਦੇ ਐਨਆਰਆਈ ਪਰਿਵਾਰ ਜਿਨਾਂ ਬੀਬੀ ਗੁਰਮੀਤ ਕੋਰ ਯੂਐਸਏ. ਪਤਨੀ ਸਵ. ਨੰਬਰਦਾਰ ਸੰਤੋਖ ਸਿੰਘ ਅਣਦੇਹ, ਪਰਮਿੰਦਰ ਕੋਰ ਪਤਨੀ ਅਮਰਜੀਤ ਸਿੰਘ, ਮਨਜੀਤ ਕੋਰ ਪਤਨੀ ਬਲਕਾਰ ਸਿੰਘ ਅਣਦੇਹ ਵਲੋਂ ਆਪਣੀ ਕਿਰਤ ਕਮਾਈ ਵਿੱਚੋਂ ਨਗਦ ਰਾਸ਼ੀ ਅਤੇ ਦੇਹਰਾ ਨਿਗਾਹਾ ਸਭਾ ਨੂੰ ਚਾਰ ਕਨਾਲ ਦਾਨ ਕੀਤੀ ਗਈ ਤੇ ਸਮੂੰਹ ਪ੍ਰਬੰਧਕਾਂ ਵਲੋਂ ਐਨਆਰਆਈ ਪਰਿਵਾਰ ਦੀ ਹੋਸਲਾ ਅਫਜਾਈ ਵਾਸਤੇ ਦੇਹਰਾ ਪੀਰ ਨਿਗਾਹਾ ਸਭਾ ਕਮੇਟੀ ਵਲੋਂ ਉਨਾਂ ਵਿਸੇਸ਼ ਸਨਮਾਨ ਕੀਤਾ ਗਿਆ ਗੱਲਬਾਤ ਕਰਦਿਆਂ ਸਭਾ ਦੇ ਪ੍ਰਧਾਂਨ ਅਮਰੀਕ ਸਿੰਘ ਪੁਰੇਵਾਲ ਨੇ ਦੱਸਿਆ ਕਿ ਨੰਬਰਦਾਰ ਮਹਿੰਦਰ ਸਿੰਘ ਅਮਰੀਕਾ ਅਣਦੇਹ ਪ੍ਰਵਿਾਰ ਪਿੰਡ ਦੇ ਅਨੇਕਾਂ ਸਮਾਜ ਸੇਵੀ ਕਾਰਜਾਂ ਚ ਆਪਣਾ ਵਿਸੇਸ਼ ਯੋਗਦਾਨ ਪਾਉਦੇ ਹਨ ਤੇ ਹਮੇਸ਼ਾਂ ਲੋੜਬੰਦਾਂ ਨੂੰ ਸਹਿਜੋਗ ਦਿੰਦੇ ਹਨ ਤੇ ਜਦੋਂ ਵੀ ਕੋਈ ਸਮਾਜ ਸੇਵੀ ਕਾਰਜ ਕਰਨਾ ਹੋਵੇ ਤਾਂ ਅਣਦੇਹ ਪਰਿਵਾਰ ਹਮੇਸ਼ਾਂ ਵੱਧ ਛਵ ਕੇ ਸਹਿਜੋਗ ਦਿੰਦਾ ਹੈ ਤੇ ਬਹੁਤ ਧੰਨਵਾਦ ਏ ਸਮੂੰਹ ਅਣਦੇਹ ਪਰਿਵਾਰ ਅਤੇ ਹੋਰ ਦਾਨੀ ਸੰਗਤਾਂ ਦੇ ਜਿਨਾ ਨੇ ਇਸ ਸਾਂਝੇ ਕਾਰਜ ਲਈ ਆਪਣਾ ਯੋਗਦਾਨ ਪਾਇਆ ਆਸ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਚ ਵੀ ਇਸ ਤਰਾਂ ਦੇ ਪਰਿਵਾਰ ਤੇ ਦਾਨੀ ਸੰਗਤਾਂ ਸਹਿਜੋਗ ਦਿੰਦੀਆਂ ਰਹਿਣਗੀਆਂ ਇਸ ਮੋਕੇ ਪੰਚ ਅਮਰੀਕ ਸਿੰਘ, ਬਹਾਦਰ ਸਿੰਘ ਥਿਆਂੜਾ, ਨੰਬਰਦਾਰ ਕੁਲਦੀਪ ਸ੍ਿੰਘ ਛੋਕਰ, ਭੁਪਿੰਦਰ ਸਿੰਘ ਗਿੱਲ, ਨੰਬਰਦਾਰ ਹਰਜੋਤ ਸਿੰਘ ਅਣਦੇਹ, ਅਵਤਾਰ ਸਿੰਘ ਦਿਓਲ, ਬਲਵੀਰ ਸਿੰਘ, ਲਖਵਿੰਦਰ ਸਿੰਘ ਦੋਵੇਂ ਪੰਚਾਇਤ ਮੈਂਬਰ, ਬਹਾਦਰ ਸਿੰਘ ਜਰਮਨੀ, ਰੇਸ਼ਮ ਧੀਰ , ਡਾ. ਜੋਗਾ ਸਿੰਘ, ਕੁਲਦੀਪ ਸਿੰਘ ਗਿੱਲ, ਮੇਜਰ ਸਿੰਘ ਥਿਆਂੜਾ, ਸੁਖਵੀਰ ਸਿੰਘ ਥਿਆੜਾ, ਹਰਜਿੰਦਰ ਸਿੰਘ ਬਾਠ, ਮੱਖਣ ਸਿੰਘ ਬਾਠ, ਗੋਗੀ ਪੁਰੇਵਾਲ, ਮੇਜਰ ਧੀਰ ਆਦਿ ਹਾਜਰ ਸਨ।

# ਪੰਜਾਬ ਸਰਕਾਰ ਵਲੋਂ ਗੁਰੂ ਰਵਿਦਾਸ ਮਹਾਰਾਜ ਦੀ ਬਾਣੀ ਤੇ ਰਿਸਰਚ ਲਈ 25 ਕਰੋੜ ਦੀ ਗ੍ਰਾਂਟ ਜਾਰੀ ਕਰਨਾ ਸ਼ਲਾਘਾਯੋਗ - ਸੰਤੋਸ਼ ਕੁਮਾਰ ਗੋਗੀ



**ਫਗਵਾੜਾ 26 ਮਾਰਚ (ਬੀਕੇ ਰੱਤੂ)** ਡੇਰਾ ਸੱਚਖੰਡ ਬੱਲਾਂ ਵਿਖੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਲ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਲਈ ਆਪ ਵਰਕਰਾਂ ਦਾ ਵਿਸ਼ਾਲ ਵਿਸ਼ਾਲ ਜੱਥਾ ਆਮ ਆਦਮੀ ਪਾਰਟੀ ਐਸ।ਸੀ। ਵਿੰਗ ਜਿਲ੍ਹਾ ਕਪੂਰਥਲਾ ਦੇ ਪ੍ਰਧਾਨ ਸੰਤੋਸ਼ ਕੁਮਾਰ ਗੋਗੀ ਅਤੇ ਯੂਥ ਵਿੰਗ ਦੇ ਜਿਲਾ ਪ੍ਰਧਾਨ ਤਵਿੰਦਰ ਰਾਮ, ਲਲਿਤ ਸਕਲਾਨੀ ਚੇਅਰਮੈਨ ਯੋਜਨਾ ਬੋਰਡ ਜਿਲ੍ਹਾ ਕਪੂਰਥਲਾ ਦੀ ਸਾਂਝੀ ਅਗਵਾਈ ਹੇਠ ਫਗਵਾੜਾ ਦੇ ਜੀਟੀ ਰੋਡ ਤੋਂ ਰਵਾਨਾ ਹੋਇਆ। ਉਹਨਾਂ ਦੇ ਨਾਲ ਰਿਟਾ। ਪ੍ਰਿੰਸੀਪਲ ਨਿਰਮਲ ਸਿੰਘ ਸੂਬਾ ਜੁਆਇੰਟ ਸਕੱਤਰ ਵੀ ਉਚੇਰੇ ਤੌਰ ਤੇ ਜੱਥੇ ਵਿਚ ਸ਼ਾਮਲ ਹੋਏ। ਡੇਰਾਂ ਬੱਲਾਂ ਤੋਂ ਵਾਪਸੀ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਤੋਸ਼ ਕੁਮਾਰ ਗੋਗੀ ਨੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਬਾਣੀ ਤੇ ਰਿਸਰਚ ਲਈ 25 ਕਰੋੜ ਰੁਪਏ ਦੀ ਗ੍ਰਾਂਟ ਨਾਲ ਰਿਸਰਚ ਸੈਂਟਰ ਖੋਲ੍ਹਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਬਹੁਤ ਹੀ ਸ਼ਲਾਘਾਯੋਗ ਫੈਸਲਾ ਹੈ। ਇਸ ਤੋਂ ਪਹਿਲਾਂ ਕਿਸੇ ਵੀ ਸਰਕਾਰ ਨੇ ਇਸ ਬਾਰੇ ਨਹੀਂ ਸੋਚਿਆ। ਉਹਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਸੂਬੇ ਦੇ ਹਰ ਵਰਗ ਦੇ ਲੋਕਾਂ ਦੀ ਭਲਾਈ ਲਈ ਸਿਰ ਤੋੜ ਯਤਨ ਕਰ ਰਹੀ ਹੈ। ਉਹਨਾਂ ਪੰਜਾਬੀਆਂ ਨੂੰ ਵਿਰੋਧੀਆਂ ਦੀਆਂ ਸਾਜਿਸ਼ਾਂ ਤੋਂ ਸੁਚੇਤ ਰਹਿੰਦੇ ਹੋਏ ਸੂਬਾ ਸਰਕਾਰ ਦਾ ਸਾਥ ਦੇਣ ਦੀ ਪੁਰਜੋਰ ਅਪੀਲ ਵੀ ਕੀਤੀ। ਇਸ ਮੌਕੇ ਅਸ਼ੋਕ ਆਦੀਆ, ਰੇਸ਼ਮ ਲਾਲ ਕੌਲ, ਜੋਗਿੰਦਰ ਪਾਲ, ਬਲਵਿੰਦਰ ਕੁਮਾਰ, ਵਿਜੇ ਬੰਗਾ, ਨਰਿੰਦਰ ਸੈਣੀ, ਰਾਮਕ੍ਰਿਸ਼ਨ ਭੱਟੀ, ਕਾਬਲ ਰਾਮ, ਬਲਵਿੰਦਰ ਕੁਮਾਰ, ਬਾਰੂ ਰਾਮ, ਸੋਹਣ ਲਾਲ, ਯੋਧਾ,ਵਿੱਕੀ ਸਿੰਘ, ਜਤਿੰਦਰ ਨਾਹਰ, ਗੁਰਦੀਪ ਸਿੰਘ ਆਦਿ ਹਾਜਰ ਸਨ।

# ਬਾਬਾ ਸਾਹਿਬ ਡਾ: ਅੰਬੇਡਕਰ ਦੇ ਜਨਮ ਦਿਨ ਦਾ ਮੁੱਖ ਸਮਾਗਮ ਅੰਬੇਡਕਰ ਭਵਨ ਵਿਖੇ



**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਅੱਜ ਅੰਬੇਡਕਰ ਭਵਨ ਜਲੰਧਰ ਵਿਖੇ ਸੁਸਾਇਟੀ ਦੇ ਪ੍ਰਧਾਨ ਸੋਹਣ ਲਾਲ ਸਾਬਕਾ ਡੀ।ਪੀ।ਆਈ (ਕਾਲਜਾਂ) ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦਾ 132ਵਾਂ ਜਨਮ ਦਿਨ 14 ਅਪ੍ਰੈਲ 2023 ਨੂੰ ਅੰਬੇਡਕਰ ਭਵਨ ਵਿਖੇ ਹਰ ਸਾਲ ਦੀ ਤਰ੍ਹਾਂ ਸ਼ਰਧਾ ਅਤੇ ਉਤਸ਼ਾਹ ਨਾਲ ਵੱਡੇ ਪੱਧਰ 'ਤੇ ਮਨਾਉਣ ਦਾ ਫੈਸਲਾ ਕੀਤਾ ਗਿਆ। ਭਾਰਦਵਾਜ ਨੇ ਦੱਸਿਆ ਕਿ ਅੰਬੇਡਕਰ ਭਵਨ ਉਹ ਇਤਿਹਾਸਕ ਸਥਾਨ ਹੈ ਜਿੱਥੇ ਬਾਬਾ ਸਾਹਿਬ ਡਾ: ਅੰਬੇਡਕਰ 27 ਅਕਤੂਬਰ, 1951 ਨੂੰ ਆਏ ਸਨ ਅਤੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ। ਉਨ੍ਹਾਂ ਅੱਗੇ ਦੱਸਿਆ ਕਿ ਮੀਟਿੰਗ ਵਿੱਚ ਪ੍ਰੋਫੈਸਰ (ਡਾ) ਰਤਨ ਸਿੰਘ ਪੀਐਚਡੀ, ਯੂਨੀਵਰਸਿਟੀ ਇੰਸਟੀਚਿਊਟ ਆਫ਼ ਲੀਗਲ ਸਟੱਡੀਜ਼, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸੱਦਣ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਤੋਂ ਇਲਾਵਾ ਹੋਰ ਵਿਦਵਾਨ ਵੀ ਆਪਣੇ ਵਿਚਾਰ ਪੇਸ਼ ਕਰਨਗੇ। ਇਸ ਮੀਟਿੰਗ ਵਿਚ ਲਾਹੌਰੀ ਰਾਮ ਬਾਲੀ, ਮੈਡਮ ਸੁਦੇਸ਼ ਕਲਿਆਣ, ਪ੍ਰੋ਼ਫ ਬਲਬੀਰ, ਤਿਲਕ ਰਾਜ, ਐਡਵੋਕੇਟ ਪਰਮਿੰਦਰ ਸਿੰਘ ਖੁੱਤਣ, ਐਡਵੋਕੇਟ ਕੁਲਦੀਪ ਭੱਟੀ, ਵਿਨੋਦ ਕਲੇਰ, ਹਰਸਿਮਰਨ ਕੌਰ ਆਦਿ ਹਾਜ਼ਰ ਸਨ।

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 'ਮੈਂ ਫਿਰ ਆਵਾਂਗਾ' ਅਤੇ 'ਇਹਨਾਂ ਜ਼ਖ਼ਮਾਂ ਦਾ ਕੀ ਕਰੀਏ' ਨਾਟਕਾਂ ਦੀ ਭਾਵਪੂਰਤ ਪੇਸ਼ਕਾਰੀ

**ਲਹਿਰਾਗਾਗਾ, (ਦਲਜੀਤ ਕੌਰ)–** ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦਿਆਂ ਰਾਮਗੜ੍ਹ ਸੰਧੂਆਂ ਦੇ ਨੌਜਵਾਨਾਂ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸੰਧੂ ਪੈਲੇਸ 'ਚ ਨਾਟਕ ਮੇਲਾ ਕਰਵਾਇਆ ਗਿਆ। ਲੋਕ ਕਲਾ ਮੰਚ, ਮੰਡੀ ਮੁੱਲਾਂਪੁਰ ਦੀ ਟੀਮ ਦੀ ਸੁਰਿੰਦਰ ਸ਼ਰਮਾ ਦੀ ਨਿਰਦੇਸ਼ਨਾ 'ਚ ਨਾਟਕ 'ਮੈਂ ਫਿਰ ਆਵਾਂਗਾ' ਅਤੇ 'ਇਹਨਾਂ ਜਖ਼ਮਾਂ ਦਾ ਕੀ ਕਰੀਏ' ਦਾ ਮੰਚਨ ਕੀਤਾ। ਟੀਮ ਦੇ ਕਲਾਕਾਰਾਂ 'ਚ ਹਰਮਨ ਲੀਹਾਂ, ਕਰਮਜੀਤ ਭੱਟੀ, ਰਣਵੀਰ ਗੋਰਾਹੂਰ, ਅਮਨ ਪਰਵਾਜ਼, ਕਮਲਜੀਤ ਕੌਰ ਬਰਨਾਲਾ,



ਅਮਨਦੀਪ ਕੌਰ, ਕਿਰਨਦੀਪ ਕੌਰ, ਅਰਸ਼ਪ੍ਰੀਤ ਕੌਰ, ਜਗਸੀਰ ਸਿੰਘ, ਇੰਦਰਪ੍ਰੀਤ ਸਿੰਘ ਸ਼ਾਮਲ ਸਨ। ਬੱਚਿਆਂ ਦੇ ਪੇਂਟਿੰਗ ਮੁਕਾਬਲੇ ਵੀ ਕਰਵਾਏ ਗਏ। ਜਿਸਦਾ ਵਿਸ਼ਾ ਅਜੋਕੇ ਪੰਜਾਬ ਦੇ ਹਾਲਾਤ ਅਤੇ ਨੌਜਵਾਨੀ ।ਪੇਂਟਿੰਗ ਮੁਕਾਬਲਿਆਂ 'ਚ ਅਮਨਦੀਪ ਕੌਰ ਨੇ ਪਹਿਲਾ, ਨਵਦੀਪ ਸਿੰਘ ਨੇ ਦੂਜਾ, ਵਿਸ਼ਵਜੋਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਸਾਰੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਲੋਕ ਗਾਇਕ ਜਗਸੀਰ ਜੀਦਾ ਨੇ ਇਨਕਲਾਬੀ ਗੀਤ-ਸੰਗੀਤ ਪੇਸ਼ ਕੀਤਾ।ਇਸ ਮੌਕੇ ਸਮੂਹ ਨਗਰ ਨਿਵਾਸੀ ਅਤੇ ਆਲੇ ਦੁਆਲੇ ਦੇ ਪਿੰਡਾਂ ਦੇ ਪਤਵੰਤੇ ਸੱਜਣ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ 92ਵੇਂ ਸ਼ਹੀਦੀ ਦਿਹਾੜੇ ਸਮੇਂ ਸ਼ਹੀਦੀ ਕਾਨਫਰੰਸ ਅਤੇ ਨਾਟਕ ਮੇਲਾ

**ਮਹਿਲਕਲਾਂ, (ਦਲਜੀਤ ਕੌਰ)–** ਸ਼ਹੀਦ ਭਗਤ ਸਿੰਘ ਯੂਥ ਕਲੱਬ ਕੁਰੜ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਕੁਰੜ ਵਿਖੇ 92 ਵਾਂ ਸ਼ਹੀਦੀ ਦਿਹਾੜਾ ਪੂਰੇ ਇਨਕਲਾਬੀ ਜੋਸ਼ ਨਾਲ ਮਨਾਇਆ। ਕਿਸਾਨ ਆਗੂਆਂ ਅਤੇ ਭਰਾਤਰੀ ਜਥੇਬੰਦੀ ਦੇ ਆਗੂਆਂ ਨੇ ਮੌਜੂਦਾ ਸਮੇਂ ਵਿੱਚ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਵਿਚਾਰਾਂ ਦੀ ਅਜੋਕੇ ਦੌਰ ਵਿੱਚ ਸਾਰਥਿਕਤਾ ਦੀ ਵਿਸਥਾਰ ਵਿੱਚ ਗੱਲ ਕੀਤੀ।

ਇਸ ਸਮੇਂ ਇਨਕਲਾਬੀ ਕੇਂਦਰ, ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਬਾਰੇ ਗੱਲ ਕਰਦਿਆਂ ਕਿਹਾ ਕਿ ਇੱਕ ਘਟਨਾ ਜਿਸ ਨੇ ਅੱਗੇ ਧਿਆਨ ਮੰਗਿਆ ਉਹ ਸੀ 8 ਅਪ੍ਰੈਲ 1929 ਨੂੰ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤਾ ਦੁਆਰਾ ਕੇਂਦਰੀ ਅਸੈਂਬਲੀ ਵਿੱਚ ਬੰਬ ਸੁੱਟਣਾ। ਉਨ੍ਹਾਂ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ। ਕੁੱਝ ਦਿਨ ਪਹਿਲਾਂ, 20 ਮਾਰਚ, 1929 ਨੂੰ ਮੇਰਠ ਸਾਜ਼ਿਸ਼ ਕੇਸ ਦੇ ਸਬੰਧ ਵਿੱਚ ਦੇਸ਼ ਭਰ ਵਿੱਚ ਕਮਿਊਨਿਸਟਾਂ ਦੀਆਂ ਗ੍ਰਿਫਤਾਰੀਆਂ ਹੋਈਆਂ ਸਨ। ਇਸ ਤੋਂ ਇਲਾਵਾ ਜਨਤਕ ਸੁਰੱਖਿਆ ਬਿੱਲ ਅਤੇ ਵਪਾਰ ਸੁਰੱਖਿਆ ਬਿੱਲ ਦੀਆਂ ਸੋਧਾਂ, ਕੇਂਦਰੀ ਅਸੈਂਬਲੀ ਵਿੱਚ ਰੱਦ ਹੋਣ ਤੋਂ ਬਾਅਦ, ਗਵਰਨਰ-ਜਨਰਲ ਦੇ ਨਿਰਦੇਸ਼ਾਂ ਅਨੁਸਾਰ ਦੁਬਾਰਾ ਅਸੈਂਬਲੀ ਨੂੰ ਭੇਜ ਦਿੱਤੀਆਂ ਗਈਆਂ। ਦੋਵਾਂ ਬਿੱਲਾਂ ਦਾ ਉਦੇਸ਼ ਕਮਿਊਨਿਜ਼ਮ ਅਤੇ ਮਜ਼ਦੂਰ ਜਮਾਤ ਦੀ ਲਹਿਰ ਨੂੰ ਦਬਾਉਣ ਲਈ ਸੀ। ਭਗਤ ਸਿੰਘ ਅਤੇ ਦੱਤਾ ਕੇਂਦਰੀ ਅਸੈਂਬਲੀ ਵਿੱਚ ਬੰਬ ਸੁੱਟ ਕੇ ਇਹਨਾਂ ਬਿਲਾਂ ਦਾ ਵਿਰੋਧ ਕਰਨਾ ਚਾਹੁੰਦੇ ਸਨ। ਇਨ੍ਹਾਂ ਦੋਵੇਂ ਇਨਕਲਾਬੀਆਂ ਦੁਆਰਾ ਅਸੈਂਬਲੀ ਵਿੱਚ ਵੰਡੇ ਪਰਚੇ ਤੋਂ ਸਪੱਸ਼ਟ ਹੈ ਕਿ ਸਰਕਾਰ ਜਨਤਕ ਸੁਰੱਖਿਆ ਬਿੱਲ ਅਤੇ ਵਪਾਰ ਸੁਰੱਖਿਆ ਬਿੱਲ ਸਾਡੇ 'ਤੇ ਜਬਰੀ ਥੋਪ ਰਹੀ ਹੈ। ਸਰਕਾਰ ਨੂੰ ਇਹ ਵੀ ਦੱਸ ਦੇਈਏ ਕਿ ਦਮਨਕਾਰੀ ਬਿੱਲਾਂ ਅਤੇ ਲਾਲਾ ਲਾਜਪਤ ਰਾਏ ਦੀ ਬੇਰਹਿਮੀ ਨਾਲ ਹੋਈ ਹੱਤਿਆ ਦਾ ਵਿਰੋਧ ਕਰਦੇ ਹੋਏ ਅਸੀਂ ਇੱਕ ਵਾਰ ਫਿਰ ਇਸ ਸਥਾਪਿਤ ਸੱਚ 'ਤੇ ਜ਼ੋਰ ਦੇਣਾ ਚਾਹੁੰਦੇ ਹਾਂ ਕਿ ਕਿਸੇ ਵਿਅਕਤੀ ਨੂੰ ਮਾਰਨਾ ਆਸਾਨ ਹੈ ਪਰ ਕਿਸੇ ਦੀ ਵਿਚਾਰਧਾਰਾ ਨੂੰ ਖਤਮ ਕਰਨਾ ਆਸਾਨ ਨਹੀਂ ਹੈ। ਲੋਕਾਂ ਦੀ ਸੱਚੀ ਵਿਚਾਰਧਾਰਾ ਜਿਉਂਦੀ ਰਹਿੰਦੀ ਹੈ। ਸ਼ਹੀਦ ਭਗਤ ਸਿੰਘ ਦੇ "ਇਨਕਲਾਬ" ਸ਼ਬਦ ਦੀ ਵਿਆਖਿਆ ਇਸ ਪੱਖੋਂ ਢੁਕਵੀਂ ਹੋਵੇਗੀ। ਜ਼ਰੂਰੀ ਨਹੀਂ ਕਿ ਇਨਕਲਾਬ ਖੂਨੀ ਸੰਘਰਸ਼ ਨਾਲ ਜੁੜਿਆ ਹੋਵੇ। ਇਸ ਵਿੱਚ ਨਿੱਜੀ ਰੰਜਿਸ਼ਾਂ ਲਈ ਕੋਈ ਥਾਂ ਨਹੀਂ ਹੈ। ਨਾ ਹੀ ਇਹ ਬੰਬਾਂ ਅਤੇ ਪਿਸਤੌਲਾਂ ਦੀ ਖੇਡ ਹੈ। ਆਪਣੀ ਗੱਲ ਜਾਰੀ ਰੱਖਦਿਆਂ ਇਨਕਲਾਬ ਦੇ ਅਸਲ ਮਕਸਦ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਕਿਹਾ ਸੀ ਕਿ ਸ਼ਬਦ ਤੋਂ ਸਾਡਾ ਮਤਲਬ ਪ੍ਰਚਲਿਤ ਸਮਾਜਿਕ ਪ੍ਰਣਾਲੀ ਨੂੰ



ਖਾਰਜ ਕਰਨਾ ਹੈ ਜੋ ਸਪੱਸ਼ਟ ਅਨੁਚਿਤਤਾ 'ਤੇ ਸਥਾਪਿਤ ਹੈ। ਇਸ ਸਮੇਂ ਕਿਸਾਨ ਆਗੂਆਂ ਜਗਰਾਜ ਸਿੰਘ ਹਰਦਾਸਪੁਰਾ ਅਤੇ ਨਾਨਕ ਸਿੰਘ ਅਮਲਾ ਸਿੰਘ ਵਾਲਾ ਨੇ ਉਸ ਸਮੇਂ ਦੀ ਗੱਲ ਕਰਦਿਆਂ ਕਿਹਾ ਕਿ ਹਰ ਇੱਕ ਲਈ ਮੱਕੀ ਪੈਦਾ ਕਰਨ ਵਾਲੇ ਕਿਸਾਨ ਨੂੰ ਆਪਣੇ ਪਰਿਵਾਰ ਸਮੇਤ ਭੁੱਖਾ ਰਹਿਣਾ ਪੈਂਦਾ ਹੈ; ਜੁਲਾਹੇ ਜੋ ਸਾਰਿਆਂ ਲਈ ਕੱਪੜੇ ਬਣਾਉਂਦਾ ਹੈ, ਉਸ ਨੂੰ ਆਪਣੇ ਲਈ ਕਾਫ਼ੀ ਕੱਪੜੇ ਨਹੀਂ ਮਿਲਦੇ। ਇਸ ਲਈ ਜਦੋਂ ਤੱਕ ਇਸ ਸ਼ੋਸ਼ਣ ਨੂੰ ਰੋਕਿਆ ਨਹੀਂ ਜਾਂਦਾ, ਸਮੁੱਚੀ ਸਭਿਅਤਾ ਢਹਿ-ਢੇਰੀ ਹੋ ਜਾਵੇਗੀ।

ਅੱਜ ਦੀ ਪੁਕਾਰ ਪੂਰਨ ਤਬਦੀਲੀ ਹੈ ਅਤੇ ਜੋ ਇਸ ਨੂੰ ਮਹਿਸੂਸ ਕਰਦੇ ਹਨ ਉਹ ਸਮਾਜਵਾਦ ਦੇ ਅਧਾਰ 'ਤੇ ਸਮਾਜ ਨੂੰ ਪੁਨਰਗਠਿਤ ਕਰਨ ਦੀ ਜ਼ਿੰਮੇਵਾਰੀ ਲੈਂਦੇ ਹਨ। ਮੌਜੂਦਾ ਦੌਰ ਸਮੇਂ ਕਿਸਾਨਾਂ ਦੀ ਦਿਨੋ ਦਿਨ ਮੰਦੀ ਹੋ ਰਹੀ ਹਾਲਤ ਦੀ ਗੱਲ ਕਰਦਿਆਂ ਸ਼ਹੀਦਾਂ ਦੀ ਵਿਚਾਰਧਾਰਾ ਤੋਂ ਪ੍ਰੇਰਨਾ ਹਾਸਲ ਕਰਕੇ ਵਿਸ਼ਾਲ ਅਧਾਰ ਵਾਲੇ ਚੇਤੰਨ ਤਰਥੱਲਪਾਊ ਸੰਘਰਸ਼ਾਂ ਦੇ ਰਾਹ ਅੱਗੇ ਵਧਣ ਲਈ ਅਪੀਲ ਕੀਤੀ। ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਦੀ ਪੱਗੜੀ ਸੰਭਾਲ ਜੱਟਾ ਲਹਿਰ ਮੌਜੂਦਾ ਲੁਟੇਰਿਆਂ ਖ਼ਿਲਾਫ਼ ਜੂਝਣ ਲਈ ਪ੍ਰੇਰਨਾਦਾਇਕ ਹੈ।

ਇਨਕਲਾਬੀ ਕੇਂਦਰ ਦੇ ਨੌਜਵਾਨ ਆਗੂ ਹਰਪ੍ਰੀਤ ਸਿੰਘ ਨੇ ਕਿਹਾ ਕਿ ਭਗਤ ਸਿੰਘ ਨੇ ਜੇਲ੍ਹ ਵਿੱਚ ਆਪਣਾ ਜ਼ਿਆਦਾਤਰ ਸਮਾਂ ਸਮਾਜਵਾਦੀ ਸਾਹਿਤ ਦਾ ਅਧਿਐਨ ਕਰਨ ਵਿੱਚ ਬਿਤਾਇਆ ਅਤੇ ਇਸ ਸਮੇਂ ਦੌਰਾਨ ਉਹ ਕਮਿਊਨਿਸਟ ਵਿਚਾਰਧਾਰਾ ਦੇ ਬਹੁਤ ਨੇੜੇ ਆ ਗਏ। ਭਗਤ ਸਿੰਘ ਨੂੰ ਲੈਨਿਨ ਦੇ ਜੀਵਨ ਅਤੇ ਕਮਿਊਨਿਸਟ ਮੈਨੀਫੈਸਟੋ ਦਾ ਅਧਿਐਨ ਕਰਨ ਦਾ ਹਵਾਲਾ ਮਿਲਦਾ ਹੈ। ਉਨ੍ਹਾਂ ਦੀ ਮੌਤ ਤੋਂ ਕੁੱਝ ਦਿਨ ਪਹਿਲਾਂ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਨ੍ਹਾਂ ਦੀ ਆਖਰੀ ਇੱਛਾ ਕੀ ਸੀ, ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਉਹ ਲੈਨਿਨ ਦੇ ਜੀਵਨ ਦਾ ਅਧਿਐਨ ਕਰ ਰਹੇ ਹਨ ਅਤੇ ਉਹ ਆਪਣੀ ਮੌਤ ਤੋਂ ਪਹਿਲਾਂ ਇਸ ਨੂੰ ਖਤਮ ਕਰਨਾ ਚਾਹੁੰਦੇ ਹਨ।

ਮੈਂ ਨਾਸਤਿਕ ਕਿਉਂ ਹਾਂ ਪਰਚਾ ਦਰਸਾਉਂਦਾ ਹੈ ਕਿ ਸਿੰਘ ਧਰਮ ਬਾਰੇ ਆਪਣੇ ਸਟੈਂਡ ਵਿੱਚ ਬਹੁਤ ਸਪੱਸ਼ਟ ਸਨ। ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ 7 ਨਵੰਬਰ,1930 ਨੂੰ ਸੋਵੀਅਤ ਯੂਨੀਅਨ ਨੂੰ ਮਹਾਨ ਰੂਸੀ ਕ੍ਰਾਂਤੀ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਇੱਕ ਟੈਲੀਗ੍ਰਾਮ ਭੇਜਿਆ ਸੀ। ਜਨਵਰੀ 1930 ਵਿੱਚ, "ਲੈਨਿਨ ਦਿਵਸ" ਮਨਾਉਣ ਲਈ, ਉਹ ਲਾਲ ਸਕਾਰਫ਼ ਪਹਿਨ ਕੇ ਕੋਰਟ ਰੂਮ ਵਿੱਚ ਦਾਖ਼ਲ ਹੋਏ ਅਤੇ ਮੰਗ ਕੀਤੀ ਕਿ ਉਨ੍ਹਾਂ ਦੀਆਂ ਸ਼ੁਭਕਾਮਨਾਵਾਂ ਤੀਜੇ ਅੰਤਰਰਾਸ਼ਟਰੀ ਦੇ ਰਾਸ਼ਟਰ-ਪਤੀ ਨੂੰ ਦੱਸੀਆਂ ਜਾਣੀਆਂ ਚਾਹੀਦੀਆਂ ਹਨ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਬਾਰੇ ਸੁਣ ਕੇ ਥਰਡ ਇੰਟਰਨੈਸ਼ਨਲ ਦੇ ਅੰਗ,ਅੰਤਰਰਾਸ਼ਟਰੀ ਪੱਤਰ-ਵਿਹਾਰ, ਬ੍ਰਿਟਿਸ਼ ਕਮਿਊਨਿਸਟ ਪਾਰਟੀ ਅਤੇ ਅਮਰੀਕੀ ਕਮਿਊਨਿਸਟ ਪਾਰਟੀ ਦੇ ਅੰਗ, ਡੇਲੀ ਵਰਕਰ, ਨੇ ਵੀ ਨਿਆਂਇਕ ਕਤਲ ਦੀ ਨਿੰਦਾ ਕੀਤੀ। ਭਗਤ ਸਿੰਘ ਨੇ ਆਪਣੀ ਮੌਤ ਤੋਂ ਕੁੱਝ ਦਿਨ ਪਹਿਲਾਂ ਸੁਖਦੇਵ ਨੂੰ ਲਿਖਿਆ: ਤੁਸੀਂ ਅਤੇ ਮੈਂ ਭਾਵੇਂ ਨਾ ਜੀਵੀਏ ਪਰ ਸਾਡੇ ਦੇਸ਼ ਦੇ ਲੋਕ ਰਹਿਣਗੇ।

1930 ਦੇ ਅਖੀਰਲੇ ਅੱਧ ਵਿੱਚ ਭਗਤ ਸਿੰਘ ਅਤੇ ਉਸਦੇ ਸਾਥੀ ਲਾਹੌਰ ਜੇਲ੍ਹ ਵਿੱਚ ਸਨ। ਉਸ ਪ੍ਰਕਿਰਿਆ ਦਾ ਅਧਿਐਨ ਕਰਨ ਲਈ ਸੋਵੀਅਤ ਯੂਨੀਅਨ ਭੇਜੇ। ਇਹ ਭਾਰਤੀ ਇਨਕਲਾਬੀਆਂ ਅਤੇ ਭਾਰਤੀ ਇਨਕਲਾਬ ਦੇ ਭਲੇ ਲਈ ਕੀਤਾ ਜਾਣਾ ਚਾਹੀਦਾ ਹੈ। ਸ਼ਹੀਦ ਭਗਤ ਸਿੰਘ ਅਮਰ ਰਹੇ, ਇਨਕਲਾਬ-ਜ਼ਿੰਦਾਬਾਦ, ਸਾਮਰਾਜਵਾਦ-ਮੁਰਦਾਬਾਦ ਦੇ ਅਕਾਸ਼ ਗੁੰਜਾਊ ਨਾਹਰਿਆਂ ਨਾਲ ਸ਼ਰਧਾਂਜਲੀ ਭੇਂਟ ਕੀਤੀ।

ਇਸ ਮੌਕੇ ਸਿਰਜਣਾ ਆਰਟ ਗਰੁੱਪ ਰਾਏਕੋਟ ਡਾ ਸੋਮ ਪਾਲ ਹੀਰਾ ਦੀ ਸੁਚੱਜੀ ਨਿਰਦੇਸ਼ਨਾ ਹੇਠ ਨਾਟਕ ਐ ਭਗਤ ਸਿੰਘ ਤੂੰ ਜ਼ਿੰਦਾ ਹੈ, ਮੈਂ ਅੰਦੋਲਨ ਜੀਵੀ ਹਾਂ ਅਤੇ ਕੋਰਿਓਗ੍ਰਾਫੀਆਂ ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਟੀ ਲਈ' ਮੇਰਾ ਰੰਗ ਦੇ ਬਸੰਤੀ ਚੋਲਾ ਬਹੁਤ ਖੂਬਸੂਰਤ ਅੰਦਾਜ਼ ਵਿੱਚ ਪੇਸ਼ ਕੀਤੀਆਂ। ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ ਨੇ ਇਤਿਹਾਸ ਵਿੱਚੋਂ ਰਚਨਾਵਾਂ ਪੇਸ਼ ਕੀਤੀਆਂ। ਲਖਵਿੰਦਰ ਸਿੰਘ ਠੀਕਰੀਵਾਲਾ, ਬਲਦੇਵ ਸਿੰਘ ਸਹੌਰ ਅਤੇ ਨਰਿੰਦਰ ਪਾਲ ਸਿੰਗਲਾ ਨੇ ਇਨਕਲਾਬੀ ਗੀਤ ਪੇਸ਼ ਕੀਤੇ।

ਇਸ ਸਮੇਂ ਡਾ ਰਜਿੰਦਰ ਪਾਲ, ਸੁਖਵਿੰਦਰ ਸਿੰਘ, ਰਜਿੰਦਰ ਸਿੰਘ, ਭਾਗ ਸਿੰਘ ਕੁਰੜ, ਸੁਖਦੇਵ ਸਿੰਘ ਕੁਰੜ, ਜੱਗੀ ਕੁਰੜ, ਮਨਦੀਪ ਸਿੰਘ ਮਨੀ, ਮਨਦੀਪ ਸਿੰਘ ਹੇਅਰ, ਜਸਵਿੰਦਰ ਕੌਰ, ਨੀਲਮ ਰਾਣੀ, ਅਮਰਜੀਤ ਸਿੰਘ ਠੁੱਲੀਵਾਲ, ਬਲਵੀਰ ਸਿੰਘ ਕੁਰੜ, ਜਸਪਾਲ ਸਿੰਘ, ਅੰਮ੍ਰਿਤ ਸਿੰਘ, ਕਰਮਵੀਰ ਸਿੰਘ, ਕਰਮਜੀਤ ਸਿੰਘ, ਜਸਕਰਨ ਸਿੰਘ, ਹਰਦੇਵ ਸਿੰਘ ਆਦਿ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ। ਇਸ ਸ਼ਹੀਦੀ ਕਾਨਫਰੰਸ ਅਤੇ ਨਾਟਕ ਮੇਲੇ ਵਿੱਚ ਸੈਂਕੜਿਆਂ ਦੀ ਤਾਦਾਦ ਵਿੱਚ ਜੁਝਾਰੂ ਕਿਸਾਨ-ਮਜਦੂਰ ਕਾਫ਼ਲਿਆਂ ਨੇ ਪੂਰੇ ਜੋਸ਼ ਨਾਲ ਭਾਗ ਲਿਆ।

# ਇਕੱਲੇ ਰਾਹੁਲ ਦੀ ਹੀ ਨਹੀਂ ਇੰਦਰਾ ਤੇ ਸੋਨੀਆ ਦੀ ਵੀ ਹੋਈ ਸੀ ਮੈਂਬਰਸ਼ਿਪ ਰੱਦ

**ਨਵੀਂ ਦਿੱਲੀ–** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਮੈਂਬਰਸ਼ਿਪ ਰੱਦ ਹੋਣ ਦੇ ਵਿਰੋਧ 'ਚ ਦੇਸ਼ ਭਰ 'ਚ ਪ੍ਰਦਰਸ਼ਨ ਹੋ ਰਹੇ ਹਨ। ਜਨਪ੍ਰਤੀਨਿਧਤਾ ਕਾਨੂੰਨ ਤਹਿਤ 2 ਸਾਲ ਜਾਂ ਉਸ ਤੋਂ ਜ਼ਿਆਦਾ ਦੀ ਸਜ਼ਾ ਦੀ ਸਥਿਤੀ ਵਿਚ ਸੰਸਦ ਮੈਂਬਰ ਨਾ ਸਿਰਫ਼ ਮੈਂਬਰਸ਼ਿਪ ਦੇ ਅਯੋਗ ਹੋ ਜਾਂਦਾ ਹੈ ਕਿ ਸਗੋਂ ਕਿ ਸਜ਼ਾ ਪੂਰੀ ਹੋਣ ਦੇ 6 ਸਾਲ ਤੱਕ ਚੋਣ ਵੀ ਨਹੀਂ ਲੜ ਸਕਦਾ। 'ਮੋਦੀ ਸਰਨੇਮ' ਮਾਮਲੇ ਵਿਚ 2 ਸਾਲ ਦੀ ਸਜ਼ਾ ਮਗਰੋਂ ਸੰਸਦ ਦੀ ਮੈਂਬਰਸ਼ਿਪ ਗੁਆ ਚੁੱਕੇ ਰਾਹੁਲ ਗਾਂਧੀ ਆਪਣੇ ਪਰਿਵਾਰ ਵਿਚ ਅਜਿਹੇ ਤੀਜੇ ਮੈਂਬਰ ਬਣ ਗਏ ਹਨ, ਜਿਨ੍ਹਾਂ ਦੀ ਸੰਸਦ ਮੈਂਬਰਸ਼ਿਪ ਚਲੀ ਗਈ। ਰਾਹੁਲ ਤੋਂ ਪਹਿਲਾਂ ਉਨ੍ਹਾਂ ਦੀ ਦਾਦੀ ਇੰਦਰਾ ਗਾਂਧੀ ਅਤੇ ਮਾਂ ਸੋਨੀਆ ਗਾਂਧੀ ਦੀ ਵੀ ਮੈਂਬਰਸ਼ਿਪ ਜਾ ਚੁੱਕੀ ਹੈ।

**ਦਾਦੀ ਇੰਦਰਾ ਗਾਂਧੀ ਦੀ ਮੈਂਬਰਸ਼ਿਪ ਵੀ ਹੋਈ ਸੀ ਰੱਦ**

1971 ਦੀਆਂ ਆਮ ਚੋਣਾਂ 'ਚ ਕਾਂਗਰਸ ਵੱਡੇ ਬਹੁਮਤ ਨਾਲ ਜਿੱਤੀ ਸੀ। ਇੰਦਰਾ ਨੇ ਰਾਏਬਰੇਲੀ ਤੋਂ ਚੋਣ ਲੜੀ ਸੀ ਅਤੇ ਪ੍ਰਧਾਨ ਮੰਤਰੀ ਬਣੀ ਸੀ। ਹਾਲਾਂਕਿ ਇਸ ਦੇ 4 ਸਾਲ ਬਾਅਦ ਇਲਾਹਾਬਾਦ ਹਾਈ ਕੋਰਟ ਨੇ ਚੋਣਾਂ 'ਚ ਧਾਂਦਲੀ ਦੇ ਕੇਸ ਵਿਚ ਇੰਦਰਾ ਦੀ ਸੰਸਦ ਮੈਂਬਰਸ਼ਿਪ ਰੱਦ ਕਰਨ ਦਾ ਫ਼ੈਸਲਾ ਦਿੱਤਾ। ਇਸ ਦੇ ਠੀਕ ਬਾਅਦ ਇੰਦਰਾ ਨੇ ਦੇਸ਼ ਵਿਚ ਐਮਰਜੈਂਸੀ ਲਗਾ ਦਿੱਤੀ ਸੀ।



**ਸੋਨੀਆ ਗਾਂਧੀ ਦੀ ਵੀ ਗਈ ਸੀ ਮੈਂਬਰਸ਼ਿਪ**

ਉਥੇ ਹੀ 2006 ਵਿਚ ਯੂ. ਪੀ. ਏ. ਸ਼ਾਸਨਕਾਲ ਦੌਰਾਨ ਸੋਨੀਆ ਗਾਂਧੀ ਖਿਲਾਫ਼ ਲਾਭ ਦੇ ਅਹੁਦੇ ਦਾ ਮਾਮਲਾ ਬਣਿਆ ਸੀ। ਸੋਨੀਆ ਵੀ ਰਾਏਬਰੇਲੀ ਤੋਂ ਸੰਸਦ ਮੈਂਬਰ ਸੀ। ਇਸ ਤੋਂ ਇਲਾਵਾ ਉਹ ਯੂ। ਪੀ। ਏ। ਸਰਕਾਰ ਵਲੋਂ ਗਠਿਤ ਰਾਸ਼ਟਰੀ ਸਲਾਹਕਾਰ ਪ੍ਰੀਸ਼ਦ ਦੀ ਚੇਅਰਪਰਸਨ ਵੀ ਸੀ। ਇਸ ਨੂੰ ਲਾਭ ਦਾ ਅਹੁਦਾ ਦੱਸਿਆ ਗਿਆ ਸੀ। ਇਸ ਕਾਰਨ ਸੋਨੀਆ ਗਾਂਧੀ ਨੂੰ ਲੋਕ ਸਭਾ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣਾ ਪਿਆ ਸੀ। ਬਾਅਦ ਵਿਚ ਸੋਨੀਆ ਫਿਰ ਤੋਂ ਰਾਏਬਰੇਲੀ ਤੋਂ ਚੋਣ ਲੜ ਕੇ ਸੰਸਦ ਮੈਂਬਰ ਬਣੀ ਸੀ।

**ਹੁਣ ਰਾਹੁਲ ਗਾਂਧੀ ਦੀ ਮੈਂਬਰਸ਼ਿਪ ਗਈ**

'ਮੋਦੀ ਸਰਨੇਮ' ਮਾਮਲੇ 'ਚ ਹੁਣ ਰਾਹੁਲ ਗਾਂਧੀ ਦੀ ਮੈਂਬਰਸ਼ਿਪ ਚਲੀ ਗਈ ਹੈ। ਸੂਰਤ ਦੀ ਕੋਰਟ ਨੇ ਰਾਹੁਲ ਗਾਂਧੀ ਨੂੰ ਮਾਣਹਾਨੀ ਮਾਮਲੇ ਵਿਚ 2 ਸਾਲ ਦੀ ਸਜ਼ਾ ਸੁਣਾਈ ਸੀ। ਜ਼ਿਕਰਯੋਗ ਹੈ ਕਿ 2 ਸਾਲ ਜਾਂ ਉਸ ਤੋਂ ਜ਼ਿਆਦਾ ਦੀ ਸਜ਼ਾ ਮਗਰੋਂ ਸੰਸਦ ਅਤੇ ਵਿਧਾਨ ਸਭਾ ਦੀ ਮੈਂਬਰਸ਼ਿਪ ਚਲੀ ਜਾਂਦੀ ਹੈ। ਰਾਹੁਲ ਲਈ ਹੁਣ ਇਹ ਮੁਸ਼ਕਲ ਖੜ੍ਹੀ ਹੋ ਗਈ ਹੈ ਕਿ ਉਹ ਅਗਲੇ 6 ਸਾਲ ਚੋਣਾਂ ਨਹੀਂ ਲੜ ਸਕਣਗੇ। ਹਾਲਾਂਕਿ ਜੇਕਰ ਉੱਪਰੀ ਅਦਾਲਤ ਰਾਹੁਲ ਗਾਂਧੀ ਦੀ ਦੋਸ਼ੀ ਠਹਿਰਾਉਣ ਵਾਲੇ ਫ਼ੈਸਲੇ ਨੂੰ ਹੀ ਮੁਲਤਵੀ ਕਰ ਦੇਵੇ ਤਾਂ ਰਾਹੁਲ ਦੀ ਮੈਂਬਰਸ਼ਿਪ ਬਚ ਸਕਦੀ ਹੈ।

**ਰਾਹੁਲ ਦਾ 12 ਤੁਗ਼ਲਕ ਲੇਨ ਵਾਲਾ ਬੰਗਲਾ ਵੀ ਖੁੱਸੇਗਾ**

ਰਾਹੁਲ ਗਾਂਧੀ ਦੀ ਸੰਸਦ ਮੈਂਬਰਸ਼ਿਪ ਤਾਂ ਖਤਮ ਹੋ ਹੀ ਗਈ ਹੈ, ਇਸ ਦੇ ਨਾਲ ਹੀ ਉਨ੍ਹਾਂ ਨੂੰ ਨਵੀਂ ਦਿੱਲੀ ਸਥਿਤ 12 ਤੁਗਲਕ ਲੇਨ ਵਾਲਾ ਬੰਗਲਾ ਵੀ ਖਾਲੀ ਕਰਨਾ ਪਵੇਗਾ। ਲੋਕ ਸਭਾ ਸਕੱਤਰੇਤ ਵਲੋਂ ਜਾਰੀ ਨੋਟਿਸ ਵਿਚ ਕਿਹਾ ਗਿਆ ਹੈ ਕਿ ਰਾਹੁਲ ਦੀ ਅਯੋਗਤਾ ਸੰਬੰਧੀ ਹੁਕਮ 23 ਮਾਰਚ ਤੋਂ ਲਾਗੂ ਹੋਵੇਗਾ। ਇਸ ਨੋਟਿਸ ਵਿਚ ਰਾਹੁਲ ਗਾਂਧੀ ਨੂੰ 'ਸਾਬਕਾ ਸੰਸਦ ਮੈਂਬਰ' ਕਹਿ ਕੇ ਸੰਬੋਧਨ ਕੀਤਾ ਗਿਆ ਹੈ ਅਤੇ ਇਸ ਦੀ ਇਕ ਕਾਪੀ ਐਨ ਡੀ ਐਮ ਸੀ। ਨੂੰ ਵੀ ਭੇਜੀ ਗਈ ਹੈ।

# ਮੋਦੀ ਨੇ ਭਾਰਤ ਦੇ ਵਿਕਾਸ 'ਚ 'ਨਾਰੀ ਸ਼ਕਤੀ' ਨੂੰ ਦੱਸਿਆ ਅਹਿਮ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਐਤਵਾਰ ਨੂੰ 'ਮਨ ਕੀ ਬਾਤ' ਪ੍ਰੋਗਰਾਮ ਰਾਹੀਂ ਦੇਸ਼ ਨੂੰ ਸੰਬੋਧਨ ਕੀਤਾ। ਪੀਐਮ ਮੋਦੀ ਦੇ ਮਾਸਿਕ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਦਾ ਇਹ 99ਵਾਂ ਐਪੀਸੋਡ ਹੈ। ਪੀਐਮ ਮੋਦੀ ਨੇ ਐਪੀਸੋਡ ਦੀ ਸ਼ੁਰੂਆਤ ਕਰਦੇ ਹੋਏ ਕਿਹਾ, 'ਮੇਰੇ ਪਿਆਰੇ ਦੇਸ਼ ਵਾਸੀਓ, 'ਮਨ ਕੀ ਬਾਤ' ਵਿੱਚ ਇੱਕ ਵਾਰ ਫਿਰ ਤੁਹਾਡਾ ਸਾਰਿਆਂ ਦਾ ਬਹੁਤ-ਬਹੁਤ ਸਵਾਗਤ ਹੈ। ਅੱਜ ਇਸ ਚਰਚਾ ਦੀ ਸ਼ੁਰੂਆਤ ਕਰਦਿਆਂ ਮਨ ਵਿੱਚ ਕਈ ਜਜ਼ਬਾਤ ਉੱਭਰ ਰਹੇ ਹਨ। 'ਮਨ ਕੀ ਬਾਤ' ਤੁਹਾਡੇ ਸਾਥ ਨਾਲ 99ਵੇਂ ਐਪੀਸੋਡ 'ਤੇ ਪਹੁੰਚ ਗਿਆ ਹੈ।



ਪੀਐਮ ਮੋਦੀ ਨੇ ਕਿਹਾ ਕਿ 'ਬਹੁਤ ਸਾਰੇ ਲੋਕ ਹਨ ਜੋ ਬੇਟੀਆਂ ਦੀ ਪੜ੍ਹਾਈ ਲਈ ਆਪਣੀ ਪੂਰੀ ਪੈਨਸ਼ਨ ਖਰਚ ਕਰਦੇ ਹਨ, ਕੁਝ ਆਪਣੀ ਸਾਰੀ ਜ਼ਿੰਦਗੀ ਦੀ ਕਮਾਈ ਵਾਤਾਵਰਣ ਅਤੇ ਜੀਵਿਤ ਜੀਵਾਂ ਲਈ ਸਮਰਪਿਤ ਕਰਦੇ ਹਨ। ਮੇਰੇ ਪਿਆਰੇ ਦੇਸ਼ ਵਾਸੀਓ, 'ਮਨ ਕੀ ਬਾਤ' ਵਿੱਚ ਅਸੀਂ ਅਜਿਹੇ ਹਜ਼ਾਰਾਂ ਲੋਕਾਂ ਬਾਰੇ ਗੱਲ ਕੀਤੀ ਹੈ ਜੋ ਦੂਜਿਆਂ ਦੀ ਸੇਵਾ ਲਈ ਆਪਣਾ ਜੀਵਨ ਸਮਰਪਿਤ ਕਰਦੇ ਹਨ।

**ਅੰਗਦਾਨ ਲਈ 65 ਸਾਲ ਤੋਂ ਘੱਟ ਉਮਰ ਦੀ ਸੀਮਾ ਨੂੰ ਹਟਾਉਣ ਦਾ ਕੀਤਾ ਫੈਸਲਾ**

ਪੀਐਮ ਮੋਦੀ ਨੇ ਕਿਹਾ ਕਿ 'ਮੈਂ ਸੰਤੁਸ਼ਟ ਹਾਂ ਕਿ ਅੰਗਦਾਨ ਦੀ ਸਹੂਲਤ ਅਤੇ ਉਤਸ਼ਾਹਿਤ ਕਰਨ ਲਈ ਪੂਰੇ ਦੇਸ਼ ਵਿੱਚ ਇਕ ਨੀਤੀ 'ਤੇ ਕੰਮ ਕੀਤਾ ਜਾ ਰਿਹਾ ਹੈ। ਇਸ ਦਿਸ਼ਾ ਵਿੱਚ, ਰਾਜਾਂ ਦੀ ਰਿਹਾਇਸ਼ੀ ਸ਼ਰਤ ਨੂੰ ਹਟਾਉਣ ਦਾ ਵੀ ਫੈਸਲਾ ਕੀਤਾ ਗਿਆ ਹੈ। ਸਰਕਾਰ ਨੇ ਅੰਗਦਾਨ ਲਈ 65 ਸਾਲ ਤੋਂ ਘੱਟ ਉਮਰ ਦੀ ਸੀਮਾ ਨੂੰ ਵੀ ਖਤਮ ਕਰਨ ਦਾ ਫੈਸਲਾ ਕੀਤਾ ਹੈ। ਇਨ੍ਹਾਂ ਯਤਨਾਂ ਦੇ ਵਿਚਕਾਰ, ਮੈਂ ਦੇਸ਼ ਵਾਸੀਆਂ ਨੂੰ ਅਪੀਲ ਕਰਦਾ ਹਾਂ ਕਿ ਅੰਗ ਦਾਨ ਕਰਨ ਵਾਲਿਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਅੱਗੇ ਆਉਣਾ ਚਾਹੀਦਾ ਹੈ। ਤੁਹਾਡਾ ਇੱਕ ਫੈਸਲਾ ਕਈ ਲੋਕਾਂ ਦੀ ਜਾਨ ਬਚਾ ਸਕਦਾ ਹੈ, ਜ਼ਿੰਦਗੀ ਬਣਾ ਸਕਦਾ ਹੈ।

**ਪੀਐਮ ਮੋਦੀ ਨੇ ਦੇਸ਼ ਦੀ ਬੇਟੀਆਂ ਦੀ ਕੀਤੀ ਤਾਰੀਫ**

ਪੀਐਮ ਮੋਦੀ ਨੇ ਕਿਹਾ ਕਿ ਨਾਗਾਲੈਂਡ ਵਿੱਚ 75 ਸਾਲਾਂ ਵਿੱਚ ਪਹਿਲੀ ਵਾਰ ਦੋ ਮਹਿਲਾ ਵਿਧਾਇਕ ਜਿੱਤ ਕੇ ਵਿਧਾਨ ਸਭਾ ਵਿੱਚ ਪਹੁੰਚੀਆਂ ਹਨ। ਉਨ੍ਹਾਂ ਵਿੱਚੋਂ ਇੱਕ ਨੂੰ ਨਾਗਾਲੈਂਡ ਸਰਕਾਰ ਵਿੱਚ ਮੰਤਰੀ ਵੀ ਬਣਾਇਆ ਗਿਆ ਹੈ, ਯਾਨੀ ਪਹਿਲੀ ਵਾਰ ਸੂਬੇ ਦੇ ਲੋਕਾਂ ਨੂੰ ਇੱਕ ਮਹਿਲਾ ਮੰਤਰੀ ਵੀ ਮਿਲੀ ਹੈ। ਦੋਸਤੋ, ਕੁਝ ਦਿਨ ਪਹਿਲਾਂ, ਮੈਂ ਉਨ੍ਹਾਂ ਬਹਾਦਰ ਧੀਆਂ ਨੂੰ ਵੀ ਮਿਲਿਆ ਜੋ ਭਿਆਨਕ ਭੂਚਾਲ ਤੋਂ ਬਾਅਦ ਤੁਰਕੀ ਦੇ ਲੋਕਾਂ ਦੀ ਮਦਦ ਲਈ ਗਈਆਂ ਸਨ। ਇਨ੍ਹਾਂ ਸਾਰਿਆਂ ਨੂੰ ਐਨਡੀਆਰਐਫ ਦੀ ਟੀਮ ਵਿੱਚ ਸ਼ਾਮਲ ਕੀਤਾ ਗਿਆ ਸੀ। ਉਸ ਦੀ ਹਿੰਮਤ ਅਤੇ ਹੁਨਰ ਦੀ ਪੂਰੀ ਦੁਨੀਆ ਵਿਚ ਤਾਰੀਫ ਹੋ ਰਹੀ ਹੈ। ਗਰੁੱਪ ਕੈਪਟਨ ਸ਼ੈਲੀਜਾ ਧਾਮੀ ਇੱਕ ਲੜਾਈ ਯੂਨਿਟ ਵਿੱਚ ਕਮਾਂਡ ਨਿਯੁਕਤੀ ਪ੍ਰਾਪਤ ਕਰਨ ਵਾਲੀ ਪਹਿਲੀ ਮਹਿਲਾ ਹਵਾਈ ਸੈਨਾ ਅਧਿਕਾਰੀ ਬਣ ਗਈ ਹੈ। ਉਸ ਕੋਲ ਕਰੀਬ 3 ਹਜ਼ਾਰ ਘੰਟੇ ਦਾ ਉਡਾਣ ਦਾ ਤਜਰਬਾ ਹੈ। ਪੀਐਮ ਨੇ ਕਿਹਾ ਕਿ ਇਸੇ ਤਰ੍ਹਾਂ ਭਾਰਤੀ ਫੌਜ ਦੀ ਕੈਪਟਨ ਸ਼ਿਵਾ ਚੌਹਾਨ ਸਿਆਚਿਨ ਵਿੱਚ ਤਾਇਨਾਤ ਹੋਣ ਵਾਲੀ ਪਹਿਲੀ ਮਹਿਲਾ ਅਧਿਕਾਰੀ ਬਣ ਗਈ ਹੈ। ਸਿਆਚਿਨ ਵਿੱਚ ਜਿੱਥੇ ਤਾਪਮਾਨ -60 ਡਿਗਰੀ ਤੱਕ ਡਿੱਗ ਜਾਂਦਾ ਹੈ, ਸ਼ਿਵ ਤਿੰਨ ਮਹੀਨਿਆਂ ਲਈ ਉੱਥੇ ਤਾਇਨਾਤ ਰਹਿਣਗੇ। ਨਾਰੀ ਸ਼ਕਤੀ ਦੀ ਇਹ ਊਰਜਾ ਵਿਕਸਿਤ ਭਾਰਤ ਦੀ ਜਿੰਦ ਜਾਨ ਹੈ।

# ਗਾਇਕਾ ਆਸ਼ਾ ਭੌਂਸਲੇ ਵੱਕਾਰੀ ਮਹਾਰਾਸ਼ਟਰ ਭੂਸ਼ਨ ਪੁਰਸਕਾਰ ਨਾਲ ਸਨਮਾਨਿਤ



**ਮੁੰਬਈ**–ਮਸ਼ਹੂਰ ਗਾਇਕਾ ਆਸ਼ਾ ਭੌਂਸਲੇ ਨੂੰ ਕਲਾ ਅਤੇ ਸੱਭਿਆਚਾਰ ਦੇ ਖੇਤਰ ਵਿਚ ਯੋਗਦਾਨ ਲਈ ਬੀਤੇ ਦਿਨੀਂ ਵੱਕਾਰੀ ਮਹਾਰਾਸ਼ਟਰ ਭੂਸ਼ਨ ਪੁਰਸਕਾਰ ਪ੍ਰਦਾਨ ਕੀਤਾ ਗਿਆ। ਸਾਲ 2021 ਦਾ ਇਹ ਪੁਰਸਕਾਰ ਗੇਟ ਵੇਅ ਆਫ ਇੰਡੀਆ 'ਤੇ ਕਰਵਾਏ ਗਏ ਇਕ ਸ਼ਾਨਦਾਰ ਸਮਾਰੋਹ ਦੌਰਾਨ ਪ੍ਰਦਾਨ ਕੀਤਾ ਗਿਆ। ਇਸ ਪੁਰਸਕਾਰ ਵਿਚ 25 ਲੱਖ ਰੁਪਏ ਦਾ ਇਨਾਮ, ਇਕ ਪ੍ਰਸੰਸਾ ਪੱਤਰ ਤੇ ਇਕ ਯਾਦਗਾਰੀ ਚਿੰਨ ਸ਼ਾਮਿਲ ਸੀ। ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਭੌਂਸਲੇ ਨੂੰ ਮਹਾਰਾਸ਼ਟਰ ਦਾ ਮਾਣ ਦੱਸਿਆ ਅਤੇ ਕਿਹਾ ਉਨ੍ਹਾਂ ਦੀ ਯਾਤਰਾ ਇਕ ਪ੍ਰੇਰਨਾਸ੍ਰੋਤ ਹੈ। ਇਸ ਪੁਰਸਕਾਰ ਸਮਾਰੋਹ ਦੌਰਾਨ ਸਾਬਕਾ ਕ੍ਰਿਕਟਰ ਸਚਿਨ ਤੇਂਦੁਲਕਰ ਵੀ ਮੌਜੂਦ ਸਨ।

# ਫਰਾਂਸ 'ਚ ਮਾਪਿਆਂ ਵਲੋਂ ਬੱਚਿਆਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਸ਼ੇਅਰ ਕਰਨ ਬਾਰੇ ਅਦਾਲਤ ਰੋਕ ਲਗਾਏਗੀ

**ਪੈਰਿਸ–** ਫਰਾਂਸ ਨੇ ਇਕ ਅਜਿਹਾ ਕਾਨੂੰਨ ਬਣਾਇਆ ਹੈ ਜੋ ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਪੋਸਟ ਕਰਨ ਤੋਂ ਰੋਕੇਗਾ। ਫਰਾਂਸ ਦੀ ਨੈਸ਼ਨਲ ਅਸੈਂਬਲੀ ਵਿੱਚ ਪਾਸ ਕੀਤੇ ਗਏ ਇੱਕ ਬਿੱਲ ਮੁਤਾਬਕ ਜੇਕਰ ਮਾਪੇ ਆਪਣੇ ਛੋਟੇ ਬੱਚਿਆਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਪੋਸਟ ਕਰਦੇ ਹਨ ਤਾਂ ਅਦਾਲਤ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਸਕੇਗੀ। ਇਸ ਮਾਮਲੇ ਵਿੱਚ ਮਾਤਾ-ਪਿਤਾ ਦੋਵੇਂ ਜ਼ਿੰਮੇਵਾਰ ਹੋਣਗੇ। ਸਮਾਚਾਰ ਏਜੰਸੀ 'ਮਿੰਟ' ਦੀ ਰਿਪੋਰਟ ਮੁਤਾਬਕ ਜੇਕਰ ਮਾਪੇ ਆਪਣੇ ਬੱਚੇ ਦੀ ਤਸਵੀਰ ਪੋਸਟ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਬੱਚੇ ਦੀ ਉਮਰ ਦੇ ਆਧਾਰ 'ਤੇ ਉਸ ਤੋਂ ਇਜਾਜ਼ਤ ਲੈਣੀ ਪਵੇਗੀ। ਜੇਕਰ ਮਾਤਾ-ਪਿਤਾ ਵਿੱਚੋਂ ਕੋਈ ਬੱਚੇ ਦੀ ਤਸਵੀਰ ਪੋਸਟ ਕਰਨ ਨਾਲ ਅਸਹਿਮਤ ਹੁੰਦਾ ਹੈ, ਤਾਂ ਅਦਾਲਤ ਤਸਵੀਰ ਪੋਸਟ ਕਰਨ 'ਤੇ ਪਾਬੰਦੀ ਲਗਾ ਸਕਦੀ ਹੈ।

ਮਾਪੇ ਆਪਣੇ ਬੱਚਿਆਂ ਦੇ ਫੋਟੋ ਰਾਈਟਸ ਨੂੰ ਉਸ ਸਮੇਂ ਗੁਆ ਦੇਣਗੇ, ਜਦੋਂ ਉਨ੍ਹਾਂ ਦੀਆਂ ਪੋਸਟਾਂ ਨੂੰ ਬੱਚੇ ਦੇ ਮਾਣ ਜਾਂ ਨੈਤਿਕ ਅਖੰਡਤਾ ਨੂੰ ਗੰਭੀਰਤਾ ਨਾਲ ਪ੍ਰਭਾਵਤ ਕਰਨ ਵਾਲਾ ਮੰਨਿਆ ਜਾਵੇਗਾ। ਇਸ ਬਿੱਲ ਅਨੁਸਾਰ ਗੰਭੀਰ ਮਾਮਲਿਆਂ ਵਿੱਚ ਜੱਜ ਪਰਿਵਾਰ ਤੋਂ ਆਪਣੇ ਬੱਚਿਆਂ ਦੀਆਂ ਫੋਟੋਆਂ ਨੂੰ ਮੀਡੀਆ 'ਤੇ ਸ਼ੇਅਰ ਕਰਨ ਦਾ ਅਧਿਕਾਰ ਖੋਹ ਸਕਦਾ ਹੈ। ਜੇਕਰ ਜੱਜ ਨੂੰ ਲੱਗਦਾ ਹੈ ਕਿ ਸੋਸ਼ਲ ਮੀਡੀਆ 'ਤੇ ਬੱਚੇ ਦੀਆਂ ਤਸਵੀਰਾਂ ਪੋਸਟ ਕਰਨਾ ਬੇਹੱਦ ਨੁਕਸਾਨਦੇਹ ਹੈ, ਤਾਂ ਅਜਿਹੀ ਸਥਿਤੀ ਵਿਚ ਮਾਤਾ-ਪਿਤਾ ਨੂੰ ਬੱਚਿਆਂ ਦੀਆਂ ਤਸਵੀਰਾਂ ਸ਼ੇਅਰ ਕਰਨ ਦਾ ਅਧਿਕਾਰ ਨਹੀਂ ਹੋਵੇਗਾ।



**ਕੀ ਹੈ ਇਸ ਕਾਨੂੰਨ ਦਾ ਮਕਸਦ**

ਇਸ ਫ੍ਰੈਂਚ ਕਾਨੂੰਨ ਦਾ ਉਦੇਸ਼ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਗੋਪਨੀਯਤਾ ਅਧਿਕਾਰਾਂ ਲਈ ਜ਼ਿੰਮੇਵਾਰ ਬਣਾਉਣਾ ਹੈ ਜੋ ਆਪਣੀਆਂ ਫੋਟੋਆਂ ਨੂੰ ਆਨਲਾਈਨ ਅਪਲੋਡ ਕਰਨ ਲਈ ਸਹਿਮਤੀ ਨਹੀਂ ਦੇ ਸਕਦੇ ਹਨ। ਇਸ ਕਾਨੂੰਨ ਵਿਚ ਉਨ੍ਹਾਂ ਮਾਤਾ-ਪਿਤਾ ਨੂੰ ਸਜ਼ਾ ਦੇਣ ਦੀ ਵੀ ਵਿਵਸਥਾ ਹੈ ਜੋ ਸੋਸ਼ਲ ਮੀਡੀਆ 'ਤੇ ਬੱਚਿਆਂ ਦੀਆਂ ਤਸਵੀਰਾਂ ਰਾਹੀਂ ਫਾਲੋਅਰਜ਼ ਵਧਾਉਣ ਅਤੇ ਪੈਸੇ ਕਮਾਉਣ ਦੀ ਕੋਸ਼ਿਸ਼ ਕਰਦੇ ਹਨ। ਬੱਚਿਆਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੀ ਫ੍ਰੈਂਚ ਕੌਂਸਲ ਆਫ ਐਸੋਸੀਏਸ਼ਨਜ਼ ਨੇ ਯੂਰੋਪੋਲ ਅਤੇ ਇੰਟਰਪੋਲ ਤੋਂ ਆਨਲਾਈਨ ਬਾਲ ਜਿਨਸੀ ਸ਼ੋਸ਼ਣ ਸਮੱਗਰੀ ਦੇ ਪ੍ਰਸਾਰ ਨੂੰ ਲੈ ਕੇ ਅਲਰਟ ਜਾਰੀ ਕੀਤਾ ਸੀ, ਜਿਸ ਤੋਂ ਬਾਅਦ ਅਜਿਹਾ ਕਾਨੂੰਨ ਲਿਆਉਣ 'ਤੇ ਚਰਚਾ ਸ਼ੁਰੂ ਹੋ ਗਈ ਸੀ।

**ਫਰਾਂਸ ਅਜਿਹਾ ਬਿੱਲ ਲਿਆਉਣ ਵਾਲਾ ਪਹਿਲਾ ਦੇਸ਼**

ਫਰਾਂਸ ਦਾ ਇਹ ਬਿੱਲ ਦੁਨੀਆ ਦਾ ਪਹਿਲਾ ਅਜਿਹਾ ਬਿੱਲ ਹੈ ਜੋ ਸੋਸ਼ਲ ਮੀਡੀਆ 'ਤੇ ਬੱਚਿਆਂ ਦੀਆਂ ਤਸਵੀਰਾਂ ਪੋਸਟ ਕਰਨ ਤੋਂ ਰੋਕਦਾ ਹੈ। ਫਰਾਂਸ ਦੇ ਇਸ ਕਦਮ ਦਾ ਬਾਲ ਮਨੋਵਿਗਿਆਨੀਆਂ ਅਤੇ ਸੋਸ਼ਲ ਮੀਡੀਆ ਮਾਹਿਰਾਂ ਨੇ ਸਵਾਗਤ ਕੀਤਾ ਹੈ। ਵਿਏਨਾ ਯੂਨੀਵਰਸਿਟੀ ਦੀ ਸੰਚਾਰ ਖੋਜੀ ਅੰਜਾ ਸਟੀਵਿਕ ਦਾ ਮੰਨਣਾ ਹੈ ਕਿ ਛੋਟੇ ਬੱਚਿਆਂ ਦੀ ਰੱਖਿਆ ਕਰਨਾ ਮਹੱਤਵਪੂਰਨ ਹੈ ਜਿਨ੍ਹਾਂ ਕੋਲ ਆਪਣੇ ਮਾਪਿਆਂ ਦੁਆਰਾ ਆਨਲਾਈਨ ਸਾਂਝੀਆਂ ਕੀਤੀਆਂ ਤਸਵੀਰਾਂ ਵਿਰੁੱਧ ਬੋਲਣ ਦੀ ਸਮਝ ਨਹੀਂ ਹੈ।

# ਮੁੱਕੇਬਾਜੀ ਵਿਚ ਨੀਤੂ ਤੇ ਸਵੀਟੀ ਬਣੀਆਂ ਵਿਸ਼ਵ ਚੈਂਪੀਅਨ, ਚਾਰ ਮੁੱਕੇਬਾਜ਼ ਏਸ਼ਿਆਈ ਖੇਡਾਂ ਲਈ ਕੁਆਲੀਫਾਈ

**ਨਵੀਂ ਦਿੱਲੀ**–ਨੀਤੂ ਘਣਗਸ (48 ਕਿਲੋ) ਤੇ ਸਵੀਟੀ ਬੂਰਾ (81 ਕਿਲੋ) ਨੇ ਮੁੱਕੇਬਾਜ਼ੀ ਵਿਚ ਵਿਸ਼ਵ ਚੈਂਪੀਅਨ ਖ਼ਿਤਾਬ ਜਿੱਤ ਕੇ ਇਤਿਹਾਸ ਸਿਰਜ ਦਿੱਤਾ ਹੈ। ਇੱਥੇ ਹੋਈ ਵਿਸ਼ਵ ਚੈਂਪੀਅਨਸ਼ਿਪ ਵਿਚ ਰਾਸ਼ਟਰ-ਮੰਡਲ ਖੇਡਾਂ ਦੀ ਸੋਨ ਤਗਮਾ ਜੇਤੂ ਨੀਤੂ ਨੇ ਮੰਗੋਲੀਆ ਦੀ ਮੁੱਕੇਬਾਜ਼ ਨੂੰ 5-0 ਨਾਲ ਹਰਾਇਆ।

ਇਸ ਮੌਕੇ ਪੇਈਚਿੰਗ ਉਲੰਪਿਕਸ 'ਚ ਕਾਂਸੀ ਦਾ ਤਗਮਾ ਜੇਤੂ ਤੇ ਨੀਤੂ ਦੇ ਆਦਰਸ਼ ਵਿਜੇਂਦਰ ਸਿੰਘ ਵੀ ਹਾਜ਼ਰ ਸਨ। ਸਵੀਟੀ ਨੇ ਆਪਣੇ ਮੁਕਾਬਲੇ ਵਿਚ ਚੀਨ ਦੀ ਵਾਂਗ ਲੀਨਾ ਨੂੰ ਹਰਾਇਆ। ਦਿਨ ਦੇ ਪਹਿਲੇ ਮੁਕਾਬਲੇ ਵਿਚ ਨੀਤੂ ਨੇ ਹਮਲਾਵਰ ਸ਼ੁਰੂਆਤ ਕੀਤੀ ਤੇ ਅਸਰਦਾਰ ਢੰਗ ਨਾਲ ਆਪਣੇ ਵਿਰੋਧੀ ਨੂੰ ਘੇਰਿਆ। ਭਿਵਾਨੀ ਨਾਲ ਸਬੰਧਤ 22 ਸਾਲ ਮੁੱਕੇਬਾਜ਼ ਨੇ ਪਹਿਲਾ ਗੇੜ 5-0 ਨਾਲ ਆਪਣੇ ਨਾਂ ਕੀਤਾ ਸੀ।



ਇਨ੍ਹਾਂ ਦੋਵਾਂ ਤੋਂ ਪਹਿਲਾਂ ਮੇਰੀ ਕੋਮ, ਸਰਿਤਾ ਦੇਵੀ, ਜੇਨੀ ਆਰਐਲ, ਲੇਖਾ ਕੇਸੀ ਅਤੇ ਨਿਖਤ ਜ਼ਰੀਨ ਵਿਸ਼ਵ ਚੈਂਪੀਅਨ ਬਣ ਚੁੱਕੀਆਂ ਹਨ। ਨਿਖਤ ਜ਼ਰੀਨ ਤੇ ਲਵਲੀਨਾ ਬੋਰਗੋਹੇਨ ਨੇ ਵੀ ਏਸ਼ਿਆਈ ਖੇਡਾਂ ਲਈ ਕੁਆਲੀਫਾਈ ਕਰ ਲਿਆ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

### ਵਿਸ਼ਵ ਰੰਗ ਮੰਚ ਦਿਹਾੜੇ ਨੂੰ ਸਮਰਪਿਤ

# 'ਗ਼ਦਰੀ ਬੀਬੀ ਗੁਲਾਬ ਕੌਰ' ਪੁਸਤਕ 'ਤੇ ਵਿਚਾਰ ਚਰਚਾ ਅਤੇ ਨਾਟਕ ਲੱਛੂ ਕਬਾੜੀਆ









**ਜਲੰਧਰ–** ਆਜ਼ਾਦੀ ਸੰਗਰਾਮ ਵਿੱਚ ਨਿਵੇਕਲਾ ਸਥਾਨ ਰੱਖਦੀ ਗ਼ਦਰ ਲਹਿਰ ਦੀ ਨਾਇਕਾ ਗ਼ਦਰੀ ਗੁਲਾਬ ਕੌਰ ਦੇ ਸੰਗਰਾਮੀ ਜੀਵਨ ਸਬੰਧੀ ਦੇਸ਼ ਭਗਤ ਯਾਦਗਾਰ ਹਾਲ 'ਚ ਹੋਈ ਗੰਭੀਰ ਵਿਚਾਰ–ਚਰਚਾ ਨੇ ਲੋਕ ਲਹਿਰਾਂ ਵਿੱਚ ਔਰਤਾਂ ਦੀ ਇਤਿਹਾਸਕ ਭੂਮਿਕਾ ਨੂੰ ਬੁਲੰਦ ਕੀਤਾ।

ਵਿਸ਼ਵ ਰੰਗ ਮੰਚ ਦਿਹਾੜੇ ਨੂੰ ਸਮਰਪਤ ਇਸ ਸਮਾਗਮ ਮੌਕੇ ਮੰਚ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਗ਼ਦਰੀ ਗੁਲਾਬ ਕੌਰ ਪੁਸਤਕ ਦੇ ਲੇਖਕ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਡਾ. ਜੋਗਿੰਦਰ ਸਿੰਘ, ਕਮੇਟੀ ਮੈਂਬਰ ਅਤੇ ਨਾਮਵਰ ਕਹਾਣੀਕਾਰ ਵਰਿਆਮ ਸਿੰਘ ਸੰਧੂ, ਕਮੇਟੀ ਮੈਂਬਰ ਡਾ. ਪਰਮਿੰਦਰ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਸਸ਼ੋਭਤ ਸਨ।

ਗ਼ਦਰੀ ਵੀਰਾਂਗਣਾਂ ਬੀਬੀ ਗੁਲਾਬ ਕੌਰ ਕਿਤਾਬ 'ਤੇ ਬੋਲਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਪ੍ਰੋ. ਜੋਗਿੰਦਰ ਸਿੰਘ ਨੇ ਕਿਹਾ ਕਿ ਗ਼ਦਰ ਲਹਿਰ ਦੇ ਸੂਹੇ ਗੁਲਾਬ, ਬੀਬੀ ਗੁਲਾਬ ਕੌਰ ਕਿਤਾਬ ਲੋਕ ਅਰਪਣ ਕਰਕੇ ਇਤਿਹਾਸ ਦੀ ਬੁੱਕਲ 'ਚ ਸਮੋਈ ਅਮੀਰ ਵਿਰਾਸਤ ਦਾ ਅਮੁੱਲਾ ਗਹਿਣਾ ਅਜੋਕੀ ਅਤੇ ਆਉਣ ਵਾਲੀ ਪੀੜ੍ਹੀ ਦੀ ਝੋਲੀ ਪਾਇਆ ਹੈ। ਉਹਨਾਂ ਕਿਹਾ ਕਿ ਗ਼ਦਰੀ ਗੁਲਾਬ ਕੌਰ ਦੇ ਜੀਵਨ 'ਚ ਆਈ ਇਨਕਲਾਬੀ ਤਬਦੀਲੀ ਗੰਭੀਰ ਅਧਿਐਨ ਦੀ ਮੰਗ ਕਰਦੀ ਹੈ।

ਉਹਨਾਂ ਕਿਹਾ ਕਿ ਗੁਲਾਬ ਕੌਰ ਦੇ ਪਤੀ ਮਾਨ ਸਿੰਘ ਦਾ ਪਹਿਲਾਂ ਗ਼ਦਰੀ ਕਾਫ਼ਲੇ ਨਾਲ ਭਾਰਤ ਆਉਣ ਲਈ ਤਿਆਰ ਹੋਣਾ ਫਿਰ ਅਨੇਕਾਂ ਤਰ੍ਹਾਂ ਦੇ ਤਣਾਅ 'ਚ ਘਿਰ ਕੇ ਪੈਰ ਪਿੱਛੇ ਖਿਸਕਾ ਲੈਣ ਨੂੰ ਵਿਗਿਆਨ ਦ੍ਰਿਸ਼ਟੀ ਤੋਂ ਹੋਰ ਗਹਿਰਾਈ ਨਾਲ ਸਮਝਣ ਦੀ ਲੋੜ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋ. ਪਰਮਿੰਦਰ ਸਿੰਘ ਨੇ ਕਿਤਾਬ 'ਤੇ ਬੋਲਦਿਆਂ ਕਿਹਾ ਕਿ ਅਮਲੀ ਤੌਰ 'ਤੇ ਪ੍ਰਤੀਬੱਧ ਹੋ ਕੇ ਆਜ਼ਾਦੀ ਸੰਗਰਾਮ ਵਿੱਚ ਆਖਰੀ ਦਮ ਤੱਕ ਸਮਰਪਤ ਕਰਨ ਦਾ ਨਾਂਅ ਗੁਲਾਬ ਕੌਰ ਹੈ, ਜਿਸਨੂੰ ਪੁਸਤਕ ਆਪਣੇ ਕਲਾਵੇ ਵਿੱਚ ਲੈਂਦੀ ਹੈ। ਡਾ. ਪਰਮਿੰਦਰ ਨੇ ਸਾਵਿਤਰੀ ਬਾਈ ਫੂਲੇ ਦੀ ਇਤਿਹਾਸਕ ਦੇਣ ਨੂੰ ਗ਼ਦਰੀ ਗੁਲਾਬ ਕੌਰ ਨਾਲ ਜੋੜ ਕੇ ਦੇਖਣ ਦੀ ਲੋੜ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ, ਜਾਣੇ–ਪਹਿਚਾਣੇ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਨੇ ਪ੍ਰਧਾਨਗੀ ਮੰਡਲ ਦੀ ਤਰਫ਼ੋਂ ਬੋਲਦਿਆਂ ਕਿਹਾ ਕਿ ਦੇਸ਼ ਭਗਤ ਕਾਫ਼ਲਿਆਂ 'ਚ ਸ਼ਾਮਲ ਲੋਕਾਂ ਦੀ ਜੀਵਨ ਗਾਥਾ ਤਾਂ ਕਿਸੇ ਨਾ ਕਿਸੇ ਰੂਪ 'ਚ ਸਾਹਮਣੇ ਆ ਜਾਂਦੀ ਹੈ ਪਰ ਉਹਨਾਂ ਦੀਆਂ ਮਾਵਾਂ, ਭੈਣਾਂ, ਜੀਵਨ–ਸਾਥਣਾਂ, ਕਿਵੇਂ ਪਰਬਤੋਂ ਭਾਰੀ ਸੰਤਾਪ ਭੋਗਦੀਆਂ ਨੇ, ਇਸ ਦਾ ਜ਼ਿਕਰ ਇਤਿਹਾਸ ਦੀ ਨਜ਼ਰ ਤੋਂ ਅਣਗੌਲਿਆਂ ਰਹਿੰਦਾ ਹੈ। ਬੀਬੀ ਗੁਲਾਬ ਕੌਰ ਨੇ ਜਿੱਥੇ ਭੂਮੀਗਤ ਹੋ ਕੇ ਗ਼ਦਰੀ ਮੁੱਖ ਕੇਂਦਰ ਵਜੋਂ ਸਰਗਰਮੀਆਂ ਕੀਤੀਆਂ ਪਿੰਡ ਕੋਟਲਾ ਨੌਧ ਸਿੰਘ ਤੋਂ ਆਏ ਗੁਰਮੇਲ ਸਿੰਘ ਨੇ ਪਿੰਡ ਨਾਲ ਜੁੜੀਆਂ ਗੁਲਾਬ ਕੌਰ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਕਿਤਾਬ ਦੇ ਲੇਖਕ ਚਰੰਜੀ ਲਾਲ ਕੰਗਣੀਵਾਲ ਨੇ ਆਲੋਚਕ ਵਿਦਵਾਨਾਂ ਦਾ ਅਦਬ ਕਰਦਿਆਂ ਕਿਹਾ ਕਿ ਗ਼ਦਰੀ ਗੁਲਾਬ ਕੌਰ ਸਾਡੀਆਂ ਅਜੋਕੇ ਸਮੇਂ ਦੀਆਂ ਧੀਆਂ ਲਈ ਮਾਰਗ ਦਰਸ਼ਕ ਹੈ। ਉਹਨਾਂ ਕਿਹਾ ਕਿ ਲੋਕ ਲਹਿਰਾਂ ਔਰਤਾਂ ਦੀ ਸ਼ਮੂਲੀਅਤ ਬਗੈਰ ਸਫ਼ਲ ਨਹੀਂ ਹੋ ਸਕਦੀਆਂ। ਇਹ ਪੈਗ਼ਾਮ ਦੇਣ ਦਾ ਕਾਰਜ ਕਰਨ 'ਚ ਇਹ ਪੁਸਤਕ ਜੇ ਸਫ਼ਲ ਰਹੀ ਤਾਂ ਇਸਦਾ ਸਿਹਰਾ ਉਹਨਾਂ ਲੋਕਾਂ ਨੂੰ ਜਾਂਦਾ ਹੈ, ਜਿਨ੍ਹਾਂ ਨੇ ਪੁਸਤਕ ਸਿਰਜਣਾ ਵਿੱਚ ਹੱਥ ਵਟਾਇਆ। ਕਮੇਟੀ ਦੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਨੇ ਵਿਸ਼ੇਸ਼ ਤੌਰ 'ਤੇ ਅੱਜ ਦੇ ਸਮਾਗਮ ਵਿੱਚ ਵਿਦਿਆਰਥੀਆਂ ਦੀ ਸ਼ਮੂਲੀਅਤ ਅਤੇ ਉਨ੍ਹਾਂ ਵਲੋਂ ਨਾਟਕ ਤੋਂ ਮਾਰਗ ਦਰਸ਼ਨ ਹਾਸਲ ਕਰਕੇ ਜਾਣਾ ਸਮਾਗਮ ਦੀ ਵਿਸ਼ੇਸ਼ ਉਪਲੱਬਧੀ ਹੈ। ਉਨ੍ਹਾਂ ਅਜਿਹੇ ਸਮਾਗਮ ਜਾਰੀ ਰੱਖਣ ਦਾ ਸਰੋਤਿਆਂ ਨੂੰ ਭਰੋਸਾ ਦਿੱਤਾ।

ਸ਼ਹੀਦ ਮੁਨਸ਼ਾ ਸਿੰਘ ਜੌਹਲ ਦੇ ਪਿੰਡ ਤੋਂ ਬਿੱਕਰ ਸਿੰਘ, ਹਰਜਿੰਦਰ ਸਿੰਘ ਜੌਹਲ, ਕਾਲਾ ਸੰਘਿਆ ਕਾਲਜ ਤੋਂ ਡਾ. ਰਾਮ ਮੂਰਤੀ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਹਰਮੇਸ਼ ਮਾਲੜੀ, ਵਿਜੈ ਬੰਬੇਲੀ, ਹਰਵਿੰਦਰ ਭੰਡਾਲ, ਰਣਜੀਤ ਸਿੰਘ ਔਲਖ, ਕੁਲਬੀਰ ਸੰਘੇੜਾ, ਡਾ. ਸੈਲੇਸ਼, ਪ੍ਰੋ. ਗੋਪਾਲ ਬੁੱਟਰ ਤੋਂ ਇਲਾਵਾ ਸੁਮੀਤ ਅੰਮ੍ਰਿਤਸਰ, ਅਮਰਜੀਤ ਬਾਈ, ਤਲਵਿੰਦਰ ਹੀਰ, ਬੂਟਾ ਸਿੰਘ ਮਹਿਮੂਦਪੁਰ, ਗਿਆਨ ਸੈਦਪੁਰੀ, ਬਲਦੇਵ ਸਿੰਘ ਨੂਰਪੁਰੀ, ਹੰਸ ਰਾਜ ਪੱਬਵਾਂ ਵੀ ਹਾਜ਼ਰ ਸਨ।

ਡਾ. ਸਾਹਿਬ ਸਿੰਘ ਦੇ ਨਾਟਕ 'ਲੱਛੂ ਕਬਾੜੀਆ' ਨੇ ਆਰਥਕ, ਸਮਾਜਕ, ਜਾਤ–ਪਾਤੀ ਪਾੜੇ, ਵਿਤਕਰੇ ਅਤੇ ਦਾਬੇ ਦਾ ਦਰਦ ਹੰਢਾਉਂਦੇ ਅਤੇ ਉਹਨਾਂ ਦੇ ਮਨਾਂ ਅੰਦਰ ਉਠਦੇ ਬਗ਼ਾਵਤੀ ਜਵਾਰ ਭਾਟਿਆਂ ਦੀ ਮਾਰਮਿਕ ਪੇਸ਼ਕਾਰੀ ਨਾਲ ਦਰਸ਼ਕਾਂ ਨੂੰ ਝੰਜੋੜਕੇ ਰੱਖ ਦਿੱਤਾ। ਵਿਸ਼ੇਸ਼ ਕਰਕੇ ਵਿਦਿਆਰਥੀਆਂ ਦੇ ਮਨ ਦੀ ਸਲੇਟ ਤੇ 'ਲੱਛੂ ਕਬਾੜੀਆ' ਅਮਿੱਟ ਛਾਪ ਛੱਡ ਗਿਆ।

# ਪਾਬੰਦੀਸ਼ੁਦਾ ਸੰਗਠਨ ਦਾ ਮੈਂਬਰ ਵਿਅਕਤੀ ਅਪਰਾਧੀ ਨਹੀਂ ਹੋਵੇਗਾ–ਸੁਪਰੀਮ ਕੋਰਟ

**ਨਵੀਂ ਦਿੱਲੀ–** ਸੁਪਰੀਮ ਕੋਰਟ ਨੇ ਹੁਣੇ ਜਿਹੇ ਲੋਕਤੰਤਰ ਬਹਾਲੀ ਤੇ ਕਾਲੇ ਕਨੂੰਨਾਂ ਤਹਿਤ ਬੇਗੁਨਾਹਾਂ ਵਿਰੁਧ ਕਾਰਵਾਈ ਦਾ ਫੈਸਲਾ ਦਿਤਾ ਹੈ ਕਿ ਕਿਸੇ ਪਾਬੰਦੀਸ਼ੁਦਾ ਸੰਗਠਨ ਦਾ ਮੈਂਬਰ ਹੋਣ ਨਾਲ ਵੀ ਵਿਅਕਤੀ ਅਪਰਾਧੀ ਹੋਵੇਗਾ। ਸੁਪਰੀਮ ਕੋਰਟ ਨੇ ਇਹ ਵਿਵਸਥਾ ਆਪਣੇ 2011 ਦੇ ਉਨ੍ਹਾਂ ਫ਼ੈਸਲਿਆਂ ਨੂੰ ਪਲਟਦੇ ਹੋਏ ਦਿੱਤੀ ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਸਿਰਫ਼ ਪਾਬੰਦੀਸ਼ੁਦਾ ਸੰਗਠਨ ਦਾ ਮੈਂਬਰ ਹੋਣ ਨਾਲ ਹੀ ਕੋਈ ਵਿਅਕਤੀ ਅਪਰਾਧੀ ਨਹੀਂ ਹੋ ਜਾਵੇਗਾ, ਜਦੋਂ ਤੱਕ ਕਿ ਉਹ ਹਿੰਸਾ ਵਿਚ ਸ਼ਾਮਲ ਨਾ ਹੋਵੇ ਜਾਂ ਲੋਕਾਂ ਨੂੰ ਹਿੰਸਾ ਲਈ ਨਾ ਭੜਕਾਏ। ਹੁਣ ਸੁਪਰੀਮ ਕੋਰਟ ਨੇ ਇਸ ਸਬੰਧੀ ਆਪਣੇ ਪਹਿਲਾਂ ਦੇ ਫ਼ੈਸਲਿਆਂ ਨੂੰ ਕਾਨੂੰਨ ਦੀ ਨਜ਼ਰ ਵਿਚ ਖ਼ਰਾਬ ਕਰਾਰ ਦਿੱਤਾ ਹੈ।

ਜਸਟਿਸ ਐੱਮ ਆਰ ਸ਼ਾਹ, ਜਸਟਿਸ ਸੀਟੀ ਰਵੀ ਕੁਮਾਰ ਤੇ ਜਸਟਿਸ ਸੰਜੇ ਕਰੋਲ ਦੇ ਬੈਂਚ ਨੇ ਕਿਹਾ ਕਿ ਪਾਬ–ਦੀਸ਼ੁਦਾ ਸੰਗਠਨ ਦੇ ਕਿਸੇ ਮੈਂਬਰ ਖ਼ਿਲਾਫ਼ ਗੈਰ–ਕਾਨੂੰਨੀ ਸਰ–ਗਰਮੀਆਂ ਰੋਕਥਾਮ ਕਾਨੂੰਨ (ਯੂਏਪੀਏ) ਦੀਆਂ ਮੱਦਾਂ ਤਹਿਤ ਮੁਕੱਦਮਾ ਚਲਾਇਆ ਜਾਵੇਗਾ। ਇਸ ਦੇ ਨਾਲ ਹੀ ਬੈਂਚ ਨੇ ਯੂਏਪੀਏ ਦੀ ਧਾਰਾ–10 (ਏ) (ਆਈ) ਦੀ ਜਾਇਜ਼ਤਾ ਨੂੰ ਬਰਕਰਾਰ ਰੱਖਿਆ। ਬੈਂਚ ਨੇ ਕਿਹਾ ਕਿ ਪਾਬੰਦੀਸ਼ੁਦਾ ਸੰਗਠਨਾਂ ਦੀ ਮੈਂਬਰਸ਼ਿਪ ਸਬੰਧੀ 2011 ਦੇ ਸੁਪਰੀਮ ਕੋਰਟ ਦੇ ਫ਼ੈਸਲਿਆਂ ਦੇ ਆਧਾਰ 'ਤੇ ਹਾਈ ਕੋਰਟਾਂ ਵੱਲੋਂ ਸੁਣਾਏ ਗਏ ਫ਼ੈਸਲੇ ਕਾਨੂੰਨ ਮੁਤਾਬਕ ਗਲਤ ਹਨ ਤੇ ਉਨ੍ਹਾਂ ਨੂੰ ਖ਼ਾਰਜ ਕੀਤਾ ਜਾਂਦਾ ਹੈ।



ਪਾਬੰਦੀਸ਼ੁਦਾ ਸੰਗਠਨਾਂ ਦੀ ਮੈਂਬਰਸ਼ਿਪ ਸਬੰਧੀ ਸੁਪਰੀਮ ਕੋਰਟ ਦੇ 2011 ਦੇ ਫ਼ੈਸਲਿਆਂ ਦੀ ਸਮੀਖਿਆ ਦੀ ਅਪੀਲ ਕਰਨ ਵਾਲੀਆਂ ਕੇਂਦਰ ਤੇ ਅਸਾਮ ਸਰਕਾਰਾਂ ਦੀਆਂ ਪਟੀਸ਼ਨਾਂ ਨੂੰ ਸਵੀਕਾਰ ਕਰਦੇ ਹੋਏ ਸੁਪਰੀਮ ਕੋਰਟ ਨੇ ਕਿਹਾ ਕਿ ਸੰਸਦ ਵੱਲੋਂ ਬਣਾਏ ਗਏ ਕਾਨੂੰਨ ਦੀ ਇਕ ਮੱਦ ਦੀ ਵਿਵਸਥਾ ਦੇ ਮੱਦੇਨਜ਼ਰ ਕੇਂਦਰ ਸਰਕਾਰ ਦਾ ਪੱਖ ਸੁਣਨਾ ਜ਼ਰੂਰੀ ਹੈ। ਬੈਂਚ ਨੇ ਕਿਹਾ ਕਿ 2011 ਦੇ ਫ਼ੈਸਲੇ ਅਮਰੀਕੀ ਅਦਾਲਤ ਦੇ ਫ਼ੈਸਲਿਆਂ 'ਤੇ ਭਰੋਸਾ ਕਰਦੇ ਹੋਏ ਪਾਸ ਕੀਤੇ ਗਏ ਸਨ, ਪਰ ਭਾਰਤ ਦੀ ਸਥਿਤੀ 'ਤੇ ਵਿਚਾਰ ਕੀਤੇ ਬਿਨਾਂ ਇਸ ਤਰ੍ਹਾਂ ਨਹੀਂ ਕੀਤਾ ਜਾ ਸਕਦਾ। ਬੈਂਚ ਨੇ ਕਿਹਾ, 'ਭਾਰਤ ਵਿਚ ਬੋਲਣ ਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦਾ ਅਧਿਕਾਰ ਪੂਰਨ ਨਹੀਂ ਹੈ ਤੇ ਇਹ ਉਚਿਤ ਜਾਇਜ਼ ਪਾਬੰਦੀਆਂ ਦੇ ਅਧੀਨ ਹੈ। ਹਾਲਾਂਕਿ, ਅਮਰੀਕੀ ਅਦਾਲਤ ਦੇ ਫ਼ੈਸਲੇ ਮਾਰਗਦਰਸ਼ਨ ਕਰ ਸਕਦੇ ਹਨ।'

ਨੌਂ ਫਰਵਰੀ ਨੂੰ ਰੀਵਿਊ ਪਟੀਸ਼ਨਾਂ 'ਤੇ ਆਪਣਾ ਫ਼ੈਸਲਾ ਸੁਰੱਖਿਅਤ ਰੱਖਦੇ ਹੋਏ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਜਦੋਂ ਤਿੰਨ ਫਰਵਰੀ, 2011 ਦਾ ਫ਼ੈਸਲਾ ਸੁਣਾਇਆ ਗਿਆ ਸੀ ਤਾਂ ਉਸ ਦੇ ਦੋ ਜੱਜਾਂ ਦੇ ਬੈਂਚ ਨੇ ਕੇਂਦਰ ਸਰਕਾਰ ਦਾ ਪੱਖ ਨਹੀਂ ਸੁਣਿਆ ਸੀ। ਇਸ ਫ਼ੈਸਲੇ ਵਿਚ ਸੁਪਰੀਮ ਕੋਰਟ ਦੀ ਜਸਟਿਸ ਮਾਰਕੰਡੇ ਕਾਟਜੂ ਤੇ ਜਸਟਿਸ ਗਿਆਨ ਸੁਧਾ ਮਿਸ਼ਰਾ ਦੇ ਬੈਂਚ ਨੇ ਅੱਤਵਾਦੀ ਸੰਗਠਨ ਉਲਫਾ ਦੇ ਸ਼ੱਕੀ ਮੈਂਬਰ ਅਰੂਪ ਭੂਈਆਂ ਨੂੰ ਬਰੀ ਕਰ ਦਿੱਤਾ ਸੀ ਜਿਸ ਨੂੰ ਟਾਡਾ ਅਦਾਲਤ ਨੇ ਪੁਲਿਸ ਸੁਪਰਡੈਂਟ ਸਾਹਮਣੇ ਕਥਿਤ ਇਕਬਾਲੀਆ ਬਿਆਨ ਦੇ ਆਧਾਰ 'ਤੇ ਦੋਸ਼ੀ ਠਹਿਰਾਇਆ ਸੀ। ਸੁਪਰੀਮ ਕੋਰਟ ਦਾ ਕਹਿਣਾ ਸੀ ਕਿ ਪਾਬੰਦੀਸ਼ੁਦਾ ਸੰਗਠਨ ਦਾ ਮੈਂਬਰ ਹੋਣ ਨਾਲ ਹੀ ਕੋਈ ਵਿਅਕਤੀ ਅਪਰਾਧੀ ਨਹੀਂ ਬਣ ਜਾਂਦਾ ਜਦੋਂ ਤੱਕ ਕਿ ਉਹ ਹਿੰਸਾ ਵਿਚ ਸ਼ਾਮਲ ਨਾ ਹੋਵੇ ਜਾਂ ਲੋਕਾਂ ਨੂੰ ਹਿੰਸਾ ਲਈ ਉਕਸਾਉਂਦਾ ਨਾ ਹੋਵੇ ਜਾਂ ਹਿੰਸਾ ਜ਼ਰੀਏ ਜਾਂ ਹਿੰਸਾ ਲਈ ਉਕਸਾ ਕੇ ਗੜਬੜੀ ਪੈਦਾ ਨਾ ਕਰਦਾ ਹੋਵੇ।

### ਨੈਸ਼ਨਲ ਪਾਰਟੀ– ਵੋਟਾਂ ਦੀ ਤਿਆਰੀ–ਪੰਜਾਬੀਆਂ ਦੀ ਵਾਰੀ

# ਹਲਕਾ ਪੈਨਮਿਉਰ–ਓਟਾਹੂਹੂ ਤੋਂ ਨੈਸ਼ਨਲ ਪਾਰਟੀ ਨੇ ਨਵਤੇਜ ਰੰਧਾਵਾ ਨੂੰ ਉਮੀਦਵਾਰ ਐਲਾਨਿਆ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** 2020 ਦੇ ਵਿਚ ਪਹਿਲੀ ਵਾਰ ਸੰਸਦੀ ਵੋਟਾਂ ਲਈ ਬਣੇ ਹਲਕਾ ਪੈਨਮਿਉਰ–ਓਟਾਹੂਹੂ ਤੋਂ ਨਿਊਜ਼ੀਲੈਂਡ ਦੀ ਰਾਜਸੀ ਪਾਰਟੀ 'ਨੈਸ਼ਨਲ ਪਾਰਟੀ' ਵੱਲੋਂ ਸ। ਨਵਤੇਜ ਸਿੰਘ ਰੰਧਾਵਾ ਨੂੰ ਪਾਰਟੀ ਉਮੀਦਵਾਰ ਐਲਾਨਿਆ ਗਿਆਹੈ। ਸ। ਨਵਤੇਜ ਸਿੰਘ ਰੰਧਾਵਾ ਪੰਜਾਬੀ ਮੂਲ ਦੇ ਉਸ ਪਰਿਵਾਰ ਦੀ ਚੌਥੀ ਪੀੜ੍ਹੀ ਹਨ ਜਿਹੜੇ 1920 ਦੇ ਦਹਾਕੇ ਦੇ ਵਿਚ ਹਮਿਲਟਨ ਸ਼ਹਿਰ ਤੋਂ ਲਗਪਗ 300 ਕਿਲੋਮੀਟਰ ਦੂਰ ਵਸਦੇ ਨਗਰ ਤਾਇਪੇ ਕਿੰਗ ਵਿਖੇ ਆਏ ਸਨ। ਉਨ੍ਹਾਂ ਨੇ ਇਥੇ ਵਸਦੀ ਭਾਰਤੀ ਕਮਿਊਨਿਟੀ ਦੇ ਲਈ ਵੱਡਾ ਯੋਗਦਾਨ ਪਾਇਆ। ਨਿਊਜ਼ੀਲੈਂਡ ਦਾ ਪਹਿਲਾ ਗੁਰਦੁਆਰਾ ਸਾਹਿਬ ਸਥਾਪਿਤ ਕਰਨ ਵਿਚ ਵੀ ਉਨ੍ਹਾਂ ਦਾ ਵੱਡਾ ਯੋਗਦਾਨ ਰਿਹਾ ਹੈ।

ਸ। ਨਵਤੇਜ ਸਿੰਘ ਰੰਧਾਵਾ ਜਿੱਥੇ ਲੰਬੇ ਸਮੇਂ ਤੋਂ ਪੰਜਾਬੀ ਮੀਡੀਆ ਨਾਲ ਜੁੜੇ ਹੋਏ ਹਨ ਉਥੇ ਕਈ ਹੋਰ ਸੰਸਥਾਵਾਂ ਦੇ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਦਾ ਮੁੱਖ ਉਦੇਸ਼ ਇਸ ਵੇਲੇ ਕੀਵੀਆਂ ਨੂੰ ਜੀਵਨ ਨਿਰਬਾਹ ਦੇ ਲਈ ਆਮਦਨ ਦੇ ਪੱਧਰ ਨੂੰ ਸੁਧਾਰਨਾ ਹੈ ਉਥੇ ਵਧਦੇ ਅਪਰਾਧ ਨੂੰ ਨੱਥ ਪਾਉਣਾ ਵੀ ਸ਼ਾਮਿਲ ਹੈ। ਸ। ਰੰਧਾਵਾ ਅਨੁਸਾਰ ਲੋਕ ਇਸ ਵੇਲੇ ਅਪਰਾਧੀ ਗਤੀਵਿਧੀਆਂ ਕਾਰਨ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ, ਹਰ ਪਾਸੇ ਨਿਤ ਪ੍ਰਤੀ ਦਿਨ ਹਾਲਾਤ ਹੋਰ ਖਰਾਬ ਹੋ ਰਹੇ ਹਨ, ਲੇਬਰ ਸਰਕਾਰ ਦੀ ਨਰਮਾਈ ਅਪਰਾਧ ਨੂੰ ਘਟਾਉਣ ਵਿਚ ਅਸਫਲ ਰਹੀ ਹੈ। ਸਥਾਨਿਕ ਛੋਟੇ ਕਾਰੋਬਾਰੀ ਸਮਝ ਨਹੀਂ ਪਾ ਰਹੇ ਕਿ ਹੋਰ ਕਿੰਨੀਆਂ ਲੁੱਟਾਂ–ਖੋਹਾਂ ਦੀ ਲੇਬਰ ਸਰਕਾਰ ਉਡੀਕ ਕਰ ਰਹੀ ਹੈ ਅਤੇ ਉਸ ਤੋਂ ਬਾਅਦ ਲੋਕਾਂ ਦੀ ਗੱਲ ਸੁਣੇਗੀ। ਲੋਕਾਂ ਨੂੰ ਸੁਰੱਖਿਅਤ ਮਹਿਸੂਸ ਕਰਾਉਣਾ ਉਨ੍ਹਾਂ ਦੀ ਪਹਿਲ ਰਹੇਗੀ। ਸ। ਨਵਤੇਜ ਸਿੰਘ ਰੰਧਾਵਾ ਹੋਰਾਂ ਦਾ ਪਿਛੋੜ ਪਿੰਡ ਰੰਧਾਵਾ ਮਸੰਦਾਂ (ਜਲੰਧਰ) ਨਾਲ ਹੈ। ਇਸ ਪਰਿਵਾਰ ਚੋਂ 1920 ਵਿਚ ਸਵ। ਸਰਦਾਰ ਇੰਦਰ ਸਿੰਘ ਰੰਧਾਵਾ ਨਿਊਜ਼ੀਲੈਂਡ ਆਏ ਸਨ । ਨਵਤੇਜ ਹੋਰਾਂ ਦੇ ਦਾਦਾ ਸ। ਹਰਬੰਸ ਸਿੰਘ ਰੰਧਾਵਾ ਸਨ। ਪਿਤਾ ਸ। ਅਜੀਤ ਸਿੰਘ ਰੰਧਾਵਾ ਕਮਿਊਨਿਟੀ ਦੇ ਵਿਚ ਕਾਫੀ ਕਾਰ–ਜਸ਼ੀਲ ਹਨ ਅਤੇ ਮਾਤਾ ਨਛੱਤਰ ਕੌਰ ਘਰ ਬਾਰ ਸੰਭਾਲਦੇ ਹਨ।



ਸ. ਨਵਤੇਜ ਸਿੰਘ ਰੰਧਾਵਾ
ਨੈਸ਼ਨਲ ਪਾਰਟੀ ਉਮੀਦਵਾਰ
ਆਮ ਚੋਣਾਂ-2023
(ਹਲਕਾ ਪੈਨਮਿਉਰ-ਉਟਾਹੂਹੂ)

ਪੈਨਮਿਉਰ–ਓਟਾਹੂਹ ਹਲਕਾ: ਇਸ ਹਲਕੇ ਤੋਂ ਪਿਛਲੀ ਵਾਰ ਸਾਬਕਾ ਸਾਂਸਦ ਸ ਕੰਵਲਜੀਤ ਸਿੰਘ ਬਖਸ਼ੀ ਚੋਣ ਲੜੇ ਸਨ, ਇਸ ਵਾਰ ਇਹ ਮੌਕਾ ਸ ਨਵਤੇਜ ਸਿੰਘ ਰੰਧਾਵਾ ਨੂੰ ਦਿੱਤਾ ਜਾ ਰਿਹਾ ਹੈ। ਸ ਬਖਸ਼ੀ ਉਸ ਵੇਲੇ 4192 ਵੋਟਾਂ ਲੈ ਕੇ ਦੂਜੇ ਨੰਬਰ ਉਤੇ ਰਹੇ ਸਨ ਅਤੇ ਲੇਬਰ ਪਾਰਟੀ ਦੀ ਜੈਨੀ ਸਾਲੇਸਾ 18,626 ਦੇ ਫਰਕ ਨਾਲ ਜਿੱਤ ਗਈ ਸੀ। ਉਟਾਹੂਹੂ ਵਿਖੇ ਔਕਲੈਂਡ ਦਾ ਪਹਿਲਾ ਗੁਰਦੁਆਰਾ ਸਾਹਿਬ 1986 ਦੇ ਵਿਚ ਹੋਂਦ ਵਿਚ ਆਇਆ ਸੀ ਅਤੇ ਇਸਦੇ ਇਰਦ–ਗਿਰਦ ਕਾਫੀ ਵੱਡੀ ਗਿਣਤੀ ਦੇ ਵਿਚ ਪੰਜਾਬੀ ਭਾਈਚਾਰਾ ਅਤੇ ਭਾਰਤੀ ਭਾਈਚਾਰਾ ਰਹਿੰਦਾ ਹੈ।

ਆਮ ਚੋਣਾਂ–2023: ਨਿਊਜ਼ੀਲੈਂਡ ਦੀਆਂ ਆਮ ਚੋਣਾਂ ਇਸ ਸਾਲ 14 ਅਕਤੂਬਰ ਨੂੰ ਹੋ ਰਹੀਆਂ ਹਨ। ਨਾਮਜ਼ਦਗੀਆਂ 15 ਸਤੰਬਰ ਤੱਕ ਲਈਆਂ ਜਾਣੀਆਂ ਹਨ। 27 ਸਤੰਬਰ ਤੋਂ ਵਿਦੇਸ਼ ਤੋਂ ਪੈਣ ਵਾਲੀਆਂ ਵੋਟਾਂ ਦਾ ਕੰਮ ਸ਼ੁਰੂ ਹੋ ਜਾਣਾ ਹੈ ਅਤੇ 2 ਅਕਤੂਬਰ ਤੋਂ 13 ਅਕਤੂਬਰ ਤੱਕ ਸਥਾਨਿਕ ਅਡਵਾਂਸ ਵੋਟਾਂ ਸ਼ੁਰੂ ਹੋਣੀਆਂ ਹਨ।

ਸ। ਕੰਵਲਜੀਤ ਸਿੰਘ ਬਖਸ਼ੀ ਵੱਲੋਂ ਵਧਾਈ: ਸਾਬਕਾ ਸਾਂਸਦ ਮੈਂਬਰ ਸ। ਕੰਵਲਜੀਤ ਸਿੰਘ ਬਖਸ਼ੀ ਹੋਰਾਂ ਸ।ਨਵਤੇਜ ਸਿੰਘ ਰੰਧਾਵਾ ਨੂੰ ਉਨ੍ਹਾਂ ਦੀ ਨੈਸ਼ਨਲ ਉਮੀਦਵਾਰ ਵਜੋਂ ਚੋਣ ਹੋਣ ਉਤੇ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ''ਨਵੀਂ ਪੀੜ੍ਹੀ ਦੇ ਰਾਜਨੀਤਕ ਗਲਿਆਰੇ ਦੇ ਵਿਚ ਆਉਣਾ ਸ਼ੁੱਭ ਸ਼ਗਨ ਹੈ। ਜਿਵੇਂ–ਜਿਵੇਂ ਸਾਡਾ ਭਾਈਚਾਰਾ ਵਧ ਰਿਹਾ ਹੈ, ਉਵੇਂ–ਉਵੇਂ ਸਾਡੀ ਸੰਸਦੀ ਹਾਜ਼ਰੀ ਵਾਸਤੇ ਵੀ ਸਾਡੇ ਭਾਈਚਾਰੇ ਨੂੰ ਅੱਗੇ ਆਉਣ ਦੀ ਲੋੜ ਹੈ। ਨਵਤੇਜ ਰੰਧਾਵਾ ਇਥੇ ਦਾ ਜੰਮਿਆ ਪਲਿਆ ਅਤੇ ਪੜ੍ਹਿਆ ਲਿਖਿਆ ਉਮੀਦਵਾਰ ਹੈ ਅਤੇ ਮੈਂ ਉਨ੍ਹਾਂ ਦੀ ਜਿੱਤ ਉਤੇ ਸ਼ੁੱਭ ਕਾਮਨਾਵਾਂ ਭੇਜਦਾ ਹਾਂ।''

**ਪੰਜਾਬੀ ਮੀਡੀਆ ਕਰਮੀਆਂ ਵੱਲੋਂ ਵਧਾਈ:** ਨਿਊਜ਼ੀਲੈਂਡ ਦੇ ਵਿਚ ਕੰਮ ਕਰਦੇ ਸਾਰੇ ਮੀਡੀਆ ਕਰਮੀਆਂ ਵੱਲੋਂ ਸ। ਨਵਜੇਤ ਸਿੰਘ ਰੰਧਾਵਾ ਨੂੰ ਨੈਸ਼ਨਲ ਪਾਰਟੀ ਦਾ ਉਮੀਦਵਾਰ ਬਣਾਏ ਜਾਣ ਉਤੇ ਖੁਸ਼ੀ ਜ਼ਾਹਿਰ ਕੀਤੀ ਗਈ ਹੈ। ਮੀਡੀਆ ਕਰਮੀ ਜਿੱਥੇ ਲੋਕਾਂ ਦੀ ਆਵਾਜ਼ ਬਨਣ ਦੇ ਵਿਚ ਪਹਿਲਾਂ ਹੀ ਇਕ ਕੜੀ ਦਾ ਕੰਮ ਕਰ ਰਹੇ ਹੁੰਦੇ ਹਨ ਉਥੇ ਕਮਿਊਨਿਟੀ ਦੀ ਅਗਵਾਈ ਵਾਸਤੇ ਵੀ ਸਾਰਥਿਕ ਯੋਗਦਾਨ ਪਾ ਸਕਦੇ ਹਨ। ਰੇਡੀਓ ਸਪਾਈਸ ਤੋਂ ਸ।ਪਰਮਿੰਦਰ ਸਿੰਘ ਪਾਪਾਟੋਏਟੋਏ ਹੋਰਾਂ ਇਹ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਪਹਿਲੇ ਦਿਨ ਦੀ ਕੋਸ਼ਿਸ਼ ਤੋਂ ਹੀ ਵਿਸ਼ਵਾਸ਼ ਸੀ ਕਿ ਇਸ ਵਾਰ ਸ। ਨਵਜੇਤ ਸਿੰਘ ਰੰਧਾਵਾਂ ਹੋਰਾਂ ਨੂੰ ਜਰੂਰ ਨੈਸ਼ਨਲ ਪਾਰਟੀ ਮੌਕਾ ਦੇਵੇਗੀ। ਉਹ ਵੀ ਕਈ ਮੌਕਿਆਂ ਉਤੇ ਉਨ੍ਹਾਂ ਦੇ ਸਹਿਯੋਗੀ ਬਣ ਕੇ ਸ਼ਾਮਿਲ ਹੁੰਦੇ ਰਹੇ ਹਨ। ਸੋ ਨੈਸ਼ਨਲ ਪਾਰਟੀ ਨੇ ਚੋਣਾਂ ਦੀ ਤਿਆਰੀ ਕਰ ਲਈ ਹੈ ਅਤੇ ਪੰਜਾਬੀਆਂ ਨੂੰ ਵੀ ਵਾਰੀ ਦਿੱਤੀ ਹੈ ਕਿ ਉਹ ਅੱਗੇ ਆ ਕੇ ਆਪਣਾ ਪ੍ਰਤੀਨਿਧ ਚੁਣ ਕੇ ਪਾਰਲੀਮੈਂਟ ਭੇਜਣ।

# ਨਗਰ ਨਿਗਮ ਵੱਲੋਂ ਸਾਲ 2023-24 ਲਈ 7501.65 ਲੱਖ ਰੁਪਏ ਦਾ ਬਜਟ ਪਾਸ: ਮੇਅਰ ਸੁਰਿੰਦਰ ਕੁਮਾਰ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਸਾਲ 2023-24 ਲਈ 7501.65 ਲੱਖ ਰੁਪਏ ਦਾ ਬਜਟ ਪਾਸ ਕੀਤਾ ਗਿਆ ਹੈ, ਜੋ ਪਿਛਲੇ ਸਾਲ ਦੇ ਬਜਟ ਨਾਲੋਂ ਕਰੀਬ 15 ਫੀਸਦੀ ਵੱਧ ਹੈ। ਇਹ ਜਾਣਕਾਰੀ ਮੇਅਰ ਸੁਰਿੰਦਰ ਕੁਮਾਰ ਨੇ ਡਾ: ਬੀ। ਆਰ। ਅੰਬੇਡਕਰ ਮੀਟਿੰਗ ਹਾਲ ਨਗਰ ਨਿਗਮ ਵਿਖੇ ਬਜਟ ਸਬੰਧੀ ਆਯੋਜਿਤ ਸਮੂਹ ਕੌਂਸਲਰਾਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ। ਮੀਟਿੰਗ ਵਿੱਚ ਕਮਿਸ਼ਨਰ ਨਗਰ ਨਿਗਮ ਕੋਮਲ ਮਿੱਤਲ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਸਹਾਇਕ ਕਮਿਸ਼ਨਰ ਸੰਦੀਪ ਤਿਵਾੜੀ, ਨਿਗਮ ਇੰਜਨੀਅਰ ਕੁਲਦੀਪ ਸਿੰਘ, ਲੇਖਾਕਾਰ ਰਜਿੰਦਰ ਕੁਮਾਰ ਅਤੇ ਨਗਰ ਨਿਗਮ ਦੇ ਸਮੂਹ ਅਧਿਕਾਰੀ ਅਤੇ ਕੌਂਸਲਰ ਹਾਜ਼ਰ ਸਨ।

ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਮੇਅਰ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਸਾਲ 2023-24 ਲਈ ਵਿਕਾਸ ਕਾਰਜਾਂ ਲਈ 2363.05 ਲੱਖ ਰੁਪਏ, ਅਮਲੇ ਲਈ 4849.90 ਲੱਖ ਰੁਪਏ ਅਤੇ ਕੰਟੀਜੈਂਸੀ ਲਈ 288.70 ਲੱਖ ਰੁਪਏ ਦਾ ਬਜਟ ਪ੍ਰਸਤਾਵਿਤ ਕੀਤਾ ਗਿਆ ਹੈ। ਜਿਸ ਅਨੁਸਾਰ ਵੱਖ-ਵੱਖ ਵਿਕਾਸ ਕਾਰਜਾਂ ਜਿਵੇਂ ਕਿ ਸੜਕਾਂ, ਡਰੇਨੇਜ, ਸਲੱਮ ਏਰੀਆ ਅਤੇ ਹੋਰ ਵਿਕਾਸ ਕਾਰਜਾਂ ਲਈ ਇਹ ਰਾਸ਼ੀ ਖਰਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨਗਰ ਨਿਗਮ ਵੱਲੋਂ ਬਜਟ ਵਿੱਚ ਵਿਕਾਸ ਕਾਰਜਾਂ ਲਈ ਰੱਖੇ ਫੰਡਾਂ ਅਤੇ ਸਰਕਾਰ ਤੋਂ ਮਿਲਣ ਵਾਲੀ ਗਰਾਂਟ ਨਾਲ ਸ਼ਹਿਰ ਦੇ ਸਾਰੇ ਵਾਰਡਾਂ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਸਰਬਪੱਖੀ ਵਿਕਾਸ ਕੀਤਾ ਜਾਵੇਗਾ।

# ਮੈਡੀਕਲ ਪ੍ਰੈਕਟੀਸ਼ਨਰਾਂ ਵਲੋਂ ਖਟਕਲ ਕਲਾਂ ਪੁੱਜ ਕੇ ਸ਼ਹੀਦਾ ਨੂੰ ਸ਼ਰਧਾਂਜ਼ਲੀ ਦਿੱਤੀ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਰਜਿ: 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਡਾਕਟਰ ਕਸ਼ਮੀਰ ਸਿੰਘ ਢਿੱਲੋ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਵਿੱਚ ਸਮੂਹ ਅਹੁਦੇਦਾਰਾ ਅਤੇ ਮੈਬਰਾਂ ਵਲੋਂ ਇਨਕਲਾਬ ਜਿੰਦਾਬਾਦ ਦੇ ਨਾਰਿਆ ਨਾਲ ਇੱਕ ਜਥੇ ਦੇ ਰੂਪ ਵਿੱਚ ਰਵਾਨਾ ਹੋ ਕੇ ਅੱਜ ਸ਼ਹੀਦੇ-ਏ- ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਤੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਪੁੱਜ ਕੇ ਸ਼ਰਧਾਜ਼ਲੀ ਭੇਟ ਕੀਤੀ । ਇਸ ਮੌਕੇ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਪੰਜਾਬ ਚੇਅਰਮੈਨ ਦਿਲਦਾਰ ਸਿੰਘ, ਚੇਅਰਮੈਨ ਟੇਕ ਚੰਦ ਅਤੇ ਧਰਮ ਪਾਲ ਸੂਬਾ ਕਮੇਟੀ ਮੈਂਬਰ, ਧਰਮਜੀਤ ਰਾਮ, ਰਾਮ ਜੀ ਦਾਸ, ਬਿਮਲ ਕੁਮਾਰ, ਸੁਖਜਿੰਦਰ, ਤੇਜਿੰਦਰ ਸਿੰਘ ਪ੍ਰਧਾਨ ਬਲਾਕ ਬਲਾਚੌਰ, ਯਸ਼ਪਾਲ ਸ਼ਰਮਾ, ਕੁਲਵੀਰ ਸਿੰਘ, ਨਾਮਦੇਵ, ਸਤਨਾਮ ਬੰਗਾ, ਗਿਆਨ ਸਿੰਘ ਜਨਰਲ ਸਕੱਤਰ ਬਲਾਕ ਬਲਾਚੌਰ, ਪਰਸ਼ੋਤਮ, ਸਤਪਾਲ ਵੀ ਪੁੱਜੇ ਹੋਏ ਸਨ । ਪ੍ਰੈਕਟੀਸ਼ਨਰਾ ਵਲੋਂ ਸ਼ਹੀਦ ਭਗਤ ਸਿੰਘ ਦੀ ਸੋਚ ਤੇ ਇੱਕ ਚੰਗੇ ਸਮਾਜ ਦੀ ਸਿਰਜਨਾ ਵਿੱਚ ਆਪਣੀ ਭਾਗੀਦਾਰੀ ਪਾਉਣ ਲਈ ਅੱਗੇ ਆਉਣ ਅਤੇ ਨਸ਼ਾ ਨਾ ਕਰਨ ਤੇ ਨਾ ਵੇਚਣ ਦਾ ਜਿੱਥੇ ਪ੍ਰਣ ਲਿਆ ਉਥੇ ਹੀ ਸ਼ਹੀਦਾ ਦੇ ਪਾਏ ਪੂਰਣਿਆ ਤੇ ਚੱਲਣ ਦਾ ਬਚਨ ਲਿਆ। ਉਹਨਾਂ ਕਿਹਾ ਕਿ ਸ਼ਹੀਦਾ ਦੀ ਸੋਚ ਤੇ ਚੱਲਣਾ ਵੀ ਇੱਕ ਦੇਸ਼ ਭਗਤੀ ਹੈ।

ਇਸ ਮੌਕੇ ਤੇ ਹੇਠ ਲਿਖੇ ਸਾਰੇ ਡਾਕਟਰ ਔੜ ਬਲਾਕ ਤੋਂ ਪ੍ਰਧਾਨ ਅਸ਼ੋਕ ਸ਼ਰਮਾਂ, ਬਹਿਰਾਮ ਤੋਂ ਰਾਜੇਸ , ਤੇਜਿੰਦਰ ਸਿੰਘ ਜੋਤ ਬਲਾਚੌਰ, ਮੁਕੰਦਪੁਰ ਤੋਂ ਵਿਜੇ ਗੁਰੂ, ਤਰਸੇਮ ਲਾਲ ਰਾਹੋਂ, ਹਰਜਿੰਦਰ ਸਿੰਘ ਨਵਾਂਸ਼ਹਿਰ, ਅਸ਼ੋਕ ਔੜ ਪਾਬਲਾ ਰਾਹੋਂ, ਰਾਜੇਸ਼, ਸਰਬਜੀਤ ਸਿੰਘ ਸੀਨੀ,ਵਾਇਸ ਪ੍ਰਧਾਨ, ਬਲਵੰਤ ਰਾਏ ਵਾਇਸ ਪ੍ਰਧਾਨ, ਪਿੰਕਾ ਵਾਇਸ ਪ੍ਰਧਾਨ, ਸੁੱਚਾ ਸਿੰਘ , ਸ਼ਮਸ਼ੇਰ ਸਿੰਘ, ਹਰਜਿੰਦਰ ਸਿੰਘ, ਗਿਆਨ ਸਿੰਘ, ਯਸ਼ਪਾਲ ਸ਼ਰਮਾ, ਪਰਮਜੀਤ ਸਿੰਘ, ਬਹਾਦਰ ਸਿੰਘ, ਗੁਰਪ੍ਰੀਤ ਸਿੰਘ, ਦਰਬਾਰਾ ਸਿੰਘ, ਪ੍ਰਬੀਨ, ਜਤਿੰਦਰ, ਮਨਪ੍ਰੀਤ ਸਿੰਘ, ਪਾਰਥ, ਅੰਗਰੇਜ਼ ਸਿੰਘ, ਹਰਪ੍ਰੀਤ ਸਿੰਘ, ਸੁਭਾਸ਼, ਪ੍ਰੇਮ ਸਿੰਘ, ਸੰਜੀਵ ਰਾਣਾ, ਗੁਰੂ ਰਵਿਦਾਸ ਚੈਰੀਟੇਬਲ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਨਾਮਦੇਵ, ਬੀ ਐਸ ਬੱਲ, ਰਾਜ ਕੁਮਾਰ, ਮੁਕੇਸ਼ ਵਿਸ਼ੇਸ ਤੌਰ ਸ਼ਾਮਲ ਹੋਏ।

# 'ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਹੁਸ਼ਿਆਰਪੁਰ ਕੈਂਪਸ' ਦੇ ਮਾਸਟਰ ਡਿਗਰੀ ਦੇ ਤੀਜੇ ਸਮੈਸਟਰ ਦਾ ਨਤੀਜਾ 100 ਫੀਸਦੀ ਰਿਹਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਪੰਜਾਬ ਸਰਕਾਰ ਵੱਲੋ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਦੇ ਅੰਦਰ ਚੱਲ ਰਹੇ ਸਰਕਾਰੀ ਕਾਲਜ 'ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ , ਹੁਸ਼ਿਆਰਪੁਰ ਕੈਂਪਸ' ਜੋ ਕੇ ਵਿਭਾਗ ਵਲੋਂ ਹੋਰ ਕਈ ਜਿਲ੍ਹਿਆਂ ਵਿੱਚ ਚਲਾਏ ਜਾ ਰਹੇ ਕਈ ਹੋਰ ਸੈਨਿਕ ਇੰਸਟੀਚਿਊਟਸ ਆਫ ਮੈਨੇਜਮੈਂਟ ਐਂਡ ਟੈ-ਕਨੋਲੋਜੀ ਦਾ ਨੋਡਲ ਆਫਿਸ ਵੀ ਹੈ ਤੇ ਆਈ. ਕੇ. ਜੀ. ਪੰਜਾਬ ਟੈਕਨੀਕਲ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹੈ, ਵਿਖੇ ਚੱਲ ਰਹੇ ਮਾਸਟਰ ਆਫ ਸਾਇੰਸ ਇੰਨ ਆਈ.ਟੀ. ਦੇ ਤੀਜੇ ਸਮੈਸਟਰ ਦਾ ਨਤੀਜਾ 100 ਫੀਸਦੀ ਰਿਹਾ। ਕੈਂਪਸ ਡਾਇਰੈਕਟਰ—ਕਮ—ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਕਮਾਂਡਰ ਬਲਜਿੰਦਰ ਵਿਰਕ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐਮਐਸਸੀ (ਆਈ.ਟੀ.) ਦੇ ਤੀਜੇ ਸਮੈਸਟਰ ਵਿੱਚ ਆਂਚਲ ਰਾਣੀ ਨੇ 8.33 ਫੀਸਦੀ ਅੰਕ ਲੈ ਕੇ ਪਹਿਲਾ, ਸਾਕਸ਼ੀ ਸ਼ਰਮਾ ਅਤੇ ਗਗਨਦੀਪ ਕੌਰ ਨੇ 8.17 ਫੀਸਦੀ ਅੰਕ ਲੈ ਕੇ ਦੂਜਾ ਅਤੇ ਤਾਨੀਆ ਨੇ 8।00 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਨ੍ਹਾ ਸ਼ਾਨਦਾਰ ਨਤੀਜਿਆਂ ਲਈ ਸੈਨਿਕ ਇੰਸਟੀਚਿਊਟ ਕੈਂਪਸ ਡਾਇਰੈਕਟਰ — ਕਮ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਕਮਾਂਡਰ ਬਲਜਿੰਦਰ ਵਿਰਕ ਨੇ ਪ੍ਰਿੰਸੀਪਲ ਡਾ : ਪਰਮਿੰਦਰ ਕੌਰ ਸੈਣੀ, ਪ੍ਰੋ. ਰੀਤੂ ਤਿਵਾਰੀ, ਪ੍ਰੋ. ਸੁਖਵਿੰਦਰ ਸਿੰਘ, ਪ੍ਰੋ. ਜਸਵੀਰ ਸਿੰਘ, ਪ੍ਰੋ. ਚਾਂਦਨੀ ਸ਼ਰਮਾ, ਪ੍ਰੋ. ਸੰਦੀਪ ਕੌਰ , ਪ੍ਰੋ. ਸਿਮਰਨਜੋਤ ਸਿੰਘ ਅਤੇ ਪ੍ਰੋ. ਜਸਪ੍ਰੀਤ ਸਿੰਘ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਪ੍ਰਿੰਸੀਪਲ, ਡਾ: ਪਰਮਿੰਦਰ ਕੌਰ ਸੈਣੀ ਨੇ ਸੈਨਿਕ ਇੰਸਟੀ-ਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ ਹੁਸ਼ਿਆਰਪੁਰ ਕੈਂਪਸ ਦੇ ਅਕੈਡਮਿਕ ਸਟਾਫ ਵੱਲੋ ਦਿਲ ਲਗਾ ਕੇ ਕਰਵਾਈ ਗਈ ਮਿਹਨਤ ਦੀ ਸ਼ਲਾਘਾ ਕਰਦਿਆਂ ਉਹਨਾਂ ਨੂੰ ਆਉਣ ਵਾਲੇ ਸਮੇ ਵਿੱਚ ਵੀ ਇਸੀ ਤਰ੍ਹਾਂ ਮਿਹਨਤ ਕਰ ਕੇ ਅੱਗੇ ਵਧਣ ਲਈ ਹੌਂਸਲਾ ਵਧਾਈ ਦਿੱਤੀ।



# ਭਾਕਿਯੂ ਏਕਤਾ ਉਗਰਾਹਾਂ ਵੱਲੋਂ ਠੇਕਾ ਭਰਤੀ ਰੋਡਵੇਜ਼ ਕਾਮਿਆਂ ਦੇ ਸੰਘਰਸ਼ ਦੀ ਹਮਾਇਤ



**ਸੰਗਰੂਰ, (ਦਲਜੀਤ ਕੌਰ)-** ਆਪਣੀਆਂ ਹੱਕੀ ਮੰਗਾਂ ਲਈ ਲੰਬੇ ਸਮੇਂ ਤੋਂ ਸੰਘਰਸ਼ਸ਼ੀਲ ਪੰਜਾਬ ਰੋਡਵੇਜ਼ ਪਨਬਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਇੱਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਭਲਕੇ ਧਰਨਾ ਦੇਣ ਦੀ ਹਮਾਇਤ ਕਰਨ ਦਾ ਫੈਸਲਾ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਕੀਤਾ ਗਿਆ ਹੈ।

ਇੱਥੇ ਜਾਰੀ ਕੀਤੇ ਗਏ ਸਾਂਝੇ ਪ੍ਰੈਸ ਬਿਆਨ ਰਾਹੀਂ ਇਹ ਜਾਣਕਾਰੀ ਦਿੰਦੇ ਹੋਏ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੋਸ਼ ਲਾਇਆ ਕਿ ਮਾਨ ਸਰਕਾਰ ਵੱਲੋਂ ਨਿੱਜੀਕਰਨ ਦੀ ਸਾਮਰਾਜੀ ਨੀਤੀ ਨੂੰ ਪਹਿਲੀਆਂ ਲੋਕ ਵਿਰੋਧੀ ਸਰਕਾਰਾਂ ਵਾਂਗ ਹੀ ਸਾਰੇ ਕਿਰਤੀ ਵਰਗਾਂ ਉੱਤੇ ਮੜ੍ਹਿਆ ਜਾ ਰਿਹਾ ਹੈ। ਇਸ ਲੋਕ ਵਿਰੋਧੀ ਸਿਲਸਿਲੇ ਉੱਤੇ ਵਿਕਾਸ ਦਾ ਠੱਪਾ ਲਾਉਣ ਵਾਲਾ ਜੀ-20 ਸਾਮਰਾਜੀ ਸੰਮੇਲਨ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਉੱਤੇ ਮਾਨ ਸਰਕਾਰ ਵੱਲੋਂ ਜਨਤਕ ਖ਼ਜ਼ਾਨੇ ਦੇ 100 ਕਰੋੜ ਰੁਪਏ ਖਰਚ ਕੇ ਸ਼ਾਹੀ ਠਾਠ ਨਾਲ ਕਰਵਾਇਆ ਜਾ ਰਿਹਾ ਹੈ। ਨਿੱਜੀਕਰਨ ਦੀ ਨੀਤੀ ਤਹਿਤ ਹੀ ਰੋਡਵੇਜ਼ ਵਿਭਾਗ ਵਿੱਚ ਨਿਗੂਣੀਆਂ ਤਨਖ਼ਾਹਾਂ 'ਤੇ ਕੀਤੀ ਜਾ ਰਹੀ ਆਊਟਸੋਰਸ ਭਰਤੀ ਅਤੇ ਕਿਲੋਮੀਟਰ ਸਕੀਮ ਬੰਦ ਕਰਨ ਅਤੇ ਪੂਰੀ ਤਨਖਾਹ 'ਤੇ ਰੈਗੂਲਰ ਭਰਤੀ ਕਰਨ ਤੋਂ ਇਲਾਵਾ ਤਨਖ਼ਾਹਾਂ ਵਿੱਚ ਵਾਧਾ ਲਾਗੂ ਕਰਵਾਉਣ ਅਤੇ ਸੰਘਰਸ਼ਾਂ ਦੌਰਾਨ ਕੱਢੇ ਮੁਲਾਜ਼ਮਾਂ ਨੂੰ ਬਹਾਲ ਕਰਵਾਉਣ ਦੀਆਂ ਇਨ੍ਹਾਂ ਕਾਮਿਆਂ ਦੀਆਂ ਮੰਗਾਂ ਬਿਲਕੁਲ ਹੱਕੀ ਤੇ ਵਾਜਬ ਹਨ। ਇਨ੍ਹਾਂ ਮੰਗਾਂ ਦੀ ਪੰਜਾਬ ਦੇ ਕਿਸਾਨਾਂ ਮਜ਼ਦੂਰਾਂ ਅਤੇ ਹੋਰ ਕਿਰਤੀ ਲੋਕਾਂ ਦੀ ਸਸਤੀ ਆਵਾਜਾਈ ਲਈ ਵੀ ਅਹਿਮ ਮਹੱਤਤਾ ਹੈ। ਇਸ ਲਈ 18 ਮਾਰਚ ਦੇ ਧਰਨੇ ਵਿੱਚ ਜਥੇਬੰਦੀ ਵੱਲੋਂ ਕਿਸਾਨਾਂ ਦੀ ਸੰਕੇਤਕ ਸ਼ਮੂਲੀਅਤ ਕੀਤੀ ਜਾਵੇਗੀ।

# ਟੈੱਟ ਦੀ ਪ੍ਰੀਖਿਆ ਤੋਂ ਬਾਅਦ ਲੈਕਚਰਾਰ ਭਰਤੀ ਪ੍ਰੀਖਿਆ ਵੀ ਮੁਲਤਵੀ

**ਸੰਗਰੂਰ, (ਦਲਜੀਤ ਕੌਰ)-** ਪੇਪਰ 'ਚ ਪ੍ਰਸ਼ਨਾਂ ਦੇ ਉੱਤਰ ਹਾਈਲਾਈਟ ਹੋਣ ਕਾਰਨ ਵਿਵਾਦਾਂ 'ਚ ਘਿਰੀ ਟੈੱਟ-ਅਧਿਆਪਕ ਯੋਗਤਾ ਪ੍ਰੀਖਿਆ-2024 ਦੇ ਰੱਦ ਹੋਣ ਤੋਂ ਬਾਅਦ ਸਕੂਲ ਸਿੱਖਿਆ ਵਿਭਾਗ ਨੇ 19 ਤੋਂ 26 ਮਾਰਚ ਨੂੰ 343 ਲੈਕਚਰਾਰ ਭਰਤੀ ਪ੍ਰੀਖਿਆ ਵੀ ਰੱਦ ਕਰ ਦਿੱਤੀ ਹੈ। ਇਸ ਵਰਤਾਰੇ 'ਤੇ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਤਿੱਖੇ ਸਵਾਲ ਉਠਾਏ ਗਏ ਹਨ।

ਬੇਰੁਜ਼ਗਾਰ ਬੀਐੱਡ ਟੈੱਟ ਪਾਸ ਅਧਿਆਪਕ ਯੂਨੀਅਨ ਦੀ ਆਗੂ ਜਨਰਲ ਸਕੱਤਰ ਗਗਨਦੀਪ ਕੌਰ ਨੇ ਕਿਹਾ ਕਿ ਸਿੱਖਿਆ ਅਤੇ ਸਿਹਤ ਸਹੂਲਤਾਂ ਦਾ ਵੱਡੇ ਪੱਧਰ 'ਤੇ ਸੁਧਾਰ ਕਰਨ ਦੇ ਵਾਅਦੇ ਨਾਲ ਸੱਤਾ 'ਚ ਆਈ ਆਮ ਆਦਮੀ ਪਾਰਟੀ ਦੇ ਲਾਰਿਆਂ ਦੀ ਫੂਕ ਨਿਕਲ ਗਈ ਹੈ। ਉਹਨਾਂ ਕਿਹਾ ਕਿ 343 ਲੈਕਚਰਾਰਾਂ ਦੀ ਭਰਤੀ 'ਚ ਵੀ ਸਰਕਾਰ ਬੇਰੁਜ਼ਗਾਰ ਅਧਿਆਪਕਾਂ ਨਾਲ ਧੱਕੇਸ਼ਾਹੀ ਕਰ ਰਹੀ ਹੈ।ਗਗਨਦੀਪ ਨੇ ਕਿਹਾ ਕਿ ਲੈਕਚਰਾਰ ਭਰਤੀ ਵਿੱਚ ਬੀ.ਐੱਡ ਦਾ ਅਧਿਆਪਨ-ਵਿਸ਼ਾ ਸਮਾਜਿਕ ਸਿੱਖਿਆ ਨੂੰ ਵੀ ਯੋਗ ਮੰਨਦਿਆਂ ਸੋਧ-ਪੱਤਰ ਜਾਰੀ ਕੀਤਾ ਜਾਵੇ। ਅਸੀਂ ਪਹਿਲਾਂ ਵੀ ਕਈ ਵਾਰ ਇਹ ਮਸਲਾ ਸਿੱਖਿਆ ਵਿਭਾਗ ਦੇ ਧਿਆਨ 'ਚ ਲਿਆ ਚੁੱਕੇ ਹਾਂ।

ਸਿੱਖਿਆ ਵਿਭਾਗ, ਪੰਜਾਬ ਵੱਲੋਂ 8 ਜਨਵਰੀ, 2022 ਨੂੰ 343 ਲੈਕਚਰਾਰਾਂ ਦੀ ਭਰਤੀ ਲਈ ਇਸ਼ਤਿਹਾਰ ਜਾਰੀ ਕੀਤਾ ਗਿਆ ਸੀ, ਜਿਸ ਅਨੁਸਾਰ ਇਤਿਹਾਸ, ਰਾਜਨੀਤੀ ਸਾਸ਼ਤਰ, ਅਰਥ ਸਾਸ਼ਤਰ ਅਤੇ ਭੂਗੋਲ ਦੇ ਲੈਕਚਰਾਰ ਲਈ ਯੋਗਤਾ ਸੰਬੰਧਿਤ ਵਿਸ਼ੇ ਨਾਲ ਐਮਏ 55%, ਬੀ.ਐੱਡ ਵਿੱਚ ਟੀਚਿੰਗ ਵਿਸ਼ੇ ਵਿੱਚ ਸੰਬੰਧਿਤ ਵਿਸ਼ਿਆਂ ਨੂੰ ਯੋਗ ਸਮਝਿਆ ਜਾਵੇਗਾ।

ਹਿਸਟਰੀ, ਪੌਲੀਟੀਕਲ ਸਾਇੰਸ ਪੋਸਟਾਂ ਵਿੱਚ ਸਮਾਜਿਕ ਸਿੱਖਿਆ ਵਿਸ਼ੇ ਨਾਲ ਬੀਐੱਡ ਪਾਸ ਉਮੀਦਵਾਰਾਂ ਨੂੰ ਬਾਹਰ ਕੱਢਣ 'ਤੇ ਉਮੀਦਵਾਰ ਨਿਰਾਸ਼ਾ 'ਚ ਹਨ। ਉਹਨਾਂ ਦੀ ਕੋਈ ਵੀ ਸੁਣਵਾਈ ਨਹੀਂ ਹੋ ਰਹੀ, ਅਨੇਕਾਂ ਮੀਟਿੰਗਾਂ ਕਰਨ ਤੋਂ ਬਾਅਦ ਵੀ ਸਿੱਖਿਆ ਮੰਤਰੀ ਨੇ ਇਹ ਮਸਲਾ ਹੱਲ ਨੀ ਕੀਤਾ, ਲੈਕਚਰਾਰਾਂ ਦੀ ਭਰਤੀ ਵਿੱਚ ਸਮਾਜਿਕ ਸਿੱਖਿਆ ਵਰਗੇ ਵਿਸ਼ੇ ਨੂੰ ਬਾਹਰ ਰੱਖਣਾ ਬਹੁਤ ਹੀ ਅਫਸੋਸਜਨਕ ਹੈ, ਕਿਉਂਕਿ ਸਮਾਜਿਕ ਸਿੱਖਿਆ ਇੱਕ ਅਜਿਹਾ ਵਿਸ਼ਾ ਹੈ, ਜਿਸਨੇ ਬਹੁਤ ਸਾਰੇ ਵਿਸ਼ਿਆਂ ਨੂੰ ਆਪਣੇ ਅੰਦਰ ਸਮੇਟਿਆ ਹੋਇਆ ਹੈ। ਸਮਾਜ ਨੂੰ ਸੇਧ ਦੇਣ ਵਾਲਾ ਵਿਸ਼ਾ ਇਹ, ਪਰ ਸਿੱਖਿਆ ਮੰਤਰੀ ਜੀ ਵਲੋ ਬੇਰੁਜ਼ਗਾਰਾਂ ਨੂੰ ਮਾਨਸਿਕ ਤੌਰ ਤੇ ਵਾਰ-ਵਾਰ ਪ੍ਰੇਸ਼ਾਨ ਕੀਤਾ ਜਾ ਰਿਹਾ ਓਹਨਾ ਦੀ ਮੰਗਾਂ ਵੱਲ ਧਿਆਨ ਨਾ ਦੇ ਕੇ ਨਵੇਂ ਨਵੇਂ ਮਾਰੂ ਰੂਲ ਓਹਨਾ ਤੇ ਲਗਾਏ ਜਾ ਰਹੇ ਹਨ।



ਬੀ.ਐੱਡ ਦੇ ਕੋਰਸ ਵਿੱਚ ਜ਼ਿਆਦਾਤਰ ਵਿਦਿਆਰਥੀਆਂ ਇਸ ਵਿਸ਼ੇ ਨਾਲ ਹੀ ਸੰਬੰਧਿਤ ਹੁੰਦੇ ਹਨ। ਇਸ ਭਰਤੀ 'ਚ ਸਮਾਜਿਕ ਸਿੱਖਿਆ ਦੇ ਵਿਸ਼ੇ ਨੂੰ ਬਾਹਰ ਰੱਖਕੇ ਸਿਰਫ਼ ਇਕਹਿਰੇ ਵਿਸ਼ਿਆਂ ਨੂੰ ਸ਼ਾਮਿਲ ਕਰਨਾ ਸਮਝ ਤੋਂ ਪਰ੍ਹੇ ਹੈ। ਪਹਿਲਾਂ ਪਿਛਲੀਆਂ ਭਰਤੀਆਂ 'ਚ ਬੀਐੱਡ ਵਿੱਚ ਅਧਿਆਪਨ ਵਿਸ਼ਾ ਸਮਾਜਿਕ ਸਿੱਖਿਆ ਵੀ ਯੋਗ ਮੰਨਿਆ ਜਾਂਦਾ ਰਿਹਾ ਹੈ। ਲੈਕਚਰਾਰ ਭਰਤੀ ਦੇ ਵਿਗਿਆਪਨ ਨੰਬਰ: ਐਲ.ਸੀ./0007/2015 ਅਤੇ ਵਿਗਿਆਪਨ ਨੰਬਰ: 08-21(1)/2021ਧ (7)/2021/297517 ਅਨੁਸਾਰ ਹੋਈਆਂ ਭਰਤੀਆਂ ਵਿੱਚ ਵੀ ਬੀ.ਐੱਡ ਵਿੱਚ ਅਧਿਆਪਨ ਵਿਸ਼ਾ ਸਮਾਜਿਕ ਸਿੱਖਿਆ ਨੂੰ ਵੀ ਯੋਗ ਮੰਨਿਆ ਗਿਆ ਸੀ।

ਚੱਲ ਰਹੀ ਭਰਤੀ ਵਿੱਚ ਵੀ ਬੀ.ਐੱਡ ਦੇ ਅਧਿਆਪਨ ਵਿਸ਼ਿਆਂ ਵਿੱਚ ਸਬੰਧਤ ਉਪ-ਵਿਸ਼ਿਆਂ ਦੇ ਨਾਲ-ਨਾਲ ਸਮਾਜਿਕ-ਸਿੱਖਿਆ ਨੂੰ ਵੀ ਲੈਕਚਰਾਰ ਦੀ ਅਸਾਮੀ ਲਈ ਯੋਗ ਸਮਝਿਆ ਜਾਵੇ। ਬੀਐੱਡ ਵਿੱਚ ਸਮਾਜਿਕ ਸਿੱਖਿਆ ਪੜ੍ਹੀ ਹੋਵੇ ਜਾਂ ਇਕੱਲੇ ਇਕੱਲੇ ਉਪ-ਵਿਸ਼ੇ ਪੜ੍ਹੇ ਹੋਣ, ਜਿਵੇਂ ਰਾਜਨੀਤੀ ਸਾਸ਼ਤਰ, ਇਤਿਹਾਸ, ਅਰਥ-ਸਾਸ਼ਤਰ ਜਾਂ ਹੋਰ ਸਬੰਧਿਤ ਵਿਸ਼ੇ ਸਾਇੰਸ/ਮੈਥ ਵਾਲੇ ਮਾਸਟਰ ਤਰੱਕੀ/ਪ੍ਰਮੋਸ਼ਨ ਵੇ.ਲੇ ਇਤਿਹਾਸ/ਰਾਜਨੀਤੀ/ਪੰਜਾਬੀ ਦੀ ਐਮ.ਏ ਕਰਕੇ ਲੈਕਚਰਾਰ ਬਣ ਰਹੇ ਹਨ, ਬੀਐੱਡ 'ਚ ਸਾਇੰਸ/ਮੈਥ ਪੜ੍ਹਕੇ ਵੀ ਉਹਨਾਂ ਨੂੰ ਇਹਨਾਂ ਵਿਸ਼ਿਆਂ ਦਾ ਲੈਕਚਰਾਰ ਲਾਇਆ ਜਾ ਰਿਹਾ। ਫਿਰ ਆਪਣੇ ਵਿਸ਼ੇ 'ਚ ਐਮ.ਏ ਕਰਨ ਵਾ.ਲਾ ਅਤੇ ਬੀਐੱਡ 'ਚ ਸਮਾਜਿਕ ਸਿੱਖਿਆ ਪੜ੍ਹਨ ਵਾਲਾ ਉਮੀਦਵਾਰ ਰਾਜਨੀਤੀ-ਸਾਸ਼ਤਰ, ਇਤਿਹਾਸ ਅਰਥ-ਸਾਸ਼ਤਰ ਜਾਂ ਕਿਸੇ ਹੋਰ ਉਪ-ਵਿਸ਼ੇ ਦਾ ਲੈਕਚਰਾਰ ਬਣਨ ਲਈ ਯੋਗ ਕਿਉਂ ਨਹੀਂ? ਯੂਨੀਅਨ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਨੇ ਚੇਤਾਵਨੀ ਦਿੰਦੇ ਹੋਏ ਸਰਕਾਰ ਨੂੰ ਕਿਹਾ ਕਿ ਅਗਰ ਸਰਕਾਰ 2018 ਦੇ ਮਾਰੂ ਰੂ.ਲ ਰੱਦ ਨਹੀ ਕਰਦੀ, ਜਿਸ ਵਿਚ ਲੈਕਚਰਾਰ ਭਰਤੀ ਕੰਬੀਨੇਸ਼ਨ, ਬੀ ਏ ਚ 55%,ਜਲਦ ਹੀ ਨਵੀਂ ਭਰਤੀ ਹਿੰਦੀ, ਪੰਜਾਬੀ, ਐਸ ਐਸ ਟੀ ਵਿਸ਼ਿਆ ਦੀਆ ਅਸਾਮੀਆਂ ਨਹੀਂ ਦਿੰਦੀ 9 ਅਪ੍ਰੈਲ ਨੂੰ ਅਨੰਦਪੁਰ ਸਾਹਿਬ ਸਿੱਖਿਆ ਮੰਤਰੀ ਹਰਜੋਤ ਬੈਂਸ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ ਹੋ ਸਕਦਾ। ਬੇਰੁਜ਼ਗਾਰ ਅਣਮਿੱਥੇ ਸਮੇਂ ਲਈ ਕੋਠੀ ਅੱਗੇ ਬੈਠ ਸਕਦੇ ਹਨ। ਇਸ ਲਈ ਅੱਜ ਇਸ ਪ੍ਰੈਸ ਨੋਟ ਰਾਹੀਂ ਸਿੱਖਿਆ ਮੰਤਰੀ ਜੀ ਨੂੰ ਕਿਹਾ ਗਿਆ ਹੈ ਕਿ ਪੰਜਾਬ 'ਚੋਂ ਬੇਰੁਜ਼ਗਾਰਾਂ ਨੂੰ ਉਨ੍ਹਾਂ ਦੀ ਯੋਗਤਾ ਮੁਤਾਬਿਕ ਰੁਜ਼ਗਾਰ ਦਿਤਾ ਜਾਵੇ, ਮਾਰੂ ਰੂਲ ਬਣਾ ਬਣਾ ਓਹਨਾ ਨੂ ਸੜਕੇ ਤੇ ਉਤਰਨ ਲਈ ਮਜਬੂਰ ਨਾ ਕੀਤਾ ਜਾਵੇ, ਖਾਸ ਕਰ ਲੈਕਚਰਾਰ ਦੀ ਭਰਤੀ ਵਿਚ ਯੋਗ ਉਮੀਦਵਾਰਾਂ ਨੂੰ ਮੌਕਾ ਜ਼ਰੂਰ ਦਿਤਾ ਜਾਵੇ।

# ਵੱਡੇ ਪੱਧਰ 'ਤੇ ਮਨਾਇਆ ਗਿਆ ਸਮਤਾ ਸੈਨਿਕ ਦਲ ਦਾ ਸਥਾਪਨਾ ਦਿਵਸ






**ਜਲੰਧਰ–** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ।) ਦਾ 96ਵਾਂ ਸਥਾਪਨਾ ਦਿਵਸ ਇਸਦੀ ਪੰਜਾਬ ਇਕਾਈ ਵੱਲੋਂ ਅੰਬੇਡਕਰ ਭਵਨ, ਡਾ ਅੰਬੇਡਕਰ ਮਾਰਗ, ਜਲੰਧਰ ਵਿਖੇ ਮਨਾਇਆ ਗਿਆ। ਭੀਸ਼ਮਪਾਲ ਸਿੰਘ ਕੇਂਦਰੀ ਕਾਰਜਕਾਰਨੀ ਕਮੇਟੀ ਮੈਂਬਰ ਏ।ਆਈ।ਐੱਸ।ਐੱਸ।ਡੀ।, ਗਾਜ਼ੀਆਬਾਦ, ਉੱਤਰਪ੍ਰਦੇਸ਼ ਮੁੱਖ ਮਹਿਮਾਨ ਸਨ ਅਤੇ ਪ੍ਰਸਿੱਧ ਅੰਬੇਡਕਰਵਾਦੀ, ਚਿੰਤਕ, ਮੁੱਖ ਮਾਰਗਦਰਸ਼ਕ ਏਆਈਐੱਸਐੱਸਡੀ ਸੰਸਥਾਪਕ ਟਰੱਸਟੀ ਅੰਬੇਡਕਰ ਭਵਨ ਟਰੱਸਟ ਜਲੰਧਰ ਅਤੇ ਸੰਪਾਦਕ ਭੀਮ ਪਤ੍ਰਿਕਾ ਲਾਹੌਰੀ ਰਾਮ ਬਾਲੀ ਮੁੱਖ ਬੁਲਾਰੇ ਸਨ। ਭੀਸ਼ਮਪਾਲ ਸਿੰਘ ਨੇ ਆਲ ਇੰਡੀਆ ਸਮਤਾ ਸੈਨਿਕ ਦਲ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਬਾਲੀ ਜੀ ਨੇ ਸਮਤਾ ਸੈਨਿਕ ਦਲ ਦੀ ਲੋੜ ਅਤੇ ਮਹੱਤਵ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਸਮਾਗਮ ਦੀ ਸ਼ੁਰੂਆਤ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਬੁਧਵੰਦਨਾ, ਤ੍ਰਿਸ਼ਰਨ-ਪੰਚਸ਼ੀਲ ਦੇ ਪਾਠ ਕਰਕੇ ਕੀਤੀ ਅਤੇ ਮੰਚ ਦਾ ਸੰਚਾਲਨ ਬਾਖੂਬੀ ਕੀਤਾ। ਅੰਬੇਡਕਰ ਭਵਨ ਟਰੱਸਟ (ਰਜਿ।) ਦੇ ਜਨਰਲ ਸਕੱਤਰ ਡਾ: ਜੀ।ਸੀ। ਕੌਲ, ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ।) ਦੇ ਪ੍ਰਧਾਨ ਸੋਹਨ ਲਾਲ ਸਾਬਕਾ ਡੀ।ਪੀ।ਆਈ। (ਕਾਲਜਾਂ) ਅਤੇ ਰਾਮ ਲਾਲ ਦਾਸ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਡਾ ਪੰਪੋਸ਼ ਅਤੇ ਸਮਤਾ ਸੈਨਿਕ ਦਲ ਦੇ ਸਾਬਕਾ ਚੇਅਰਮੈਨ ਐਸ ਚੰਦਰਈਆ ਦੇ ਭਰਾ ਐਸ ਕ੍ਰਿਸ਼ਨਾ ਦੀ ਯਾਦ ਵਿੱਚ ਦੋ ਮਿੰਟ ਦਾ ਮੋਨ ਰੱਖਿਆ ਗਿਆ। ਇਸ ਮੌਕੇ ਮੰਗ ਕੀਤੀ ਗਈ ਕਿ ਡਾ ਪੰਪੋਸ਼ ਦੀ ਮੌਤ ਦੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ।ਪ੍ਰੇਡ ਕਮਾਂਡਰ ਤਿਲਕ ਰਾਜ ਨੇ ਆਏ ਮਹਿਮਾਨਾਂ ਅਤੇ ਹਾਜ਼ਰੀਨ ਦਾ ਸਵਾਗਤ ਕੀਤਾ ਅਤੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਸਭ ਦਾ ਧੰਨਵਾਦ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਰਮਲ ਬਿੰਜੀ, ਸੁਖਰਾਜ, ਹਰਭਜਨ ਨਿਮਤਾ, ਚਮਨ ਲਾਲ, ਹਰਮੇਸ਼ ਜੱਸਲ, ਗੁਰਦੇਵ ਖੋਖਰ, ਰਾਮ ਲਾਲ ਦਾਸ, ਸਤਵਿੰਦਰ ਮਦਾਰਾ, ਤਰਸੇਮ ਜਲੰਧਰੀ, ਹਰੀ ਦਾਸ ਧਾਵਣੇ, ਅਵਧੂਤ ਰਾਏ, ਮੁੰਨਾ ਲਾਲ, ਸੋਮ ਨਾਥ ਭਗਰਾਸਿਆ, ਬਿੰਦੂ ਬੰਗੜ, ਸੁਰਿੰਦਰ ਕੌਰ, ਸ਼ੈਰੀ, ਬੁੱਧ ਪ੍ਰਿਆ ਆਦਿ ਹਾਜ਼ਰ ਸਨ।

# ਪ੍ਰਧਾਨ ਸ੍ਰੀ ਚੰਦਰ ਸ਼ੇਖਰ ਆਜ਼ਾਦ, ਭੀਮ ਆਰਮੀ ਇੰਡੀਆ ਅਤੇ ਆਜ਼ਾਦ ਸਮਾਜ ਪਾਰਟੀ ਇੰਡੀਆ ਦਾ ਵਿਸ਼ੇਸ਼ ਸਨਮਾਨ





**ਜਲੰਧਰ–** ਆਜ਼ਾਦ ਸਮਾਜ ਪਾਰਟੀ ਦੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਆਜ਼ਾਦ (ਐਡਵੋਕੇਟ) ਵਿਸ਼ੇਸ਼ ਤੌਰ ਤੇ ਪ੍ਰਵਾਸੀ ਭਾਰਤੀਆਂ ਦੇ ਸੱਦੇ 'ਤੇ ਆਪਣਾ ਕੀਮਤੀ ਸਮਾਂ ਕੱਢ ਕੇ ਜਲੰਧਰ (ਪੰਜਾਬ) ਵਿਖੇ ਪਹੁੰਚੇ, ਜਿਸ ਵਿਚ ਉਹਨਾਂ ਨੂੰ ਨਿੱਘੀ ਜੀ ਆਇਆਂ ਪ੍ਰਮੋਟਰ ਜੱਸੀ ਬੰਗਾ ਯੂ. ਐਸ. ਏ., ਰਾਜ ਬੰਗਾ ਕੈਨੇਡਾ, ਕੇਵਲ ਬੋਲੀਨਾ ਯੂ. ਐਸ. ਏ., ਮਦਨ ਕੈਲੇ ਯੂ. ਐਸ. ਏ., ਸੇਠ ਸਤਪਾਲ ਚੋਪੜਾ ਯੂ. ਐਸ. ਏ., ਜਸਵੰਤ ਬੰਗਾ ਯੂ. ਐਸ. ਏ., ਮਲਕੀਤ ਬੰਗਾ ਪੈਰਿਸ, ਤੇਜਾ ਵਿਰਕ_ਯੂ. ਐਸ. ਏ., ਜੱਗਾ ਪਹਿਲਵਾਨ ਮਾਂਗਟ, ਕਬੱਡੀ ਪ੍ਰਮੋਟਰ ਬਲਵੀਰ ਬੈਂਸ, ਸੋਢੀ ਦਦਰਾਲ ਕੈਨੇਡਾ, ਡੀ. ਐਸ. ਪੀ. ਡਾ. ਸਿੱਧੂ, ਰੋਹਿਤ ਰੰਧਾਵਾ ਅਤੇ ਪਾਰਟੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਜੱਸੀ ਬੰਗਾ ਨੇ ਪ੍ਰਧਾਨ ਚੰਦਰ ਸ਼ੇਖਰ ਆਜ਼ਾਦ ਨਾਲ ਭਾਰਤ ਦੇ ਸੰਵਿਧਾਨਦਾਤਾ ਡਾ. ਅੰਬੇਡਕਰ ਦੇ ਬਰਾਬਰਤਾ ਦੇ ਹੱਕਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਅਤੇ ਨਾਲ ਰਾਜ ਬੰਗਾ ਅਤੇ ਬਾਕੀ ਮੈਂਬਾਂ ਨੇ ਵੀ ਗੱਲਬਾਤ ਕੀਤੀ ਅਤੇ ਗਰੀਬਾਂ ਤੇ ਦਲਿਤ ਸਮਾਜ 'ਤੇ ਹੋ ਰਹੇ ਅੱਤਿਆਚਾਰ ਅਤੇ ਬਰਾਬਰਤਾ ਦੇ ਹੱਕਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਅਤੇ ਨਾਲ ਹੀ ਅਮਰੀਕਾ ਅਤੇ ਕੈਨੇਡਾ ਆਉਣ ਦਾ ਸੱਦਾ ਦਿੱਤਾ। ਅੰਤ ਵਿਚ ਵਿਸ਼ੇਸ਼ ਪਲੈਕ ਨਾਲ ਜੱਸੀ ਬੰਗਾ, ਰਾਜ ਬੰਗਾ, ਡੀ. ਐਸ. ਪੀ. ਬਲਦੇਵ ਅਠਵਾਲ, ਮਦਨ ਕੈਲੇ, ਸਤਪਾਲ ਚੋਪੜਾ, ਕੇਵਲ ਕ੍ਰਿਸ਼ਨ ਬੋਲੀਨਾ, ਪਰਮ ਸਰੋਆ, ਐਡਵੋਕੇਟ ਸੀਜਰ ਰਾਏ ਅਤੇ ਬਲਵੀਰ ਬੈਂਸ ਵੱਲੋਂ ਸਨਮਾਨਿਤ ਕੀਤਾ ਅਤੇ ਕੁਝ ਪਾਰਟੀ ਦੇ ਲਈ ਫੰਡ ਇਕੱਠਾ ਕੀਤਾ ਗਿਆ ਅਤੇ ਰਾਜ ਬੰਗਾ ਅਤੇ ਜੱਸੀ ਬੰਗਾ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# ਵਿਸ਼ਵ ਪ੍ਰਸਿੱਧ ਗਾਇਕ ਪ੍ਰੇਮੀ ਜੌਹਲ "ਤੂੰ ਮੇਰੀ ਸਰਦਾਰਨੀ" ਗੀਤ ਲੈ ਕੇ ਹੋਇਆ ਹਾਜ਼ਰ

## ਯੂਕੇ ਵਸਦੇ ਪ੍ਰੇਮੀ ਜੌਹਲ ਨੇ ਸੰਗੀਤ ਜਗਤ ਨੂੰ ਦਿੱਤੇ ਹਨ ਅਨੇਕਾਂ ਹਿੱਟ ਗੀਤ




**ਲੰਡਨ/ ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਸੰਗੀਤ ਵਰਗੀ ਕੋਮਲ ਕਲਾ ਨਾਲ ਜੁੜਿਆ ਇਨਸਾਨ ਕੋਮਲ ਸੁਭਾਅ ਦਾ ਨਾ ਹੋਵੇ, ਇਹ ਹੋ ਹੀ ਨਹੀਂ ਸਕਦਾ। ਜੇਕਰ ਕੋਈ ਅੱਖੜ ਹੋਵੇਗਾ ਤਾਂ ਸੰਗੀਤ ਨੇ ਉਸਦੇ ਮਨ ਅੰਦਰ ਵਾਸਾ ਹੀ ਨਹੀਂ ਕੀਤਾ ਹੋਣਾ। ਯੂਕੇ ਵਸਦਾ ਗਾਇਕ ਪ੍ਰੇਮੀ ਜੌਹਲ ਅਜਿਹਾ ਹੀ ਨਿਮਰ ਇਨਸਾਨ ਹੈ ਜਿਸਨੇ ਬੁਲੰਦੀਆਂ ਦਾ ਸਰੂਰ ਮਾਣਨ ਦੇ ਬਾਵਜੂਦ ਵੀ ਪੈਰ ਧਰਤੀ 'ਤੇ ਹੀ ਰੱਖੇ ਹਨ। ਸੰਗੀਤ ਜਗਤ ਦੀ ਝੋਲੀ ਅਨੇਕਾਂ ਹਿੱਟ ਗੀਤ ਪਾਉਣ ਵਾਲੇ ਪ੍ਰੇਮੀ ਜੌਹਲ ਵੱਲੋਂ ਹਾਲ ਹੀ ਵਿੱਚ ਆਪਣਾ ਨਵਾਂ ਗੀਤ "ਤੂੰ ਮੇਰੀ ਸਰਦਾਰਨੀ" ਲੋਕ ਅਰਪਣ ਕੀਤਾ ਹੈ। ਇਸ ਗੀਤ ਦਾ ਰਚੇਤਾ ਤੇ ਕੰਪੋਜਰ ਵੀ ਪ੍ਰੇਮੀ ਜੌਹਲ ਖੁਦ ਹਨ। ਇੱਕ ਘਰਵਾਲੇ ਵੱਲੋਂ ਆਪਣੀ ਘਰਵਾਲੀ ਦੀਆਂ ਸਿਫਤਾਂ ਨਾਲ ਲਬਰੇਜ਼ ਇਸ ਗੀਤ ਦਾ ਸੰਗੀਤ ਪੌਪਸੀ ਮਿਊਜ਼ਿਕ ਮਸ਼ੀਨ ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਪ੍ਰੇਮੀ ਜੌਹਲ ਨੇ ਕਿਹਾ ਕਿ ਪੰਜਾਬੀ ਸ੍ਰੋਤਿਆਂ ਨੇ ਹਮੇਸ਼ਾ ਹੀ ਉਹਨਾਂ ਨੂੰ ਪੰਡਾਂ ਭਰ ਭਰ ਮਾਣ ਦਿੱਤਾ ਹੈ। ਉਮੀਦ ਹੀ ਨਹੀਂ ਸਗੋਂ ਯਕੀਨ ਵੀ ਹੈ ਕਿ ਉਹ "ਤੂੰ ਮੇਰੀ ਸਰਦਾਰਨੀ" ਗੀਤ ਨੂੰ ਵੀ ਰੱਜਵਾਂ ਪਿਆਰ ਦੇਣਗੇ।

# ਸਿੰਗਲ ਟਰੈਕ "ਤੇਰੇ ਨੈਣ" ਨਾਲ ਚਰਚਾ ਗਾਇਕ ਕੰਠ ਕਲੇਰ



**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** ਸੱਭਿਆਚਾਰਕ, ਧਾਰਮਿਕ ਅਤੇ ਰੋਮਾਂਟਿਕ ਗੀਤਾਂ ਦੇ ਪ੍ਰਸਿੱਧ ਗਾਇਕ ਕੰਠ ਕਲੇਰ ਜਿਸ ਨੇ ਹੁਣ ਅਨੇਕਾਂ ਗੀਤ ਸੰਗੀਤ ਦੀ ਮੰਡੀ ਚ ਭੇਜੇ ਉਨਾਂ ਸਾਰੇ ਗੀਤਾਂ ਨੂੰ ਰੱਬ ਵਰਗੇ ਸਰੋਤਿਆ ਨੇ ਮਣਾਂਮੂੰਹੀ ਪਿਆਰ ਦਿਤਾ ਤੇ ਪਿਛਲੇ ਦਿਨੀ ਸਿੰਗਲ ਟਰੈਕ "ਤੇਰੇ ਨੈਣ ਮੇਰੇ ਨੈਣ" ਬਹੁਤ ਵੱਡੇ ਪੱਧਰ ਰਿਲੀਜ ਕੀਤਾ ਗਿਆ ਸੀ ਉਸ ਗੀਤ ਨੂੰ ਸ਼ੋਸਲ ਮੀਡੀਆ ਸਰੋਤੇ ਪਹਿਲਾ ਆਏ ਸਾਰੇ ਗੀਤਾਂ ਵਾਂਗ ਬੜਾ ਮਾਣ ਸਤਿਕਾਰ ਦੇ ਰਹੇ ਹਨ ਤੇ ਲੱਖਾਂ ਦੇ ਵਿਊ ਮਿਲ ਰਹੇ ਹਨ ਇਸ ਗੀਤ ਸਬੰਧੀ ਗੱਲਬਾਤ ਕਰਦਿਆਂ ਕੰਠ ਕਲੇਰ ਨੇ ਦੱਸਿਆ ਕਿ ਰੋਮਾਂਸ ਨਾਲ ਭਰੇ ਇਸ ਗੀਤ ਨੂੰ ਗੀਤਕਾਰ ਮਨਦੀਪ ਕੁਮਾਰ ਨੇ ਲਿਖਿਆ ਸੀ ਤੇ ਇਸ ਨੂੰ ਸੰਗੀਤ ਦੀ ਚਾਛਣੀ ਸੁਖਵੀਰ ਰੰਧਾਵਾ ਨੇ ਡੁਬੋਇਆ ਸੀ ਇਸ ਦਾ ਵੀਡੀਓ ਹੈਰੀ ਜੋਰਡਨ ਫਿਲਮ ਵਲੋਂ ਕੀਤਾ ਗਿਆ ਸੀ ਇਸ ਦੀ ਐਡੀਟਿੰਗ ਨਿੱਕ ਬੀ ਨੇ ਕੀਤੀ ਸੀ ਤੇ ਇਸ ਗੀਤ ਨੂੰ ਸੰਗੀਤ ਜਗਤ ਦੀ ਪ੍ਰਸਿੱਧ ਕੰਪਨੀ ਕੇ ਕੇ ਮਿਊਜਿਕ ਦੇ ਲੇਬਲ ਤਹਿਤ ਸੰਗੀਤ ਦੀ ਮੰਡੀ ਚ ਭੇਜਿਆ ਸੀ ਤੇ ਬਹੁਤ ਮੈਂ ਧੰਨਵਾਦ ਕਰਦਾ ਹਾਂ ਸਾਰੇ ਰੱਬ ਵਰਗੇ ਸਰੋਤਿਆ ਦਾ ਜੋ ਮੇਰੀ ਗਾਇਕੀ ਨੂੰ ਬੜਾ ਪਸੰਦ ਕਰਦੇ ਹਨ ਸ਼ੁਕਰ ਗੁਜਾਰ ਹਾਂ ਉਨਾਂ ਸਹਿਜੋ-ਗੀਆਂ ਦਾ ਜੋ ਸਮੇਂ ਸਮੇਂ ਤੇ ਬੜਾ ਸਾਥ ਦਿੰਦੇ ਹਨ।

# ਫਸਲੀ ਵਿਭਿੰਨਤਾ ਪ੍ਰੋਗਰਾਮ ਤਹਿਤ ਵੱਖ-ਵੱਖ ਖੇਤੀ ਮਸ਼ੀਨਾਂ ਦੀ ਖਰੀਦ ਤੋਂ ਬਾਅਦ ਕਿਸਾਨਾਂ ਨੂੰ ਸਬਸਿਡੀ ਜਾਰੀ : ਡਿਪਟੀ ਕਮਿਸ਼ਨਰ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸੂਬੇ ਵਿੱਚ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਵੱਲੋਂ ਕਿਸਾਨਾਂ ਨੂੰ ਵੱਖ-ਵੱਖ ਖੇਤੀ ਮਸ਼ੀਨਾਂ 'ਤੇ ਸਬਸਿਡੀ ਦੇਣ ਦਾ ਫੈਸਲਾ ਲਿਆ ਗਿਆ ਹੈ। ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਸਰਕਾਰ ਵਲੋਂ 'ਰਾਸ਼ਟਰੀ ਖੇਤੀ ਵਿਕਾਸ ਯੋਜਨਾ' ਦੀ ਸਬ-ਸਕੀਮ 'ਫਸਲੀ ਵਿਭਿੰਨਤਾ ਪ੍ਰੋਗਰਾਮ (ਸੀਡੀਪੀ)' ਤਹਿਤ ' ਵੱਖ-ਵੱਖ ਖੇਤੀ ਮਸ਼ੀਨਾਂ 'ਤੇ ਸਬਸਿਡੀ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮਨਜ਼ੂਰ ਕੀਤੇ ਗਏ ਬਿਨੈਕਾਰਾਂ ਵਿੱਚੋਂ ਸਕੀਮ ਦੀਆਂ ਹਦਾਇਤਾਂ ਅਨੁਸਾਰ ਨਿਰਧਾਰਤ ਸਮੇਂ ਅੰਦਰ ਮਸ਼ੀਨਾਂ ਖਰੀਦਣ ਵਾਲੇ ਲਾਭਪਾਤਰੀਆਂ ਦੀਆਂ ਮਸ਼ੀਨਾਂ ਦੀ ਖੇਤੀ ਅਧਿਕਾਰੀਆਂ ਵਲੋਂ ਫਿਜ਼ੀਕਲ ਵੈਰੀਫਿਕੇਸ਼ਨ ਕਰਨ ਉਪਰੰਤ ਬਣਦੀ ਸਬਸਿਡੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੀ ਪਾਈ ਜਾ ਰਹੀ ਹੈ। ਮੁੱਖ ਖੇਤੀਬਾੜੀ ਅਫ਼ਸਰ ਡਾ: ਗੁਰਦੇਵ ਸਿੰਘ ਨੇ ਦੱਸਿਆ ਕਿ ਸਬਸਿਡੀ ਜਾਰੀ ਕਰਨ ਦੇ ਪਹਿਲੇ ਪੜਾਅ ਤਹਿਤ 68 ਲਾਭਪਾਤਰੀਆਂ ਨੂੰ 38 ਲੱਖ 92 ਹਜ਼ਾਰ ਰੁਪਏ ਦੀ ਸਬਸਿਡੀ ਜਾਰੀ ਕੀਤੀ ਗਈ ਹੈ। ਇਨ੍ਹਾਂ ਲਾਭਪਾਤਰੀਆਂ ਨੂੰ 20 ਬੈਟਰੀ ਓਪਰੇਟਿਡ ਸਪਰੇ ਪੰਪ, 21 ਪਾਵਰ ਇੰਜਣ ਓਪਰੇਟਿਡ ਸਪਰੇ ਪੰਪ, 12 ਟਰੈਕਟਰ ਓਪਰੇਟਿਡ ਸਪਰੇ ਪੰਪ ਅਤੇ 15 ਨਿਊਮੈਟਿਕ ਪਲਾਂਟਰ ਖਰੀਦਣ ਲਈ ਸਬਸਿਡੀ ਦਿੱਤੀ ਗਈ ਹੈ। ਇਨ੍ਹਾਂ ਲਾਭਪਾਤਰੀਆਂ ਵਿੱਚ 66 ਵਿਅਕਤੀਗਤ ਕਿਸਾਨ (48 ਮਰਦ ਅਤੇ 8 ਇਸਤਰੀ ਕਿਸਾਨ), 1 ਸਹਿਕਾਰੀ ਸਭਾ ਅਤੇ 1 ਰਜਿਸਟਰਡ ਕਿਸਾਨ ਸਮੂਹ ਹਾਜ਼ਰ ਸਨ।

# ਸਿਆਸਤ ਵਿੱਚ ਧਰਮ ਦੀ ਵਰਤੋਂ ਬੰਦ ਹੋਣ 'ਤੇ ਨਫ਼ਰਤੀ ਭਾਸ਼ਨ ਵੀ ਖ਼ਤਮ ਹੋ ਜਾਣਗੇ: ਸੁਪਰੀਮ ਕੋਰਟ

**ਨਵੀਂ ਦਿੱਲੀ–** ਸੁਪਰੀਮ ਕੋਰਟ ਨੇ ਨਫ਼ਰਤੀ ਭਾਸ਼ਨਾਂ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਜਦੋਂ ਸਿਆਸਤ ਅਤੇ ਧਰਮ ਦਾ ਨਿਖੇੜਾ ਹੋ ਜਾਵੇਗਾ ਅਤੇ ਆਗੂ ਸਿਆਸਤ 'ਚ ਧਰਮ ਦੀ ਵਰਤੋਂ ਕਰਨਾ ਬੰਦ ਕਰ ਦੇਣਗੇ ਤਾਂ ਨਫ਼ਰਤੀ ਭਾਸ਼ਨ ਵੀ ਖ਼ਤਮ ਹੋ ਜਾਣਗੇ। ਨਫ਼ਰਤੀ ਭਾਸ਼ਨਾਂ ਨੂੰ 'ਦੁਸ਼ ਚੱਕਰ' ਕਰਾਰ ਦਿੰਦਿਆਂ ਸਿਖਰਲੀ ਅਦਾਲਤ ਨੇ ਕਿਹਾ ਕਿ ਮਾੜੇ ਅਨਸਰਾਂ ਵੱਲੋਂ ਅਜਿਹੇ ਭਾਸ਼ਨ ਦਿੱਤੇ ਜਾ ਰਹੇ ਹਨ ਅਤੇ ਲੋਕਾਂ ਨੂੰ ਇਨ੍ਹਾਂ ਤੋਂ ਬਚਣਾ ਚਾਹੀਦਾ ਹੈ। ਸਿਖਰਲੀ ਅਦਾਲਤ ਨੇ ਇਸ ਮਾਮਲੇ 'ਚ ਅਗਲੀ ਸੁਣਵਾਈ ਲਈ 28 ਅਪਰੈਲ ਦੀ ਤਰੀਕ ਤੈਅ ਕਰਦਿਆਂ ਮਹਾਰਾਸ਼ਟਰ ਸਰਕਾਰ ਨੂੰ ਜਵਾਬ ਦੇਣ ਲਈ ਕਿਹਾ ਹੈ। ਜਸਟਿਸ ਕੇ ਐੱਮ ਜੋਸਫ਼ ਅਤੇ ਬੀ ਵੀ ਨਾਗਰਤਨਾ ਦੇ ਬੈਂਚ ਨੇ ਸਾਬਕਾ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਅਤੇ ਅਟਲ ਬਿਹਾਰੀ ਵਾਜਪਾਈ ਦੇ ਸ਼ਾਨਦਾਰ ਭਾਸ਼ਨਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਭਾਸ਼ਨਾਂ ਨੂੰ ਸੁਣਨ ਲਈ ਦੂਰ-ਦੁਰਾਡੇ ਦੇ ਇਲਾਕਿਆਂ ਤੋਂ ਲੋਕ ਜੁੜਦੇ ਹੁੰਦੇ ਸਨ। ਜਸਟਿਸ ਜੋਸਫ਼ ਨੇ ਕਿਹਾ,''ਅਸੀਂ ਆਪਣੇ ਹਾਲੀਆ ਫ਼ੈਸਲੇ 'ਚ ਵੀ ਕਿਹਾ ਹੈ ਕਿ ਸਿਆਸਤ ਨੂੰ ਧਰਮ ਨਾਲ ਜੋੜਨਾ ਲੋਕਤੰਤਰ ਲਈ ਖ਼ਤਰਨਾਕ ਹੈ।'' ਬੈਂਚ ਨੇ ਹੈਰਾਨੀ ਜਤਾਈ ਕਿ ਅਦਾਲਤਾਂ ਕਿੰਨੇ ਲੋਕਾਂ ਖ਼ਿਲਾਫ਼ ਮਾਣਹਾਨੀ ਦੇ ਕੇਸ ਸ਼ੁਰੂ ਕਰ ਸਕਦੀਆਂ ਹਨ ਅਤੇ ਭਾਰਤ ਦੇ ਲੋਕ ਹੋਰ ਨਾਗਰਿਕਾਂ ਜਾਂ ਫਿਰਕਿਆਂ ਨੂੰ ਅਪਮਾਨਿਤ ਨਾ ਕਰਨ ਦਾ ਅਹਿਦ ਕਿਉਂ ਨਹੀਂ ਲੈ ਸਕਦੇ ਹਨ। ਬੈਂਚ ਨੇ ਨਫ਼ਰਤੀ ਭਾਸ਼ਨ ਦੇਣ ਵਾਲਿਆਂ ਖ਼ਿਲਾਫ਼ ਐੱਫਆਈਆਰ ਦਰਜ ਕਰਨ 'ਚ ਨਾਕਾਮ ਰਹਿਣ 'ਤੇ ਮਹਾਰਾਸ਼ਟਰ ਸਮੇਤ ਵੱਖ ਵੱਖ ਸੂਬਾਈ ਅਥਾਰਿਟੀਆਂ ਖ਼ਿਲਾਫ਼ ਮਾਣਹਾਨੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕਿਹਾ,''ਰੋਜ਼ਾਨਾ ਮਾੜੇ ਅਨਸਰ ਟੀਵੀ ਅਤੇ ਜਨਤਕ ਮੰਚਾਂ 'ਤੇ ਦੂਜਿਆਂ ਨੂੰ ਬਦਨਾਮ ਕਰਨ ਲਈ ਭਾਸ਼ਨ ਦੇ ਰਹੇ ਹਨ।'' ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕੇਰਲਾ 'ਚ ਇਕ ਵਿਅਕਤੀ ਵੱਲੋਂ ਇਕ ਖਾਸ ਫਿਰਕੇ ਖ਼ਿਲਾਫ਼ ਦਿੱਤੇ ਗਏ ਅਪਮਾਨਜਨਕ ਭਾਸ਼ਨ ਵੱਲ ਬੈਂਚ ਦਾ ਧਿਆਨ ਦਿਵਾਇਆ ਅਤੇ ਕਿਹਾ ਕਿ ਅਰਜ਼ੀਕਾਰ ਸ਼ਾਹੀਨ ਅਬਦੁੱਲਾ ਨੇ ਦੇਸ਼ 'ਚ ਨਫ਼ਰਤੀ ਭਾਸ਼ਨਾਂ ਦੀਆਂ ਚੋਣਵੀਆਂ ਘਟਨਾਵਾਂ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਹੈ।

ਇਸ 'ਤੇ ਮਹਿਤਾ ਅਤੇ ਬੈਂਚ ਵਿਚਾਲੇ ਤਿੱਖੀ ਬਹਿਸ ਵੀ ਹੋਈ। ਮਹਿਤਾ ਨੇ ਡੀਐੱਮਕੇ ਪਾਰਟੀ ਦੇ ਆਗੂ ਦੇ ਇਕ ਬਿਆਨ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਅਰਜ਼ੀਕਾਰ ਦੇ ਵਕੀਲ ਨੇ ਉਨ੍ਹਾਂ ਨੂੰ ਅਤੇ ਸੂਬਿਆਂ ਨੂੰ ਮਾਣਹਾਨੀ ਅਰਜ਼ੀ 'ਚ ਧਿਰ ਕਿਉਂ ਨਹੀਂ ਬਣਾਇਆ ਹੈ। ਬੈਂਚ ਨੇ ਉਨ੍ਹਾਂ ਭਾਸ਼ਨਾਂ ਦਾ ਜ਼ਿਕਰ ਕਰਦਿਆਂ ਕਿਹਾ,''ਹਰੇਕ ਕਿਰਿਆ ਦੀ ਸਮਾਨ ਪ੍ਰਤੀਕਿਰਿਆ ਹੁੰਦੀ ਹੈ। ਅਸੀਂ ਸੰਵਿਧਾਨ ਦਾ ਪਾਲਣ ਕਰ ਰਹੇ ਹਾਂ ਅਤੇ ਹਰ ਮਾਮਲੇ 'ਚ ਹੁਕਮ ਕਾਨੂੰਨ ਦੇ ਸ਼ਾਸਨ ਦੇ ਢਾਂਚੇ 'ਚ ਇੱਟਾਂ ਦੇ ਬਰਾਬਰ ਹਨ। ਅਸੀਂ ਮਾਣਹਾਨੀ ਪਟੀਸ਼ਨ ਦੀ ਸੁਣਵਾਈ ਕਰ ਰਹੇ ਹਾਂ ਕਿਉਂਕਿ ਸੂਬੇ ਸਮੇਂ 'ਤੇ ਕੋਈ ਕਾਰਵਾਈ ਨਹੀਂ ਕਰ ਰਹੇ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸਮੁੱਚੀ ਮਾਨਵਤਾ ਦੇ ਰਹਿਬਰ ਹਨ ਗੁਰੂ ਨਾਨਕ ਪਾਤਸ਼ਾਹ: ਵਰਿਆਮ ਸਿੰਘ ਸੰਧੂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੰਜਾਬੀ ਦੇ ਨਾਮਵਰ ਲੇਖਕ ਡਾ. ਵਰਿਆਮ ਸਿੰਘ ਸੰਧੂ ਦੁ-ਆਰਾ ਰਚਿਤ ਵਾਰਤਕ ਪੁਸਤਕ ਗੁਰੂ ਨਾਨਕ ਪਾਤਸ਼ਾਹ ਨੂੰ ਮਿਲਦਿਆਂ ਉੱਪਰ ਡਾ. ਗੋਪਾਲ ਸਿੰਘ ਬੁੱਟਰ ਦੇ ਪ੍ਰਬੰਧ ਤਹਿਤ ਇੱਕ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਪੁਸਤਕ ਦੇ ਲੇਖਕ ਡਾ. ਸੰਧੂ, ਪਰਚਾ ਲੇਖਕ ਕਹਾਣੀਕਾਰ ਬਲਵਿੰਦਰ ਗਰੇਵਾਲ, ਖੇਡ ਸਾਹਿਤ ਦੀ ਨਾਮਵਰ ਹਸਤੀ ਪ੍ਰਿੰਸੀਪਲ ਸਰਵਣ ਸਿੰਘ ਤੇ ਕਮੇਟੀ ਦੇ ਜਨਰਲ ਸਕੱਤਰ ਕਾ. ਪ੍ਰਿਥੀਪਾਲ ਸਿੰਘ ਮਾੜੀਮੇਘਾ ਸੁਸ਼ੋਭਤ ਹੋਏ। ਕਾਮਰੇਡ ਮਾੜੀਮੇਘਾ ਨੇ ਸਵਾਗਤੀ ਸ਼ਬਦ ਕਹਿੰਦਿਆਂ ਬੁੱਧੀਜੀਵੀ ਵਰਗ ਵਲੋਂ ਕਮੇਟੀ ਨੂੰ ਮਿਲਦੇ ਆ ਰਹੇ ਸਹਿਯੋਗ ਲਈ ਉਨ੍ਹਾਂ ਦਾ ਆਭਾਰ ਵਿਅਕਤ ਕੀਤਾ। ਪੁਸਤਕ ਬਾਰੇ ਵਿਚਾਰ ਚਰਚਾ ਦਾ ਆਰੰਭ ਕਰਦਿਆਂ ਆਰ.ਐਮ.ਪੀ.ਆਈ. ਦੇ ਜਨਰਲ ਸਕੱਤਰ ਕਾ. ਮੰਗਤ ਰਾਮ ਪਾਸਲਾ ਨੇ ਗੁਰੂ ਜੀ ਦੇ ਮਾਨਵ ਹਿਤੈਸ਼ੀ ਸੰਦੇਸ਼ ਨੂੰ ਸਮਝਣ ਦੀ ਲੋੜ 'ਤੇ ਜ਼ੋਰ ਦਿੱਤਾ।



ਪ੍ਰਿੰਸੀਪਲ ਸਰਵਣ ਸਿੰਘ ਨੇ ਗੁਰੂ ਜੀ ਦੇ ਜੀਵਨ ਤੇ ਬਾਣੀ ਬਾਰੇ ਵਿਚਾਰ ਪ੍ਰਗਟਾਉਂਦਿਆਂ ਗੁਰੂ ਜੀ ਦੀ ਅਜ਼ਮਤ ਬਾਰੇ ਭਾਵ ਪੂਰਤ ਜਾਣਕਾਰੀ ਦਿੱਤੀ। ਪਰਚਾ ਲੇਖਕ ਬਲਵਿੰਦਰ ਸਿੰਘ ਗਰੇਵਾਲ ਨੇ ਗੁਰੂ ਜੀ ਵੱਲੋਂ ਮਨੁੱਖੀ ਸਮਾਜ ਦੇ ਕਲਿਆਣ ਹਿਤ ਪਾਏ ਅਹਿਮ ਯੋਗਦਾਨ ਬਾਰੇ ਗੱਲ ਕਰਦਿਆਂ ਗੁਰੂ ਨਾਨਕ ਪਾਤਸ਼ਾਹ ਨੂੰ ਸਮੁੱਚੀ ਮਾਨਵਤਾ ਦੇ ਰਹਿਬਰ ਦੱਸਿਆ। ਪਰਚਾ ਲੇਖਕ ਨੇ ਪੁਸਤਕ ਦੇ ਲੇਖਕ ਡਾ. ਵਰਿਆਮ ਸਿੰਘ ਸੰਧੂ ਦੀ ਸਿਰਜਣਾਤਮਿਕ ਪ੍ਰਤਿਭਾ ਬਾਰੇ ਵਿਚਾਰ ਪ੍ਰਗਟਾਉਂਦਿਆਂ ਉਹਨਾਂ ਦੁਆਰਾ ਪੰਜਾਬੀ ਸ਼ਬਦ ਸਭਿਆਚਾਰ ਵਿੱਚ ਪਾਏ ਵਡੇਰੇ ਯੋਗਦਾਨ ਦੀ ਪ੍ਰਸੰਸਾ ਕੀਤੀ। ਉੱਘੇ ਪੱਤਰਕਾਰ ਸਤਨਾਮ ਮਾਣਕ ਨੇ ਗੁਰੂ ਨਾਨਕ ਦੇਵ ਜੀ ਦੇ ਲੋਕ ਹਿਤੈਸ਼ੀ ਸੰਦੇਸ਼ ਲਈ ਸਮੁੱਚੀ ਮਾਨਵ ਜਾਤੀ ਲਈ ਅਹਿਮੀਅਤ ਬਾਰੇ ਵਿਚਾਰ ਪ੍ਰਗਟਾਏ।

ਡਾ. ਲਖਵਿੰਦਰ ਜੌਹਲ ਨੇ ਪੁਸਤਕ ਲੇਖਕ ਡਾ. ਸੰਧੂ ਦੀ ਲੇਖਣੀ ਬਾਰੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਗੁਰੂ ਜੀ ਵਰਗੀ ਅਜ਼ੀਮ ਹਸਤੀ ਬਾਰੇ ਏਨੀ ਭਾਵਪੂਰਤ ਲਿਖਤ ਡਾ. ਸੰਧੂ ਵਰਗਾ ਪ੍ਰਤਿਭਾਵਾਨ ਲੇਖਕ ਹੀ ਲਿਖ ਸਕਦਾ ਹੈ। ਕਾ. ਅਮੋਲਕ ਨੇ ਗੁਰੂ ਨਾਨਕ ਦੇਵ ਜੀ ਦੇ ਕਿਰਤੀ ਜਮਾਤ ਨਾਲ ਲਗਾਓ ਦੀ ਗੱਲ ਕਰਦਿਆਂ ਉਹਨਾਂ ਨੂੰ ਦੱਬੇ ਕੁਚਲੇ ਤੇ ਕਿਰਤੀ ਕਾਮਿਆਂ ਦਾ ਸੱਚਾ ਰਹਿਬਰ ਦੱਸਿਆ। ਕਮੇਟੀ ਦੇ ਕਨਵੀਨਰ ਡਾ. ਗੋਪਾਲ ਸਿੰਘ ਬੁੱਟਰ ਨੇ ਮੰਚ ਸੰਚਾਲਨ ਕਰਦਿਆਂ ਪਹੁੰਚੀਆਂ ਹਸਤੀਆਂ, ਡਾ. ਸੰਧੂ ਦੀ ਰਚਨਾ ਤੇ ਜਗਤ ਗੁਰੂ ਬਾਬਾ ਨਾਨਕ ਜੀ ਬਾਰੇ ਮੁੱਲਵਾਨ ਟਿੱਪਣੀਆਂ ਨਾਲ ਵਿਚਾਰ ਗੋਸ਼ਟੀ ਦੀ ਰੌਚਿਕਤਾ ਤੇ ਸੰਜੀਦਗੀ ਬਣਾਈ ਰੱਖਣ ਦੇ ਸੁਚੇਤ ਉਪਰਾਲੇ ਕੀਤੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਕਾ. ਚਰੰਜੀ ਲਾਲ ਕੰਗਣੀਵਾਲ, ਸਰਦਾਰਨੀ ਰਜਵੰਤ ਕੌਰ ਸੰਧੂ, ਗੁਰ ਮੁਖ ਸਿੰਘ, ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਲੇਖਕ ਸੁਰਿੰਦਰ ਸਿੰਘ ਸੁੰਨੜ ਤੇ ਸੁਰਿੰਦਰ ਸੈਣੀ ਨੇ ਵੀ ਵਿਚਾਰ ਚਰਚਾ ਵਿੱਚ ਹਿੱਸਾ ਲਿਆ। ਸਮਾਗਮ ਦੇ ਅਖੀਰ ਤੇ ਪੁਸਤਕ ਲੇਖਕ ਡਾ. ਵਰਿਆਮ ਸਿੰਘ ਸੰਧੂ ਨੇ ਇਸ ਪੁਸਤਕ ਲਿਖਣ ਦੀ ਪ੍ਰੇਰਨਾ ਤੇ ਉਦੇਸ਼ ਬਾਰੇ ਭਾਵਪੂਰਤ ਜਾਣਕਾਰੀ ਦਿੰਦਿਆਂ ਸਮਾਂ ਬੰਨ੍ਹ ਦਿੱਤਾ। ਇਸ ਸਮਾਗਮ ਵਿੱਚ ਦੁਆਬਾ ਕਾਲਜ ਤੋਂ ਡਾ. ਉਮਿੰਦਰ ਜੌਹਲ, ਮੁੱਖੀ ਪੰਜਾਬੀ ਵਿਭਾਗ, ਲਾਇਲਪੁਰ ਖਾਲਸਾ ਕਾਲਜ ਤੋਂ ਇਤਿਹਾਸ ਵਿਭਾਗ ਦੇ ਮੁੱਖੀ ਡਾ. ਸੁਮਨ ਚੋਪੜਾ, ਡਾ. ਅਮਨਦੀਪ ਕੌਰ ਤੇ ਵਿਦਿਆਰਥੀਆਂ ਨੇ ਵੀ ਸ਼ਿਰਕਤ ਕੀਤੀ। ਹੋਰਨਾਂ ਤੋਂ ਇਲਾਵਾ ਇਸ ਸਮਾਗਮ ਵਿੱਚ ਭਾਰਤੀ ਮਜ਼ਦੂਰ ਸਭਾ ਬਰਮਿੰਘਮ ਯੂ.ਕੇ. ਦੇ ਆਗੂ ਕਾ. ਕੁਲਬੀਰ ਸਿੰਘ ਸੰਘੇੜਾ, ਕਾ. ਸੁਰਿੰਦਰ ਕੌਰ ਸੰਘੇੜਾ, ਕਾ. ਜਸਵੀਰ ਸਿੰਘ ਸ਼ੀਰਾ ਜੌਹਲ, ਕੁਲਵਿੰਦਰ ਕੌਰ ਬੁੱਟਰ, ਪਰਮਜੀਤ ਕਲਸੀ, ਸੰਤ ਸੰਧੂ, ਕੇਸਰ, ਹਰਮੇਸ਼ ਮਾਲੜੀ, ਵਿਜੈ ਬੰਬੇਲੀ, ਰਣਜੀਤ ਸਿੰਘ ਔਲਖ, ਐਡਵੋਕੇਟ ਰਾਜਿੰਦਰ ਮੰਡ, ਕਾ. ਗੁਰਦਰਸ਼ਨ ਬੀਕਾ, ਨਰਾਇਣ ਸਿੰਘ ਨਾਮਧਾਰੀ, ਕਾ. ਗੁਰਨਾਮ ਦਾਊਦ, ਡਾ. ਰਾਮ ਮੂਰਤੀ, ਪੀ.ਐਸ.ਯੂ. ਦੇ ਆਗੂ ਮੰਗਲਜੀਤ, ਰਮਨਦੀਪ, ਜਸਬੀਰ ਕੌਰ, ਕਾ. ਪੁਸ਼ਕਰ, ਕਾ. ਕਸ਼ਮੀਰ ਘੁੱਗਸ਼ੋਰ ਸਮੇਤ ਵੱਡੀ ਗਿਣਤੀ ਵਿੱਚ ਵਿਚਾਰਵਾਨਾਂ ਨੇ ਸ਼ਿਰਕਤ ਕੀਤੀ। ਸਮਾਗਮ ਦੇ ਅਖੀਰ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਵਿੱਤ ਸਕੱਤਰ ਇੰਜ. ਸੀਤਲ ਸਿੰਘ ਸੰਘਾ ਨੇ ਹਾਜ਼ਰ ਸਰੋਤਿਆਂ ਦਾ ਧੰਨਵਾਦ ਕੀਤਾ।



# ਨਿਕਸ਼ੇ ਮਿੱਤਰ ਬਣ ਕੇ ਟੀਬੀ ਰੋਗੀਆਂ ਦਾ ਬਣਿਆ ਜਾਵੇ ਸਹਾਰਾ : ਏ ਡੀ ਸੀ ਰਾਜੀਵ ਵਰਮਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਅੱਜ ਸਿਹਤ ਵਿਭਾਗ ਦੇ ਰਾਸ਼ਟਰੀ ਅਤੇ ਸੂਬਾਈ ਸਿਹਤ ਪ੍ਰੋਗਰਾਮਾਂ ਸਮੇਤ ਪ੍ਰਧਾਨ ਮੰਤਰੀ ਟੀਬੀ ਮੁਕਤ ਅਭਿਆਨ ਤਹਿਤ ਟੀ ਬੀ ਰੋਗੀਆਂ ਦੀ ਮਦਦ ਕਰਨ ਲਈ ਨਿਕਸ਼ੇ ਮਿੱਤਰ ਬਣਨ, ਡੇਂਗੂ ਦੀ ਬਿਮਾਰੀ ਦੀ ਰੋਕਥਾਮ ਲਈ ਢੁੱਕਵੇਂ ਕਦਮ ਉਠਾਉਣ ਸਮੇਤ ਵੱਖ-ਵੱਖ ਸਿਹਤ ਪ੍ਰੋਗਰਾਮਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਲਈ ਸਮੂਹ ਪ੍ਰੋਗਰਾਮ ਅਫ਼ਸਰਾਂ ਅਤੇ ਸੀਨੀਅਰ ਮੈਡੀਕਲ ਅਫਸਰਾਂ ਸਮੇਤ ਭਾਈਵਾਲ ਵਿਭਾਗਾਂ ਦੇ ਨੁਮਾਇੰਦਿਆਂ ਨਾਲ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮਹੀਨਾਵਾਰ ਸਮੀਖਿਆ ਮੀਟਿੰਗ ਕੀਤੀ।



ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮੀਟਿੰਗ ਵਿਚ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਵਿਸ਼ਵ ਸਿਹਤ ਸੰਗਠਨ ਦੇ ਕੰਸਲਟੈਂਟ ਡਾ। ਦਿਵਯਾਂਸ਼ੂ ਸ਼ੁਕਲਾ ਦੀ ਬੇਨਤੀ 'ਤੇ ਸਮਾਜ ਸੇਵਕਾਂ, ਗੈਰ-ਸਰਕਾਰੀ ਸੰਗਠਨਾਂ, ਸਿਹਤ ਅਧਿਕਾਰੀਆਂ, ਜ਼ਿਲ੍ਹਾ ਨਿਵਾਸੀਆਂ ਨੂੰ ਪ੍ਰਧਾਨ ਮੰਤਰੀ ਟੀਬੀ ਮੁਕਤ ਅਭਿਆਨ ਤਹਿਤ ਟੀਬੀ ਰੋਗੀਆਂ ਦੀ ਇਸ ਬਿਮਾਰੀ ਤੋਂ ਉਭਰਨ ਵਿਚ ਮਦਦ ਕਰਨ ਲਈ ਨਿਕਸ਼ੇ ਮਿੱਤਰ ਬਣਨ ਦਾ ਸੱਦਾ ਦਿੱਤਾ। ਲੋੜਵੰਦ ਟੀਬੀ ਮਰੀਜ਼ਾਂ ਦੀ ਸਹਾਇਤਾ ਲਈ ਅੱਗੇ ਆਉਣ ਵਾਲੇ ਵਿਅਕਤੀ ਜਾਂ ਸੰਸਥਾ ਨੂੰ ਨਿਕਸ਼ੇ ਮਿੱਤਰ ਕਿਹਾ ਜਾਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਵਿਚੋਂ ਸਾਲ 2025 ਤੱਕ ਟੀਬੀ ਦੀ ਬਿਮਾਰੀ ਨੂੰ ਖਤਮ ਕਰਨ ਦੇ ਉਦੇਸ਼ ਨਾਲ ਪ੍ਰਧਾਨ ਮੰਤਰੀ ਟੀਬੀ ਮੁਕਤ ਅਭਿਆਨ ਤਹਿਤ ਕਿਸੇ ਵਿਅਕਤੀ, ਕਿਸੇ ਚੁਣੇ ਹੋਏ ਪ੍ਰਤੀਨਿਧੀ ਜਾਂ ਕਿਸੇ ਗੈਰ-ਸਰਕਾਰੀ ਸੰਸਥਾ ਵੱਲੋਂ ਕਿਸੇ ਵੀ ਲੋੜਵੰਦ ਟੀਬੀ ਮਰੀਜ਼ ਨੂੰ ਗੋਦ ਲਿਆ ਜਾ ਸਕਦਾ ਹੈ। ਇਸ ਅਭਿਆਨ ਤਹਿਤ ਨਿਕਸ਼ੇ ਮਿੱਤਰਾ ਵੱਲੋਂ ਲੋੜਵੰਦ ਮਰੀਜ਼ ਨੂੰ ਡਾਈਟ ਕਿੱਟ ਪ੍ਰਦਾਨ ਕੀਤੀ ਜਾਂਦੀ ਹੈ ਤਾਂ ਜੋ ਉਹ ਪੌਸ਼ਟਿਕ ਭੋਜਨ ਖਾ ਕੇ ਇਸ ਬਿਮਾਰੀ ਨੂੰ ਮਾਤ ਦੇਣ ਵਿਚ ਕਾਮਯਾਬ ਹੋ ਸਕਣ। ਟੀ।ਬੀ। ਦੇ ਮਰੀਜ਼ਾਂ ਨੂੰ ਕਮਿਊਨਿਟੀ ਵੱਲੋਂ ਘੱਟੋ ਘੱਟ ਛੇ ਮਹੀਨੇ ਲਈ ਅਪਨਾਉਣਾ ਲਾਜ਼ਮੀ ਹੁੰਦਾ ਹੈ। ਜੋ ਵੀ ਵਿਅਕਤੀ, ਪ੍ਰਤੀਨਿਧੀ, ਸੰਸਥਾ ਜਾਂ ਕਾਰਪੋਰੇਸ਼ਨ ਕਿਸੇ ਟੀਬੀ ਦੇ ਮਰੀਜ਼ ਨੂੰ ਗੋਦ ਲੈਣ ਜਾਂ ਆਪਣਾ ਸਮਰਥਨ ਦੇਣ ਲਈ ਇਛੁੱਕ ਹੈ, ਉਹ ://।। ਉੱਪਰ ਪਹੁੰਚ ਕੇ ਆਪਣੇ-ਆਪ ਨੂੰ ਰਜਿਸਟਰਡ ਕਰਵਾ ਸਕਦੀ ਹੈ। ਉਨ੍ਹਾਂ ਨੇ ਅਪੀਲ ਕੀਤੀ ਕਿ ਟੀਬੀ ਦੇ ਮਰੀਜ਼ਾਂ ਨੂੰ ਨਿਕਸ਼ੇ ਮਿੱਤਰ ਬਣ ਕੇ ਵੱਧ ਤੋਂ ਵੱਧ ਸਮਰਥਨ ਦੇਣ ਨੂੰ ਯਕੀਨੀ ਬਣਾਉਣ। ਉਨ੍ਹਾਂ ਟੀਬੀ ਦੇ ਰੋਗੀਆਂ ਦੀ ਸਹਾਇਤਾ ਲਈ ਹਰ ਵਿਅਕਤੀ, ਹਰ ਸੰਸਥਾ, ਸਿਵਲ ਸੁਸਾਇਟੀ ਨਾਲ ਜੁੜੇ ਪ੍ਰਤੀਨਿਧੀਆਂ ਨੂੰ ਇਹ ਪ੍ਰਣ ਲੈਣ ਦੀ ਬੇਨਤੀ ਕੀਤੀ ਅਤੇ ਕਿਹਾ ਕਿ ਉਹ ਟੀਬੀ ਮੁਕਤ ਭਾਰਤ ਬਣਾਉਣ ਵਿੱਚ ਆਪਣੀ ਸਰਗਰਮ ਭੂਮਿਕਾ ਨਿਭਾਉਣ।

ਆਮ ਆਦਮੀ ਕਲੀਨਿਕਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਦੇ ਹੋਏ ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਪਿਛਲੇ ਸਮੇਂ ਸ਼ੁਰੂ ਕੀਤੇ ਗਏ 11 ਆਮ ਆਦਮੀ ਕਲੀਨਿਕਾਂ ਵਿੱਚ ਹੁਣ ਤੱਕ 14989 ਤੋਂ ਵੱਧ ਲੋਕਾਂ ਨੇ ਮੁਫ਼ਤ ਇਲਾਜ ਦਾ ਲਾਭ ਲਿਆ ਹੈ ਅਤੇ ਕਰੀਬ 1870 ਮਰੀਜ਼ਾਂ ਦੇ ਵੱਖ-ਵੱਖ ਤਰ੍ਹਾਂ ਦੇ ਕਲੀਨੀਕਲ ਟੈਸਟ ਮੁਫ਼ਤ ਕੀਤੇ ਜਾ ਚੁੱਕੇ ਹਨ। ਸ੍ਰੀ ਰਾਜੀਵ ਵਰਮਾ ਨੇ ਅੱਗੇ ਕਿਹਾ ਕਿ ਜ਼ਿਲ੍ਹੇ ਵਿਚ ਭਰੂਣ ਹੱਤਿਆ ਦੀ ਰੋਕਥਾਮ ਲਈ ਗਰਭਵਤੀ ਔਰਤਾਂ ਦੀ ਸਮੇਂ ਸਿਰ ਰਜਿਸ਼ਟ੍ਰੇਸ਼ਨ ਯਕੀਨੀ ਬਣਾਈ ਜਾਵੇ ਤਾਂ ਜੋ ਉਨ੍ਹਾਂ ਨੂੰ ਨਿਗਰਾਨੀ ਸਿਸਟਮ ਵਿਚ ਲਿਆਂਦਾ ਜਾ ਸਕੇ।

ਉਨ੍ਹਾਂ ਫੂਡ ਸੇਫਟੀ ਵਿੰਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਜਿੱਥੇ ਕਿਤੇ ਕੋਈ ਮਿਲਾਵਟ ਦਾ ਸ਼ੱਕ ਹੋਵੇ ਤਾਂ ਉਸ ਦੇ ਨਮੂਨੇ ਲੈ ਕੇ ਜਾਂਚ ਲਈ ਭੇਜੇ ਜਾਣ ਅਤੇ ਮਿਲਾਵਟ ਖੋਰਾ ਖਿਲਾਫ ਸਖਤ ਕਾਰਵਾਈ ਅਮਲ ਵਿਚ ਲਿਆਂਦੀ ਜਾ ਸਕੇ। ਸਰਕਾਰੀ ਸਕੂਲਾਂ ਵਿਚ ਪੜ੍ਹਦੇ ਅਤੇ ਆਂਗਣਵਾੜੀਆਂ ਵਿਚ ਰਜਿਸਟਰਡ 0 ਤੋਂ 18 ਸਾਲ ਤੱਕ ਦੇ ਬਿਮਾਰ ਬੱਚਿਆਂ ਦਾ ਸਿਹਤ ਵਿਭਾਗ ਦੀਆਂ ਮੋਬਾਇਲ ਸਿਹਤ ਟੀਮਾਂ ਮਿੱਥੇ ਸਮੇਂ 'ਚ ਇਲਾਜ ਯਕੀਨੀ ਬਣਾਉਣ।

# ਨਗਰ ਨਿਗਮ ਦੇ ਕਰਮਚਾਰੀਆਂ ਨੇ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਦੀ ਚੁੱਕੀ ਸਹੁੰ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਨਗਰ ਨਿਗਮ ਹੁਸਿਆਰਪੁਰ ਦੇ ਮੇਅਰ ਸੁਰਿੰਦਰ ਕੁਮਾਰ ਨੇ ਅੱਜ ਨਗਰ ਨਿਗਮ ਹੁਸ਼ਿਆਰਪੁਰ ਦੇ ਦਫਤਰ ਵਿਖੇ ਸਵੱਛ ਭਾਰਤ ਮਿਸ਼ਨ ਤਹਿਤ ਚੱਲ ਰਹੀ ਸਵੱਛ ਉਤਸਵ ਮੁਹਿੰਮ ਤਹਿਤ ਨਗਰ ਨਿਗਮ ਹੁਸ਼ਿਆਰਪੁਰ ਦੇ ਸਟਾਫ ਸਹਿਤ ਸਹੁੰ ਚੁੱਕ ਸਮਾਗਮ ਕਰਵਾਇਆਂ ਗਿਆ, ਜਿਸ ਵਿੱਚ ਨਗਰ ਨਿਗਮ ਦੇ ਸਮੂਹ ਕਰਮਚਾਰੀਆਂ ਨੇ ਹਿੱਸਾ ਲੈਂਦੇ ਹੋਏ ਆਪਣੇ ਸ਼ਹਿਰ ਨੂੰ ਸਾਫ-ਸੁਥਰਾ ਰੱਖਣ ਦੀ ਸਹੁੰ ਚੁੱਕੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਸ਼ਹਿਰ ਨੂੰ ਸਾਫ-ਸੁਥਰਾ ਰੱਖਣ ਵਿੱਚ ਨਗਰ ਨਿਗਮ ਹੁਸ਼ਿਆਰਪੁਰ ਦਾ ਸਾਥ ਦੇਣ ਅਤੇ ਆਪਣੇ ਘਰ ਦਾ ਕੂੜਾ ਅਲੱਗ -ਅਲੱਗ ਕਰਕੇ ਹੀ ਆਪਣੇ ਸਫਾਈ ਸੇਵਕ ਨੂੰ ਦੇਣ। ਉਨ੍ਹਾਂ ਕਿਹਾ ਕਿ ਉਹ ਘਰ ਦੇ ਕੂੜੇ ਨੂੰ ਬਾਹਰ ਨਾ ਸੁੱਟਣ ਅਤੇ ਨਾ ਹੀ ਅੱਗ ਲਗਾਉਣ ਅਤੇ ਸਿੰਗਲ ਯੂਜ ਪਲਾਸਟਿਕ ਤੋਂ ਬਣੀਆਂ ਵਸਤੂਆਂ ਦੀ ਵਰਤੋਂ ਨਾ ਕਰਨ ਅਤੇ ਖਰੀਦਦਾਰੀ ਕਰਨ ਸਮੇਂ ਆਪਣਾ ਕੱਪੜੇ ਦਾ ਥੈਲਾ ਘਰ ਤੋਂ ਹੀ ਲੈ ਕੇ ਜਾਣ ।

# ਬੇਰੁਜ਼ਗਾਰ ਓਵਰਏਜ ਯੂਨੀਅਨ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਦੇ ਘਿਰਾਓ ਦਾ ਐਲਾਨ

**ਸੰਗਰੂਰ, (ਦਲਜੀਤ ਕੌਰ)** ਓਵਰਏਜ ਬੇਰੁਜ਼ਗਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਰਮਨ ਕੁਮਾਰ ਮਲੋਟ ਅਤੇ ਮਲਟੀਪਰਪਜ ਹੈਲਥ ਵਰਕਰ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਢਿੱਲਵਾਂ ਦੀ ਅਗਵਾਈ ਹੇਠ ਓਵਰਏਜ ਬੇਰੁਜ਼ਗਾਰ 7 ਅਪ੍ਰੈਲ ਨੂੰ ਸੀ ਐਮ ਭਗਵੰਤ ਮਾਨ ਦੀ ਸੰਗਰੂਰ ਰਿਹਾਇਸ਼ ਦਾ ਘਿਰਾਓ ਕਰਨਗੇ। ਬੇਰੁਜ਼ਗਾਰਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਸਿੱਖਿਆ ਅਤੇ ਸਿਹਤ ਮਹਿਕਮੇ ਵਿੱਚ ਉਮਰ ਹੱਦ ਛੋਟ ਦੇ ਕੇ ਖਾਲੀ ਪਈਆਂ ਅਸਾਮੀਆਂ ਦਾ ਇਸ਼ਤਿਹਾਰ ਜਲਦੀ ਜਾਰੀ ਕੀਤਾ ਜਾਵੇ।

ਬੇਰੁਜ਼ਗਾਰ ਆਗੂਆਂ ਨੇ ਮੰਗ ਕੀਤੀ ਕਿ ਨਿਯਮਾਂ ਵਿੱਚ ਸੋਧ ਕਰਕੇ ਭਰਤੀ ਦੀ ਉਮਰ ਹੱਦ 37 ਤੋ ਵਧਾ ਕੇ 42 ਸਾਲ ਕੀਤੀ ਜਾਵੇ, ਉਮਰ ਹੱਦ ਪਾਰ ਕਰ ਚੁੱਕੇ ਸਾਰੇ ਬੇਰੁਜ਼ਗਾਰਾਂ ਨੂੰ ਘੱਟੋ ਘੱਟ ਇੱਕ ਮੌਕਾ ਦਿੱਤਾ ਜਾਵੇ ਅਤੇ ਸਾਰੇ ਵਿਭਾਗਾਂ ਵਿੱਚ ਖਾਲੀ ਪਈਆਂ ਸਾਰੀਆਂ ਅਸਾਮੀਆਂ ਦੇ ਇਸ਼ਤਿਹਾਰ ਜਾਰੀ ਕੀਤੇ ਜਾਣ।




ਬੇਰੁਜ਼ਗਾਰ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਵਾਰ ਵਾਰ ਸਟੇਜਾਂ ਉੱਤੇ ਓਵਰਏਜ ਬੇਰੁਜ਼ਗਾਰਾਂ ਲਈ ਉਮਰ ਹੱਦ ਵਧਾਉਣ ਦੀ ਗੱਲ ਕੀਤੀ ਜਾਦੀ ਹੈ, ਪਰ ਸਰਕਾਰ ਨੇ ਮਾਸਟਰ ਕੇਡਰ 4161 ਅਤੇ ਈ ਟੀ ਟੀ 5994 ਪੋਸਟਾਂ ਵਿੱਚ ਸਰਕਾਰ ਵੱਲੋਂ ਲਾਰਾ ਲਾਉਣ ਦੇ ਬਾਵਜੂਦ ਉਮਰ ਹੱਦ ਛੋਟ ਨਹੀਂ ਦਿੱਤੀ ਗਈ। ਸਰਕਾਰ ਦੀ ਇਸ ਵਾਅਦਾ ਖਿਲਾਫੀ ਕਰਕੇ ਅਤੇ ਆਪਣੀਆਂ ਮੰਗਾਂ ਮਨ-ਵਾਉਣ ਲਈ 23 ਮਾਰਚ ਇਨਕਲਾਬੀ ਸ਼ਹੀਦਾਂ ਦੇ ਸ਼ਹੀਦੀ ਦਿਹਾੜੇ ਮੌਕੇ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ ਸੀ ਪਰ ਉਸ ਸਮੇਂ ਦੇ ਹਲਾਤਾਂ ਨੂੰ ਦੇਖਦਿਆਂ ਹੋਇਆਂ ਅਤੇ ਸੰਗਰੂਰ ਪ੍ਰਸ਼ਾਸਨ ਨਾਲ ਗੱਲਬਾਤ ਕਰਨ ਤੋਂ ਬਾਅਦ ਘਿਰਾਓ ਮੁਲਤਵੀ ਕਰ ਦਿੱਤਾ ਗਿਆ ਸੀ ਪਰ ਹੁਣ 7 ਅਪ੍ਰੈਲ ਨੂੰ ਸੀ ਐਮ ਮਾਨ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੇਸ਼ ਕੀਤਾ 11,64 ਅਰਬ ਰੁਪਏ ਦਾ ਸਾਲਾਨਾ ਬਜਟ

**ਅੰਮ੍ਰਿਤਸਰ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਲਾਨਾ ਬਜਟ ਸਾਲ 2023-24 ਦੀ ਜਰਨਲ ਇਕੱਤਰਤਾ ਸ਼ੁਰੂ ਹੋ ਗਈ ਹੈ। ਅਰਦਾਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕੀਤੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਹੁਕਮਨਾਮਾ ਲਿਆ। ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਨੇ ਦਿੱਤੀ। ਬਜਟ ਸ਼੍ਰੋਮਣੀ ਕਮੇਟੀ ਦੇ ਜਰਨਲ ਸਕੱਤਰ ਭਾਈ ਗੁਰਚਰਨ ਸਿੰਘ ਨੇ ਪੇਸ਼ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜਨਰਲ ਇਜਲਾਸ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਵੱਲੋਂ ਬਜਟ ਪੇਸ਼ ਕੀਤਾ ਜਾਵੇਗਾ। ਬਜਟ ਇਜਲਾਸ ਵਿਚ ਸ਼੍ਰੋਮਣੀ ਕਮੇਟੀ ਅਹੁਦੇਦਾਰ ਤੇ ਮੈਂਬਰ ਸ਼ਾਮਲ ਹੋਏ ਹਨ। ਇਸ ਸਾਲ ਦਾ ਬਜਟ ਹਰਿਆਣਾ ਦੇ ਗੁਰਦੁਆਰਿਆਂ ਤੋਂ ਵੱਖ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣਾ ਇਸ ਸਾਲ ਦਾ ਬਜਟ 10615 ਕਰੋੜ ਰੁਪਏ ਪਹਿਲਾਂ ਹੀ ਪਾਸ ਕਰ ਲਿਆ ਹੈ।

ਸ਼੍ਰੋਮਣੀ ਕਮੇਟੀ ਵੱਲੋਂ 11 ਅਰਬ 6 ਕਰੋੜ 4 ਲੱਖ 55 ਹਜ਼ਾਰ 439 ਰੁਪਏ ਦਾ ਬਜਟ ਪੇਸ਼ ਕੀਤਾ ਗਿਆ ਹੈ ਜਿਸ ਵਿਚ ਗੁਰਦੁਆਰਾ ਸਾਹਿਬਾਨ ਲਈ 8 ਅਰਬ 55 ਕਰੋੜ 39 ਲੱਖ ਰੁਪਏ ਦਾ ਬਜਟ ਰੱਖਿਆ ਗਿਆ ਹੈ। ਸਾਲਾਨਾ ਬਜਟ 2023-24 ਵਿੱਚੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਸ ਸਾਲ ਦਾ ਬਜਟ 10615 ਕਰੋੜ ਰੁਪਏ ਘੱਟ ਜਾਣ ਕਾਰਨ ਇਹ ਬਜਟ 11 ਅਰਬ 6 ਕਰੋੜ 4 ਲੱਖ 55 ਹਜ਼ਾਰ 439 ਰੁਪਏ ਦਾ ਰਹਿ ਗਿਆ ਹੈ। ਇਸ ਵਾਰ 32 ਕਰੋੜ 9 ਲੱਖ 98 ਹਜ਼ਾਰ 942 ਰੁਪਏ ਬਜਟ 'ਚ ਵੱਧ ਹੋਣ ਦਾ ਅਨੁਮਾਨ ਹੈ। ਬਜਟ 'ਚ ਵਿਦਿਅਕ ਅਦਾਰਿਆਂ ਦਾ ਘਾਟਾ 29 ਕਰੋੜ 80 ਲੱਖ 98 ਹਜ਼ਾਰ 862 ਰੁਪਏ ਹੈ।

**ਬਜਟ ਗੁਰਦੁਆਰਾ ਸਾਹਿਬਾਨ ਦਫਾ–85 ਹਰਿਆਣਾ ਰਾਜ**

ਹਰਿਆਣਾ ਰਾਜ ਵਿੱਚ ਇਸ ਸਮੇਂ ਅੱਠ ਗੁਰਦੁਆਰਾ ਸਾਹਿਬਾਨ ਹਨ। ਇਨ੍ਹਾਂ ਵਿੱਚੋਂ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਨੌਵੀਂ ਚੀਕਾ (ਕੈਥਲ) ਦਾ ਕੇਸ ਮਾਨਯੋਗ ਸੁਪਰੀਮ ਕੋਰਟ ਵਿੱਚ ਹੋਣ ਕਰਕੇ ਪ੍ਰਬੰਧ ਪਹਿਲਾਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਨਹੀਂ ਸੀ। ਹੁਣ ਹਰਿਆਣਾ ਸਰਕਾਰ ਵੱਲੋਂ ਗੁਰਦੁਆਰਾ ਐਕਟ ਦਾ ਉਲੰਘਣ ਕਰਕੇ ਗਲਤ ਢੰਗ ਨਾਲ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ ਹੈ। ਸਰਕਾਰ ਦੀ ਸ਼ਹਿ 'ਤੇ ਇਸ ਕਮੇਟੀ ਨੇ ਹਰਿਆਣਾ ਰਾਜ ਦੇ ਸਾਰੇ ਸੈਕਸਨ 85 ਦੇ ਅੱਠ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਜਬਰੀ ਅਤੇ ਗੈਰ-ਕਨੂੰਨੀ ਤਰੀਕੇ ਨਾਲ ਖੋਹ ਲਿਆ ਹੈ। ਹਰਿਆਣਾ ਰਾਜ ਦੇ ਗੁਰਦੁਆਰਾ ਸਾਹਿਬਾਨ ਦਾ ਕੁਲ ਬਜਟ ਸਤਵਿੰਜਾ ਕਰੋੜ ਗਿਆਰਾਂ ਲੱਖ ਰੁਪਏ ਹੈ।

1- ਗੁਰਦੁਆਰਾ ਪਾਤਸ਼ਾਹੀ ਦਸਵੀਂ ਨਾਡਾ ਸਾਹਿਬ, ਪੰਚਕੂਲਾ =19 ਕਰੋੜ ਰੁਪਏ।

2- ਗੁਰਦੁਆਰਾ ਪਾਤਸ਼ਾਹੀ ਅੱਠਵੀਂ ਪੰਜੋਖਰਾ ਸਾਹਿਬ, ਅੰਬਾਲਾ 13 ਕਰੋੜ ਰੁਪਏ।

3- ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧਮਤਾਨ ਸਾਹਿਬ 8 ਕਰੋੜ 70 ਲੱਖ ਰੁਪਏ।

4- ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀਂਦ 6 ਕਰੋੜ 90 ਲੱਖ ਰੁਪਏ।

5- ਗੁਰਦੁਆਰਾ ਪਾਤਸ਼ਾਹੀ ਛੇਵੀਂ ਥਾਨੇਸਰ (ਕੁਰਕਸ਼ੇਤਰ)

6- ਗੁਰਦੁਆਰਾ ਮੰਜੀ ਸਾਹਿਬ ਅੰਬਾਲਾ 4 ਕਰੋੜ 8 ਲੱਖ ਰੁਪਏ।

7- ਗੁਰਦੁਆਰਾ ਪਾਤਸ਼ਾਹੀ ਪਹਿਲੀ ਤੇ ਦਸਵੀਂ ਕਪਾਲ ਮੋਚਨ 3 ਕਰੋੜ 25 ਲੱਖ ਰੁਪਏ।

ਹਰਿਆਣਾ ਰਾਜ ਦੇ ਦਫਾ 85 ਦੇ ਗੁਰਦੁਆਰਾ ਸਾਹਿਬਾਨ ਪਾਸੋਂ ਸਾਲ 2023-2024 ਲਈ ਫੰਡਜ਼ ਅਤੇ ਸਹਾਇਤਾ 17 ਕਰੋੜ 43 ਲੱਖ 46 ਹਜ਼ਾਰ 138 ਰੁਪਏ ਨੀਯਤ ਹੋਏ ਹਨ। ਜੇਕਰ ਇਨ੍ਹਾਂ ਗੁਰਦੁਆਰਾ ਸਾਹਿਬਾਨ ਤੋਂ ਨੀਯਤ ਫੰਡਜ ਜਮ੍ਹਾਂ ਹੋ ਜਾਂਦੇ ਹਨ ਤਾਂ ਇਨ੍ਹਾਂ ਨੂੰ ਮੀਰੀ-ਪੀਰੀ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਸ਼ਾਹਬਾਦ-ਮਾਰਕੰਡਾ, ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਸ੍ਰੀ ਫਤਹਿਗੜ੍ਹ ਸਾਹਿਬ, ਵਿਦਿਅਕ ਅਦਾਰਿਆਂ ਦੀਆਂ ਇਮਾਰਤਾਂ ਦੇ ਰੰਗ ਰੋਗਨ, ਹਰਿਆਣਾ ਰਾਜ ਦੇ ਵਿਦਿਅਕ ਅਦਾਰਿਆਂ ਲਈ ਸਹਾਇਤਾ, ਗੋਲਡਨ ਆਫਸੈਟ ਪ੍ਰੈਸ ਲਈ ਸਹਾਇਤਾ, ਗਰੀਬ ਅਤੇ ਜਰੂਰਤਮੰਦ ਲੋਕਾਂ ਲਈ ਸਹਾਇਤਾ, ਆਦਿ ਲਈ ਵਰਤਿਆ ਜਾਵੇਗਾ।

**ਲਿਆਂਦੇ ਗਏ ਇਹ ਮਤੇ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦਾ ਜਨਰਲ ਇਜਲਾਸ ਸਿੱਖਾਂ ਨੂੰ ਆਪਣੇ ਬੱਚਿਆਂ ਦੇ ਨਾਮ ਰੱਖਣ ਸਮੇਂ 'ਸਿੰਘ' ਅਤੇ 'ਕੌਰ' ਲਗਾਉਣ ਨੂੰ ਯਕੀਨੀ ਬਣਾਉਣ ਦੀ ਅਪੀਲ ਕਰਦਾ ਹੈ। ਸਿੱਖਾਂ ਵੱਲੋਂ ਆਪਣੇ ਬੱਚਿਆਂ ਦੇ ਨਾਮ 'ਸਿੰਘ' ਅਤੇ 'ਕੌਰ' ਤੋਂ ਬਿਨਾਂ ਰੱਖਣ ਦਾ ਰੁਝਾਨ ਸਿੱਖ ਰੀਤੀ ਰਿਵਾਜਾਂ ਅਤੇ ਸਿੱਖ ਰਹਿਤ ਮਰਯਾਦਾ ਦੇ ਵਿਰੁੱਧ ਹੈ। ਇਸ ਸੰਜੀਦਾ ਮਾਮਲੇ 'ਤੇ ਸਿੱਖ ਆਪੋ-ਆਪਣੀ ਜ਼ੁੰਮੇਵਾਰੀ ਸੁਹਿਰਦਤਾ ਨਾਲ ਨਿਭਾਉਣ।




ਇਸੇ ਤਰ੍ਹਾਂ ਹੀ ਸੋਸ਼ਲ ਮੀਡੀਆ ਉੱਤੇ ਹਰ ਸਿੱਖ ਆਪਣੇ ਖਾਤਿਆਂ ਵਿਚ ਆਪਣੇ ਨਾਮ ਨਾਲ 'ਸਿੰਘ' ਤੇ 'ਕੌਰ' ਜ਼ਰੂਰ ਲਿਖੇ। ਮੀਡੀਆ ਅਦਾਰਿਆਂ ਨੂੰ ਵੀ ਅਪੀਲ ਹੈ ਕਿ ਸਿੱਖ ਸ਼ਖ਼ਸੀਅਤਾਂ ਦੇ ਨਾਮ 'ਸਿੰਘ ਅਤੇ 'ਕੌਰ' ਸਮੇਤ ਹੀ ਲਿਖੇ/ਪੜ੍ਹੇ/ਪ੍ਰਕਾਸ਼ਤ ਕੀਤੇ ਜਾਣ।

ਗੁਰਦੁਆਰਾ ਸਾਹਿਬਾਨ ਅੰਦਰ ਪੁੱਜਦੀ ਸੰਗਤ ਵੱਲੋਂ ਗੁਰੂ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਵਜੋਂ ਰੁਮਾਲਾ ਸਾਹਿਬ ਭੇਟ ਕੀਤੇ ਜਾਂਦੇ ਹਨ। ਪਰੰਤੂ ਮੌਜੂਦਾ ਸਮੇਂ ਗੁਰਦੁਆਰਾ ਸਾਹਿਬਾਨ ਅੰਦਰ ਸੰਗਤ ਵੱਲੋਂ ਚੜ੍ਹਾਏ ਜਾਂਦੇ ਰੁਮਾਲਾ ਸਾਹਿਬ ਦੀ ਬਹੁਤਾਤ ਕਾਰਨ ਇਨ੍ਹਾਂ ਦੀ ਸਾਂਭ-ਸੰਭਾਲ ਵਿਚ ਦਿੱਕਤ ਆਉਂਦੀ ਹੈ। ਰੁਮਾਲਾ ਸਾਹਿਬ ਦੀ ਮਰਯਾਦਾ ਦਾ ਸਿੱਖ ਪ੍ਰੰਪਰਾ ਵਿਚ ਅਹਿਮ ਅਸਥਾਨ ਹੈ ਅਤੇ ਰਹੇਗਾ, ਲੇਕਿਨ ਲੋੜ ਤੋਂ ਵੱਧ ਰੁਮਾਲਾ ਸਾਹਿਬ ਦੀ ਸਾਂਭ-ਸੰਭਾਲ ਸਮੇਂ ਆਉਂਦੀ ਮੁਸ਼ਕਲ ਦਾ ਹੱਲ ਵੀ ਜ਼ਰੂਰੀ ਹੈ।

ਇਸ ਲਈ ਸੰਗਤ ਨੂੰ ਲੋੜ ਅਨੁਸਾਰ ਹੀ ਰੁਮਾਲਾ ਸਾਹਿਬ ਭੇਟ ਕਰਨ ਲਈ ਪ੍ਰੇਰਣਾ ਸਮੇਂ ਦੀ ਵੱਡੀ ਲੋੜ ਹੈ। ਗੁਰੂ ਸਾਹਿਬ ਨੂੰ ਨਤਮਸਤਕ ਹੋਣ ਮੌਕੇ ਸੰਗਤ ਵੱਲੋਂ ਸਤਿਕਾਰ ਭੇਟ ਕਰਨ ਵਾਸਤੇ ਅਜਿਹੇ ਜ਼ਰੂਰੀ ਕਾਰਜਾਂ ਲਈ ਰੁਚਿਤ ਕਰਨ ਦੀ ਜ਼ਰੂਰਤ ਹੈ, ਜਿਸ ਨਾਲ ਸਿੱਖ ਕੌਮ ਦੀ ਭਲਾਈ ਅਤੇ ਚੜ੍ਹਦੀ ਕਲਾ ਹੋ ਸਕੇ। ਮੌਜੂਦਾ ਸਮਾਂ ਬੌਧਿਕ ਤੌਰ 'ਤੇ ਅੱਗੇ ਵਧਣ ਦਾ ਹੈ, ਜਿਸ ਲਈ ਸਿੱਖ ਨੌਜੁਆਨੀ ਅੰਦਰ ਚੇਤਨਾ ਦਾ ਪ੍ਰਚਾਰ ਪ੍ਰਸਾਰ ਅਤਿ ਲਾਜ਼ਮੀ ਹੈ। ਸਿੱਖਿਆ ਦੇ ਖੇਤਰ ਵਿਚ ਪ੍ਰਾਪਤੀਆਂ ਅਤੇ ਪ੍ਰਸ਼ਾਸਕੀ ਸੇਵਾਵਾਂ ਵਿਚ ਹੋਂਦ ਤੋਂ ਬਿਨਾਂ ਕੌਮ ਦੀ ਚੜ੍ਹਦੀ ਕਲਾ ਦਾ ਕਿਆਸ ਨਹੀਂ ਕੀਤਾ ਜਾ ਸਕਦਾ। ਇਸ ਦੇ ਮੱਦੇਨਜ਼ਰ ਸੰਗਤਾਂ ਨੂੰ ਅਪੀਲ ਹੈ ਕਿ ਗੁਰੂ ਘਰਾਂ ਅੰਦਰ ਲੋੜੀਂਦੇ ਰੁਮਾਲਾ ਸਾਹਿਬ ਹੀ ਭੇਟ ਕੀਤੇ ਜਾਣ ਅਤੇ ਇਸ ਤੋਂ ਇਲਾਵਾ ਆਪਣੇ ਦਸਵੰਧ ਦੀ ਭੇਟਾ ਵਿੱਚੋਂ ਸਿੱਖ ਨੌਜੁਆਨੀ ਨੂੰ ਪ੍ਰਸ਼ਾਸਕੀ ਸੇਵਾਵਾਂ ਵੱਲ ਲੈਜਾਣ ਲਈ ਮੱਦਦ ਕੀਤੀ ਜਾਵੇ। ਇਹ ਰੁਝਾਨ ਸਿੱਖ ਕੌਮ ਲਈ ਬੇਹੱਦ ਅਹਿਮ ਸਾਬਤ ਹੋਵੇਗਾ।

ਸਿੱਖ ਕੌਮ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲਾਂ ਹੀ ਹਰ ਸਾਲ ਸਿੱਖ ਨੌਜੁਆਨਾਂ ਨੂੰ ਆਈਏਐਸ, ਆਈਪੀਐਸ, ਪੀਪੀਸੀਐਸ, ਆਈਐਫਐਸ ਆਦਿ ਮੁਕਾਬਲਾ ਪ੍ਰੀਖਿਆਵਾਂ ਦੀ ਮੁਫ਼ਤ ਕੋਚਿੰਗ ਦੇਣ ਦਾ ਅਮਲ ਅਰੰਭਿਆ ਜਾ ਚੁੱਕਾ ਹੈ। ਸਿੱਖ ਕੌਮ ਇਸ ਵਿਚ ਯਥਾਸ਼ਕਤ ਹਿੱਸਾ ਪਾਵੇ, ਤਾਂ ਜੋ ਭਵਿੱਖ ਅੰਦਰ ਹਰ ਖੇਤਰ ਵਿਚ ਸਿੱਖ ਅਫ਼ਸਰਾਂ ਦੀ ਹੋਂਦ ਕਾਇਮ ਹੋ ਸਕੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਇਜਲਾਸ ਬੀਤੇ ਦਿਨਾਂ ਅੰਦਰ ਪੰਜਾਬ ਵਿਚ ਭਾਈ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੀ ਆੜ 'ਚ ਬੇਕਸੂਰ ਸਿੱਖ ਨੌਜੁਆਨਾਂ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰਨ ਦੀ ਕਰੜੀ ਨਿੰਦਾ ਕਰਦਾ ਹੈ। ਪੰਜਾਬ ਨੇ ਹਮੇਸ਼ਾ ਹੀ ਦੇਸ਼ ਦੀ ਭਲਾਈ ਲਈ ਮੋਹਰੀ ਰੋਲ ਨਿਭਾਇਆ ਹੈ। ਸਿੱਖਾਂ ਨੇ ਭਾਰਤ ਦੇ ਸੱਭਿਆਚਾਰ ਨੂੰ ਬਚਾਉਣ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ। ਪਰੰਤੂ ਸਰਕਾਰਾਂ ਵੱਲੋਂ ਹਮੇਸ਼ਾ ਸਿੱਖ ਕੌਮ ਨੂੰ ਦਬਾਉਣ ਦੀ ਨੀਤੀ ਤਹਿਤ ਕੰਮ ਕੀਤਾ ਜਾਂਦਾ ਹੈ। ਹਾਲ ਹੀ ਵਿਚ ਪੰਜਾਬ ਅੰਦਰ ਜਿਸ ਤਰ੍ਹਾਂ ਸਿੱਖ ਨੌਜੁਆਨੀ ਨੂੰ ਡਰਾਉਣ ਅਤੇ ਦਬਾਉਣ ਦੀਆਂ ਕਾਰਵਾਈਆਂ ਕੀਤੀਆਂ ਗਈਆਂ, ਉਸ ਨੇ ਪੰਜਾਬ ਦੀ ਮੌਜੂਦਾ ਸਰਕਾਰ ਦਾ ਚਿਹਰਾ ਨੰਗਾ ਕਰ ਦਿੱਤਾ ਹੈ। ਪੰਜਾਬ ਸਰਕਾਰ ਸੂਬੇ ਦੇ ਹੱਕਾਂ, ਹਿੱਤਾਂ ਅਤੇ ਅਧਿਕਾਰਾਂ ਦੀ ਤਰਜ਼ਮਾਨੀ ਕਰਨ ਦੀ ਥਾਂ ਕੇਂਦਰ ਸਰਕਾਰ ਦਾ ਸੰਦ ਬਣੀ ਹੋਈ ਹੈ। ਰਾਜਸੀ ਮਨੋਰਥ ਪੂਰੇ ਕਰਨ ਲਈ ਜਾਣਬੁਝ ਕੇ ਡਰ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਜੇਕਰ ਕਿਸੇ ਦਾ ਕੋਈ ਕਸੂਰ ਵੀ ਹੋਵੇ ਤਾਂ ਉਸ ਵਿਰੁੱਧ ਕਾਰਵਾਈ ਦਾ ਇਕ ਤਰੀਕਾ ਹੈ। ਕਾਨੂੰਨੀ ਪ੍ਰਕਿਰਿਆ 'ਚ ਡਰ ਦਾ ਮਾਹੌਲ ਸਿਰਜਣ ਨੂੰ ਕੋਈ ਥਾਂ ਨਹੀਂ ਹੈ। ਅੱਜ ਦਾ ਜਨਰਲ ਇਜਲਾਸ ਪੰਜਾਬ 'ਚ ਬਣੇ ਮੌਜੂਦਾ ਹਾਲਾਤ ਦੌਰਾਨ ਫੜ੍ਹੇ ਗਏ ਸਿੱਖ ਨੌਜੁਆਨਾਂ ਦੇ ਮਾਮਲਿਆਂ ਦੀ ਕਾਨੂੰਨੀ ਪੈਰਵਾਈ ਕਰਨ ਦਾ ਐਲਾਨ ਕਰਦਾ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਇਸ ਮਾਮਲੇ 'ਚ ਪੁਲਿਸ ਪ੍ਰਸ਼ਾਸਨ ਵੱਲੋਂ ਖਾਲਸਾ ਰਾਜ ਦੇ ਇਤਿਹਾਸਕ ਝੰਡਿਆਂ ਅਤੇ ਚਿੰਨ੍ਹਾਂ ਨੂੰ ਵੱਖਵਾਦੀ ਪੇਸ਼ ਕਰਨ ਦੀ ਕਰੜੀ ਨਿੰਦਾ ਕਰਦਿਆਂ ਸਬੰਧਤ ਸਰਕਾਰੀ ਅਧਿਕਾਰੀਆਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਦਾ ਵੀ ਫੈਸਲਾ ਕਰਦਾ ਹੈ। ਜਨਰਲ ਇਜਲਾਸ ਕੇਂਦਰ ਸਰਕਾਰ ਵੱਲੋਂ ਸਿੱਖ ਮੀਡੀਆ ਅਦਾਰਿਆਂ/ ਚੈਨਲਾਂ/ਸੋਸ਼ਲ ਮੀਡੀਆ ਮੰਚਾਂ/ ਪੱਤਰਕਾਰਾਂ 'ਤੇ ਕੀਤੀ ਕਾਰਵਾਈ ਦੀ ਵੀ ਕਰੜੀ ਨਿੰਦਾ ਕਰਦਾ ਹੈ।

# ਭਾਜਪਾ ਜਿੰਨੀਆਂ ਚੋਣਾਂ ਜਿੱਤੇਗੀ, ਵਿਰੋਧੀਆਂ ਦੇ ਹਮਲੇ ਵਧਣਗੇ: ਮੋਦੀ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਆਪਣੀ ਸਰਕਾਰ 'ਤੇ ਵਿਰੋਧੀ ਧਿਰ ਦੇ ਹਮਲਿਆਂ ਨੂੰ ਭਾਜਪਾ ਦੇ ਚੋਣਾਂ 'ਚ ਜ਼ਬਰਦਸਤ ਪ੍ਰਦਰਸ਼ਨ ਨਾਲ ਜੋੜਦਿਆਂ ਕਿਹਾ ਕਿ ਹਾਕਮ ਪਾਰਟੀ ਚੋਣਾਂ 'ਚ ਜਿੰਨੀਆਂ ਜਿੱਤਾਂ ਹਾਸਲ ਕਰਦੀ ਜਾਵੇਗੀ, ਉਨਾ ਹੀ ਉਸ ਨੂੰ ਨਿਸ਼ਾਨਾ ਬਣਾਇਆ ਜਾਵੇਗਾ।

ਮੋਦੀ ਨੇ ਭਾਜਪਾ ਸੰਸਦੀ ਪਾਰਟੀ ਦੀ ਮੀਟਿੰਗ 'ਚ ਵਿਰੋਧੀ ਧਿਰਾਂ ਨੂੰ ਕਰਾਰੇ ਹੱਥੀਂ ਲਿਆ ਜਿਸ ਨੇ ਕਈ ਮੁੱਦਿਆਂ 'ਤੇ ਸਰਕਾਰ ਖ਼ਿਲਾਫ਼ ਮੋਰਚੇ ਖੋਲ੍ਹੇ ਹੋਏ ਹਨ। ਮੀਟਿੰਗ ਦੌਰਾਨ ਉਨ੍ਹਾਂ ਸੰਸਦ ਮੈਂਬਰਾਂ ਨੂੰ 6 ਅਪਰੈਲ ਨੂੰ ਪਾਰਟੀ ਦੇ ਸਥਾਪਨਾ ਦਿਵਸ ਤੇ 14 ਅਪਰੈਲ ਨੂੰ ਬੀ।ਆਰ। ਅੰਬੇਡਕਰ ਜੈਅੰਤੀ ਵਿਚਾਲੇ ਦੀ ਮਿਆਦ ਨੂੰ ਸਮਾਜਿਕ ਨਿਆਂ ਨੂੰ ਸਮਰਪਿਤ ਕਰਨ ਨੂੰ ਵੀ ਕਿਹਾ।

ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਰ ਸ਼ਾਮ ਪਾਰਟੀ ਦੇ ਹੈੱਡਕੁਆਰਟਰ ਦੀ ਐਕਸਟੈਨਸ਼ਨ ਦਾ ਉਦਘਾਟਨ ਕੀਤਾ। ਇਸ ਸਬੰਧੀ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਪਰਿਵਾਰਾਂ ਵੱਲੋਂ ਚਲਾਈਆਂ ਜਾ ਰਹੀਆਂ ਸਿਆਸੀ ਪਾਰਟੀਆਂ ਵਿਚਾਲੇ ਹੁਣ ਭਾਰਤੀ ਜਨਤਾ ਪਾਰਟੀ ਹੀ ਇੱਕੋ-ਇੱਕ ਆਲ ਇੰਡੀਆ ਪਾਰਟੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਵਿਰੋਧੀਆਂ ਦੀਆਂ ਖਾਮੀਆਂ ਕੱਢਣ ਤੇ ਦੂਸ਼ਣਬਾਜ਼ੀ ਦੀ ਸਿਆਸਤ ਕਰਨ ਦੀ ਥਾਂ ਜ਼ਮੀਨੀ ਪੱਧਰ 'ਤੇ ਜਾ ਕੇ ਲੋਕਾਂ ਲਈ ਕੰਮ ਕੀਤਾ ਹੈ। ਉਨ੍ਹਾਂ ਭਾਜਪਾ ਦੇ ਇੱਕ ਛੋਟੀ ਜਿਹੀ ਸਿਆਸੀ ਜਥੇਬੰਦੀ ਤੋਂ ਦੁਨੀਆ ਦੀ ਸਭ ਤੋਂ ਵੱਡੀ ਪਾਰਟੀ ਬਣਨ ਦਾ ਸਿਹਰਾ ਇਸ ਦੇ ਵਰਕਰਾਂ ਦੀ ਮਿਹਨਤ ਤੇ ਕੁਰਬਾਨੀਆਂ ਨੂੰ ਦਿੱਤਾ। ਉਨ੍ਹਾਂ ਕਿਹਾ, 'ਭਾਜਪਾ ਨੇ ਆਪਣਾ ਸਫ਼ਰ ਸਿਰਫ਼ ਦੋ ਲੋਕ ਸਭਾ ਸੀਟਾਂ ਜਿੱਤਣ ਨਾਲ ਸ਼ੁਰੂ ਕੀਤਾ ਸੀ ਅਤੇ 2019 'ਚ ਇਹ 303 ਸੀਟਾਂ ਤੱਕ ਪਹੁੰਚ ਗਈ। ਕਈ ਰਾਜਾਂ 'ਚ ਅਸੀਂ 50 ਫੀਸਦ ਤੋਂ ਵੱਧ ਵੋਟਾਂ ਹਾਸਲ ਕੀਤੀਆਂ।' ਉਨ੍ਹਾਂ ਕਿਹਾ, 'ਉੱਤਰ ਤੋਂ ਦੱਖਣ ਅਤੇ ਪੂਰਬ ਤੋਂ ਪੱਛਮ ਤੱਕ ਸਿਰਫ਼ ਭਾਜਪਾ ਹੀ ਇੱਕ ਕੌਮੀ ਪਾਰਟੀ ਹੈ।' ਉਨ੍ਹਾਂ ਕਿਹਾ ਕਿ ਭਾਜਪਾ ਨਾ ਸਿਰਫ਼ ਦੁਨੀਆ ਦੀ ਸਭ ਤੋਂ ਵੱਡੀ ਬਲਕਿ ਸਭ ਤੋਂ ਵੱਧ ਭਵਿੱਖਮੁਖੀ ਪਾਰਟੀ ਵਜੋਂ ਵੀ ਉੱਭਰੀ ਹੈ ਅਤੇ ਇਸ ਦਾ ਟੀਚਾ ਸਿਰਫ਼ ਭਾਰਤ ਨੂੰ ਆਧੁਨਿਕ ਤੇ ਵਿਕਸਿਤ ਬਣਾਉਣਾ ਹੈ। ਇਸ ਮੌਕੇ ਉਨ੍ਹਾਂ ਵਿਰੋਧੀ ਧਿਰ ਬਾਰੇ ਕਿਹਾ ਕਿ ਸਾਰੇ ਭ੍ਰਿਸ਼ਟਾਚਾਰੀ ਇੱਕ ਮੰਚ 'ਤੇ ਇਕੱਠੇ ਹੋ ਗਏ ਹਨ ਪਰ ਭ੍ਰਿਸ਼ਟਾਚਾਰ ਖ਼ਿਲਾਫ਼ ਲੜਾਈ ਜਾਰੀ ਰਹੇਗੀ।



# ਵਿਦੇਸ਼ ਤੋਂ ਪਰਤੇ ਵਿਦਿਆਰਥੀਆਂ ਨੂੰ ਫਾਈਨਲ ਐਮਬੀਬੀਐੱਸ ਪ੍ਰੀਖਿਆ ਲਈ ਮਿਲਣਗੇ ਦੋ ਮੌਕੇ

**ਨਵੀਂ ਦਿੱਲੀ–** ਸੁਪਰੀਮ ਕੋਰਟ ਨੇ ਉਨ੍ਹਾਂ ਭਾਰਤੀ ਮੈਡੀਕਲ ਵਿਦਿਆਰਥੀਆਂ ਨੂੰ ਐਮਬੀਬੀਐੱਸ ਦੀ ਫਾਈਨਲ ਪ੍ਰੀਖਿਆ ਨੈਸ਼ਨਲ ਮੈਡੀਕਲ ਕੌਂਸਲ ਦੇ ਮੌਜੂਦਾ ਸਿਲੇਬਸ ਤੇ ਹਦਾਇਤਾਂ ਤਹਿਤ ਦੋ ਕੋਸ਼ਿਸ਼ਾਂ ਵਿਚ ਪਾਸ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ ਜੋ ਕੋਵਿਡ ਤੇ ਜੰਗ ਕਾਰਨ ਯੂਕਰੇਨ, ਚੀਨ ਤੇ ਫਿਲੀਪੀਨਜ਼ ਤੋਂ ਪਰਤੇ ਹਨ। ਇਨ੍ਹਾਂ ਨੂੰ ਕਿਸੇ ਵੀ ਕਾਲਜ 'ਚ ਦਾਖਲਾ ਲੈਣ ਦੀ ਲੋੜ ਨਹੀਂ ਹੈ। ਸੁਪਰੀਮ ਕੋਰਟ ਦੇ ਬੈਂਚ ਨੇ ਕੇਂਦਰ ਦੇ ਸੁਝਾਅ ਵਿਚ ਫੇਰਬਦਲ ਕੀਤਾ ਹੈ।



# ਬੰਗਲਾ ਖਾਲੀ ਕਰਨ ਦੇ ਨੋਟਿਸ ਦੀ ਪਾਲਣਾ ਕਰਾਂਗਾ- ਰਾਹੁਲ



**ਨਵੀਂ ਦਿੱਲੀ–** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਆਪਣਾ ਸਰਕਾਰੀ ਬੰਗਲਾ ਖਾਲੀ ਕਰਨ ਲਈ ਲੋਕ ਸਭਾ ਸਕੱਤਰੇਤ ਵੱਲੋਂ ਮਿਲੇ ਨੋਟਿਸ ਦਾ ਜਵਾਬ ਦਿੰਦਿਆਂ ਕਿਹਾ ਕਿ ਉਹ ਨੋਟਿਸ ਦੀ ਪਾਲਣਾ ਕਰੇਗਾ। ਹਾਲਾਂਕਿ ਕਾਂਗਰਸ ਪਾਰਟੀ ਦੇ ਆਗੂਆਂ ਨੇ ਬੰਗਲਾ ਖਾਲੀ ਕਰਨ ਵਾਸਤੇ ਦਿੱਤੇ ਨੋਟਿਸ ਦੇ ਹਵਾਲੇ ਨਾਲ ਸਰਕਾਰ 'ਤੇ ਗਾਂਧੀ ਨੂੰ ਬੇਇੱਜ਼ਤ ਕਰਨ ਦਾ ਦੋਸ਼ ਲਾਇਆ ਹੈ। ਚੇਤੇ ਰਹੇ ਕਿ ਲੋਕ ਸਭਾ ਸਕੱਤਰੇਤ ਨੇ ਲੰਘੇ ਦਿਨ ਜਾਰੀ ਨੋਟਿਸ ਵਿੱਚ ਗਾਂਧੀ ਨੂੰ 22 ਅਪਰੈਲ ਤੱਕ ਸਰਕਾਰੀ ਬੰਗਲਾ ਖਾਲੀ ਕਰਨ ਲਈ ਕਿਹਾ ਸੀ। ਸੂਰਤ ਦੀ ਕੋਰਟ ਵੱਲੋਂ ਫੌਜਦਾਰੀ ਮਾਣਹਾਨੀ ਕੇਸ ਵਿੱਚ ਦੋ ਸਾਲ ਦੀ ਸਜ਼ਾ ਸੁਣਾਏ ਜਾਣ ਮਗਰੋਂ ਪਿਛਲੇ ਦਿਨੀਂ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰੀ ਖਾਰਜ ਕਰ ਦਿੱਤੀ ਗਈ ਸੀ।

ਗਾਂਧੀ ਨੇ ਲੋਕ ਸਭਾ ਸਕੱਤਰੇਤ ਨੂੰ ਲਿਖੇ ਪੱਤਰ ਵਿੱਚ ਕਿਹਾ, ''27 ਮਾਰਚ 2023 ਨੂੰ ਲਿਖੇ ਪੱਤਰ ਲਈ ਤੁਹਾਡਾ ਧੰਨਵਾਦ, ਜਿਸ ਵਿੱਚ ਤੁਸੀਂ 12 ਤੁਗਲਕ ਲੇਨ ਸਥਿਤ ਸਰਕਾਰੀ ਰਿਹਾਇਸ਼ ਦੀ ਅਲਾਟਮੈਂਟ ਰੱਦ ਕਰਨ ਬਾਰੇ ਲਿਖਿਆ ਹੈ। ਪਿਛਲੀਆਂ ਚਾਰ ਟਰਮਾਂ ਤੋਂ ਲੋਕ ਸਭਾ ਦੇ ਚੁਣੇ ਗਏ ਮੈਂਬਰ ਵਜੋਂ, ਲੋਕਾਂ ਵੱਲੋਂ ਦਿੱਤੇ ਫਤਵੇ ਸਦਕਾ ਇੱਥੇ ਬਿਤਾਈਆਂ ਖੁਸ਼ੀਆਂ ਭਰੀਆਂ ਯਾਦਾਂ ਲਈ ਮੈਂ ਉਨ੍ਹਾਂ ਦਾ ਰਿਣੀ ਹਾਂ।'' ਮੇਰੇ ਅਧਿਕਾਰਾਂ ਪ੍ਰਤੀ ਪੱਖਪਾਤ ਕੀਤੇ ਜਾਣ ਦੇ ਬਾਵਜੂਦ ਮੈਂ ਤੁਹਾਡੇ ਪੱਤਰ ਵਿੱਚ ਸ਼ਾਮਲ ਵੇਰਵਿਆਂ ਦੀ ਪਾਲਣਾ ਕਰਾਂਗਾ।'' ਰਾਹੁਲ ਗਾਂਧੀ ਸਾਲ 2005 ਤੋਂ ਇਸ ਬੰਗਲੇ ਵਿੱਚ ਰਹਿ ਰਹੇ ਹਨ।

**ਖੜਗੇ ਵੱਲੋਂ ਰਾਹੁਲ ਗਾਂਧੀ ਨੂੰ ਆਪਣਾ ਬੰਗਲਾ ਦੇਣ ਦੀ ਪੇਸ਼ਕਸ਼**

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਉਪਰੋਕਤ ਨੋਟਿਸ ਲਈ ਸਰਕਾਰ ਨੂੰ ਭੰਡਦਿਆਂ ਕੇਂਦਰ ਦੇ ਸਾਬਕਾ ਪਾਰਟੀ ਪ੍ਰਧਾਨ ਪ੍ਰਤੀ 'ਧਮਕਾਉਣ, ਡਰ-ਾਉਣ ਤੇ ਬੇਇੱਜ਼ਤ' ਕਰਨ ਵਾਲੇ ਰਵੱਈਏ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਗਾਂਧੀ ਆਪਣੀ ਮਾਂ ਸੋਨੀਆ ਗਾਂਧੀ ਦੀ 10 ਜਨਪਥ ਸਥਿਤ ਰਿਹਾਇਸ਼ 'ਤੇ ਜਾ ਕੇ ਰਹਿ ਸਕਦੇ ਹਨ ਜਾਂ ਉਹ ਆਪਣਾ ਖੁਦ ਦਾ ਬੰਗਲਾ ਖਾਲੀ ਕਰਕੇ ਰਾਹੁਲ ਨੂੰ ਘਰ ਮੁਹੱਈਆ ਕਰ ਸਕਦੇ ਹਨ। ਉਧਰ ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਕਿਹਾ ਕਿ ਰਾਹੁਲ ਗਾਂਧੀ ਨੂੰ ਸਰਕਾਰੀ ਰਿਹਾਇਸ਼ ਖਾਲੀ ਕਰਨ ਲਈ ਕਹਿਣਾ 'ਛੋਟੇ ਬੰਦਿਆਂ ਦੀ ਛੋਟੀ ਸਿਆਸਤ' ਹੈ।

# ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲਿਆਂਦੀ ਜਾ ਰਹੀ ਜਾਗਰੂਕਤਾ ਦਾ ਨਤੀਜਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼।ਭ।ਸ ਨਗਰ ਦੇ ਪੈਰਾ ਲੀਗਲ ਵਲੰਟੀਅਰ ਅਤੇ ਨੈਸ਼ਨਲ ਲੇਬਰ




ਆਰਗੇਨਾਈਜੇਸ਼ਨ (ਐਨ।ਐਲ।ਓ।) ਦੇ ਕਨਵੀਨਰ ਬਲਦੇਵ ਭਾਰਤੀ ਸਟੇਟ ਐਵਾਰਡੀ ਵਲੋਂ ਮਨਰੇਗਾ ਤਹਿਤ 5 ਕਿਲੋਮੀਟਰ ਤੋਂ ਵੱਧ ਦੂਰੀ ਤੇ ਕੰਮ ਕਰਨ ਲਈ 10% ਵੱਧ ਮਜ਼ਦੂਰੀ ਪ੍ਰਦਾਨ ਕੀਤੇ ਜਾਣ ਮੰਗ ਉਠਾਏ ਜਾਣ ਤੇ ਮਨਰੇਗਾ ਦੇ ਜਿਲ੍ਹਾ ਪੱਧਰੀ ਅਧਿਕਾਰੀਆਂ ਵਲੋਂ ਪਿੰਡ ਕੋਟ ਰਾਂਝਾ ਦਾ ਦੌਰਾ ਕੀਤਾ ਗਿਆ। ਇਨ੍ਹਾਂ ਉੱਚ ਅਧਿਕਾਰੀਆਂ ਲੋਕਪਾਲ ਮਨਰੇਗਾ ਜਿਲ੍ਹਾ ਸ਼।ਭ।ਸ। ਨਗਰ ਜਗਦੀਸ਼ ਸਿੰਘ ਰਾਹੀ ਅਤੇ ਮਨਰੇਗਾ ਵਰਕਸ ਮੈਨੇਜਰ ਸ਼ਭਸ ਨਗਰ ਜੋਗਾ ਸਿੰਘ ਵਲੋਂ ਪਿੰਡ ਕੋਟ ਰਾਂਝਾ ਜਾਂਚ ਪੜਤਾਲ ਦੌਰਾਨ ਕਰੀਬ 18 ਮਹੀਨਿਆਂ ਤੋਂ ਇਸ ਮੰਗ ਨੂੰ ਲੈ ਕੇ ਸੰਘਰਸ਼ਸ਼ੀਲ ਰਹੇ 4 ਦਰਜਨ ਦੇ ਕਰੀਬ ਮਜਦੂਰਾਂ ਦੇ ਬਿਆਨ ਦਰਜ ਕੀਤੇ ਗਏ। ਮਨਰੇਗਾ ਮਜ਼ਦੂਰਾਂ ਵਲੋਂ ਰੋਸ ਪ੍ਰਗਟ ਕੀਤੇ ਜਾਣ ਤੇ ਉਨ੍ਹਾਂ ਮਨਰੇਗਾ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਮਜ਼ਦੂਰਾਂ ਨੂੰ ਦੂਰ ਜਾਂ ਨਜਦੀਕ ਬਿਨਾਂ ਕਿਸੇ ਵਿਤਕਰੇ ਦੇ ਵਾਰੀ ਅਨੁਸਾਰ ਰੋਜ਼ਗਾਰ ਦਿੱਤਾ ਜਾਵੇ।

ਇਸ ਮੌਕੇ ਤੇ ਹਾਜ਼ਰ ਕਰੀਬ 4 ਦਰਜਨ ਮਜ਼ਦੂਰਾਂ ਨੇ ਦੱਸਿਆ ਕਿ ਉਨ੍ਹਾਂ ਪਾਸੋਂ ਮਨਰੇਗਾ ਤਹਿਤ ਸਤੰਬਰ ਅਤੇ ਅਕਤੂਬਰ 2021 ਦੌਰਾਨ ਦਰਿਆ ਸਤਲੁਜ ਪਿੰਡ ਹੁਸੈਨਪੁਰ, ਲਾਲੇਵਾਲ ਅਤੇ ਮੱਤੇਵਾੜਾ ਵਿਖੇ ਕੰਮ ਕਰਵਾਇਆ ਗਿਆ ਸੀ। ਇਹ ਏਰੀਆ ਉਨ੍ਹਾਂ ਦੇ ਪਿੰਡ ਤੋਂ 5 ਕਿਲੋਮੀਟਰ ਵੱਧ ਦੂਰੀ ਤੇ ਪੈਂਦਾ ਹੈ। ਉਹ ਘਰੋਂ ਸਵੇਰੇ ਜਲਦੀ ਤੁਰਦੇ ਸਨ ਅਤੇ ਦੇਰੀ ਨਾਲ ਪਰਤਦੇ ਸਨ। ਉਨ੍ਹਾਂ ਨੇ ਫੋਰਵੀਲਰ ਦਾ ਪ੍ਰਤੀ ਸਵਾਰੀ ਰੋਜਾਨਾ 40/-ਰੁ ਕਿਰਾਇਆ ਆਪਣੀ ਜੇਬ ਵਿਚੋਂ ਖਰਚਿਆ ਅਤੇ ਨਕਦ ਕਿਰਾਇਆ ਨਾ ਹੋਣ ਕਾਰਨ ਕਈ ਮਜ਼ਦੂਰਾਂ ਦੀਆਂ ਦਿਹਾੜੀਆਂ ਵੀ ਟੁੱਟੀਆਂ। ਇਸ ਸਮੇਂ ਮਨਰੇਗਾ ਦੀ ਰੋਜਾਨਾ ਦਿਹਾੜੀ 269/- ਰੁਪਏ ਸੀ। ਪਰ ਉਨ੍ਹਾਂ ਨੂੰ ਮਨਰੇਗਾ ਤਹਿਤ 5 ਕਿਲੋਮੀਟਰ ਤੋਂ ਵੱਧ ਦੂਰੀ ਤੇ ਕੰਮ ਕਰਨ ਲਈ 10% ਵੱਧ ਮਜ਼ਦੂਰੀ ਦਿੱਤੇ ਜਾਣ ਦੀ ਵਿਵਸਥਾ ਦੇ ਬਾਵਜੂਦ ਇਹ ਵੱਧ ਮਜ਼ਦੂਰੀ ਨਹੀਂ ਦਿੱਤੀ ਗਈ। ਇਸ ਮੌਕੇ ਤੇ ਅਥਾਰਟੀ ਦੇ ਪੈਰਾ ਲੀਗਲ ਵਲੰਟੀਅਰ ਅਤੇ ਐਨਐਲਓ ਦੇ ਕਨ-ਵੀਨਰ ਬਲਦੇਵ ਭਾਰਤੀ ਸਟੇਟ ਨੇ ਦੱਸਿਆ ਕਿ ਮਨ-ਰੇਗਾ ਨੂੰ ਸੁਚੱਜੇ ਢੰਗ ਨਾਲ ਲਾਗੂ ਕਰਵਾਉਣ ਲਈ ਜਾਗਰੂਕਤਾ ਮੁਹਿੰਮ ਤਹਿਤ ਕੋਸ਼ਿਸ਼ਾਂ ਜਾਰੀ ਰਹਿਣ-ਗੀਆਂ। ਉਨ੍ਹਾਂ ਦੱਸਿਆ ਕਿ 5 ਕਿਲੋਮੀਟਰ ਤੋਂ ਵੱਧ ਦੂਰੀ ਤੇ ਕੰਮ ਕਰਨ ਲਈ ਮਜ਼ਦੂਰ 10% ਵੱਧ ਮਜ਼ਦੂਰੀ ਲੈਣ ਦੇ ਕਾਨੂੰਨੀ ਤੌਰ ਤੇ ਹੱਕਦਾਰ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਹ ਕੇਵਲ ਇਕ ਦਰਖਾਸਤ ਦਾ ਨਿਪਟਾਰਾ ਹੀ ਨਹੀਂ ਬਲਕਿ ਸੂਬੇ ਭਰ ਵਿੱਚ ਇਸ ਕਾਨੂੰਨੀ ਅਧਿਕਾਰ ਨੂੰ ਅਮਲੀ ਰੂਪ ਵਿੱਚ ਲਾਗੂ ਕਰਵਾਉਣਾ ਚਾਹੁੰਦੇ ਹਨ। ਇਸ ਮੌਕੇ ਤੇ ਸਹਾਇਕ ਪ੍ਰੋਗਰਾਮ ਅਫਸਰ ਸਰਬਜੀਤ ਸਿੰਘ, ਗ੍ਰਾਮ ਰੋਜ਼ਗਾਰ ਸਹਾਇਕ ਜਿੰਦਰਪਾਲ, ਪਾਲਾ ਰਾਮ ਜੇ ਈ, ਸ਼ਿੰਦਾ ਪੰਚ, ਪਰਮਜੀਤ ਕੌਰ ਪੰਚ, ਐਨਐਲਓ ਆਗੂ ਸੁਰਿੰਦਰ ਭਟੋਆ, ਸੁਰਿੰਦਰ ਕੌਰ ਆਦਿ ਵਿਸ਼ੇਸ਼ ਤੌਰ ਹਾਜ਼ਰ ਹਨ।

# ਭਾਰਤੀ ਹਵਾਈ ਸੈਨਾ ਵਿਚ 'ਅਗਨੀਵੀਰ ਵਾਯੂ' ਦੀ ਭਰਤੀ ਲਈ ਲਗਾਇਆ ਵਿਸ਼ੇਸ਼ ਸੈਮੀਨਾਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਹੇਠ ਡੀ। ਏ। ਵੀ ਕਾਲਜ ਹੁਸ਼ਿਆਰਪੁਰ ਵਿਖੇ ਅੱਜ ਭਾਰਤੀ ਹਵਾਈ ਫ਼ੌਜ ਵਿਚ ਅਗਨੀਪੱਥ ਯੋਜਨਾ ਅਧੀਨ ਅਗਨੀਵੀਰ (ਵਾਯੂ) ਦੀ ਭਰਤੀ ਸਬੰਧੀ ਇਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਸਰਕਾਰੀ ਬਹੁ-ਤਕਨੀਕੀ ਕਾਲਜ ਹੁਸ਼ਿਆਰਪੁਰ, ਐਸ। ਡੀ। ਕਾਲਜ ਹੁਸ਼ਿਆਰਪੁਰ ਅਤੇ ਡੀ। ਏ। ਵੀ ਕਾਲਜ ਹੁਸ਼ਿਆਰਪੁਰ ਦੇ ਕਰੀਬ 1200 ਵਿਦਿਆਰਥੀਆਂ ਨੇ ਭਾਗ ਲਿਆ ਜਦਕਿ ਜ਼ਿਲ੍ਹੇ ਦੇ 14 ਹੋਰ ਡਿਗਰੀ ਅਤੇ ਪਾਲੀਟੈਕਨਿਕ ਕਾਲਜ ਆਨਲਾਈਨ ਵੈਬੀਨਾਰ ਰਾਹੀਂ ਜੁੜੇ।



ਇਸ ਦੌਰਾਨ ਸੈਮੀਨਾਰ ਦੇ ਮੁੱਖ ਬੁਲਾਰਿਆਂ ਭਾਰਤੀ ਹਵਾਈ ਸੈਨਾ ਸਿਲੈਕਸ਼ਨ ਸੈਂਟਰ, ਅੰਬਾਲਾ ਕੈਂਟ ਤੋਂ ਸਾਰਜੰਟ ਸੱਤਿਆਵੀਰ ਸਿੰਘ ਅਤੇ ਕੋਰਪੋਰਾਲ ਆਰ। ਕੇ ਸਿੰਘ ਵੱਲੋਂ ਅਗਨੀਵੀਰ ਵਾਯੂ ਸਕੀਮ ਅਧੀਨ ਭਾਰਤੀ ਹਵਾਈ ਸੈਨਾ ਦੀ ਭਰਤੀ ਸਬੰਧੀ ਮੁਕੰਮਲ ਜਾਣਕਾਰੀ ਦਿੱਤੀ ਗਈ। ਬੁਲਾਰਿਆਂ ਨੇ ਸੈਮੀਨਾਰ ਵਿਚ ਸ਼ਾਮਲ ਪ੍ਰਾਰਥੀਆਂ ਨੂੰ ਦੱਸਿਆ ਕਿ ਇਸ ਯੋਜਨਾ ਤਹਿਤ ਯੋਗ ਅਗਨੀਵੀਰਾਂ ਨੂੰ ਚਾਰ ਸਾਲਾਂ ਦੀ ਮਿਆਦ ਲਈ ਭਾਰਤੀ ਹਵਾਈ ਸੈਨਾ ਦੀ ਸੇਵਾ ਕਰਨ ਲਈ ਚੁਣਿਆ ਜਾਵੇਗਾ। ਮੁਢਲੀ ਵਿੱਦਿਅਕ ਯੋਗਤਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪ੍ਰਾਰਥੀ ਘੱਟੋ-ਘੱਟ ਬਾਰ੍ਹਵੀਂ ਪਾਸ ਸਾਇੰਸ ਸਟ੍ਰੀਮ (ਨਾਨ ਮੈਡੀਕਲ), ਸਾਇੰਸ ਸਟ੍ਰੀਮ (ਡਿਪਲੋਮਾ ਹੋਲਡਰ) ਅਤੇ ਦੂਸਰੇ ਸਟ੍ਰੀਮ ਹੋਵੇ ਅਤੇ ਉਮਰ ਸੀਮਾ ਸਾਢੇ 17 ਤੋਂ 21 ਸਾਲ ਹੋਵੇ। ਉਨ੍ਹਾਂ ਕਿਹਾ ਕਿ ਚਾਹਵਾਨ ਯੋਗ ਪ੍ਰਾਰਥੀ https://agnipathvayu.cdac.in ਆਨਲਾਈਨ ਵੈੱਬਸਾਈਟ 'ਤੇ ਜਾ ਕੇ ਆਨਲਾਈਨ ਅਪਲਾਈ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਆਨਲਾਈਨ ਅਪਲਾਈ ਕਰਨ ਉਪਰੰਤ ਪ੍ਰਾਰਥੀਆਂ ਦੀ ਤਿੰਨ ਫੇਜ਼ਾਂ ਰਾਹੀਂ ਚੋਣ ਪ੍ਰਕਿਰਿਆ ਦਾ ਪ੍ਰੋਸੈੱਸ ਹੋਵੇਗਾ। ਫੇਜ਼-1 ਵਿਚ ਸੀ-ਡੈਕ ਦੁਆਰਾ ਆਨਲਾਈਨ ਈ-ਪ੍ਰੀਖਿਆ ਲਈ ਜਾਵੇਗੀ। ਇਸ ਪ੍ਰੀਖਿਆ ਵਿਚ ਪਾਸ ਹੋਣ ਵਾਲੇ ਯੋਗ ਪ੍ਰਾਰਥੀਆਂ ਦਾ ਫੇਜ਼-2 ਵਿਚ ਫਿਜ਼ੀਕਲ ਫਿਟਨੈਸ ਟੈਸਟ ਲਿਆ ਜਾਵੇਗਾ। ਇਸ ਫਿਜ਼ੀਕਲ ਟੈਸਟ ਵਿਚੋਂ ਪਾਸ ਹੋਣ ਵਾਲੇ ਯੋਗ ਪ੍ਰਾਰਥੀਆਂ ਦਾ ਫੇਜ਼-3 ਵਿਚ ਮੈਡੀਕਲ ਫਿਟਨੈਸ ਟੈਸਟ ਕੀਤਾ ਜਾਵੇਗਾ। ਇਸ ਅੰਤਿਮ ਫੇਜ਼ ਉਪਰੰਤ ਪਾਸ ਹੋਣ ਵਾਲੇ ਯੋਗ ਪ੍ਰਾਰਥੀਆਂ ਨੂੰ ਚਾਰ ਸਾਲਾਂ ਦੀ ਮਿਆਦ ਲਈ ਭਾਰਤੀ ਹਵਾਈ ਸੈਨਾ ਦੀ ਸੇਵਾ ਕਰਨ ਲਈ ਚੁਣਿਆ ਜਾਵੇਗਾ।

ਇਸ ਮੌਕੇ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਗੁਰਮੇਲ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦਿਆਂ ਬਿਊਰੋ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ, ਸਵੈ-ਰੋਜ਼ਗਾਰ ਸਕੀਮਾਂ ਅਤੇ ਸ਼ਾਰਟ ਟਰਮ ਤਕਨੀਕੀ ਕੋਰਸਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

# ਪਿੰਡ ਮਜਾਰਾ ਡੀਂਗਰੀਆਂ ਵਿੱਖੇ 26ਵਾਂ ਸ਼ਾਨਦਾਰ ਪਿੰਡ ਪੱਧਰ ਫੁੱਟਬਾਲ ਟੂਰਨਾਮੈਂਟ 01 ਅਪ੍ਰੈਲ ਦਿਨ ਸ਼ਨੀਵਾਰ ਤੋਂ ਸ਼ੁਰੂ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਬਲਾਕ ਗੜ੍ਹਸ਼ੰਕਰ ਅਧੀਨ ਪੈਂਦੇ ਕਸਬਾ ਸੈਲਾ ਖੁਰਦ ਦੇ ਨਜ਼ਦੀਕ ਪੈਂਦੇ ਪਿੰਡ ਮਜਾਰਾ ਡੀਂਗਰੀਆਂ ਵਿੱਖੇ ਹਾਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਮਜ਼ਾਰਾਂ ਡੀਂਗਰੀਆਂ ਵਿਖੇ 26ਵਾਂ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਦਸਮੇਸ਼ ਸਪੋਰਟਸ ਕਲੱਬ, ਐਨ।ਆਰ।ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਤੇ ਇਲਾਕਾ ਨਿਵਾਸੀਆਂ ਸਹਿਯੋਗ ਨਾਲ 01 ਅਪ੍ਰੈਲ ਦਿਨ ਸ਼ਨੀਵਾਰ ਨੂੰ ਪਿੰਡ ਮਜਾਰਾ ਡੀਂਗਰੀਆਂ ਵਿਖੇ ਸ਼ੁਰੂ ਕਰਵਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਸਬੰਧੀ ਦਸਮੇਸ਼ ਸਪੋਰਟਸ ਕਲੱਬ ਦੇ ਇਕੱਤਰ ਹੋ ਕੇ ਜਾਣਕਾਰੀ ਦਿੰਦਿਆਂ ਕਿਹਾ ਕਿ ਨੋਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਤੇ ਖੇਡਾ ਵੱਲ ਪ੍ਰੇਰਿਤ ਕਰਨ ਲਈ ਇਸ ਤਰ੍ਹਾਂ ਦੇ ਖੇਡ ਟੂਰਨਾਮੈਂਟ ਐਨ ਆਰ ਆਈ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਕਰਵਾਏ ਜਾਂਦੇ ਹਨ । ਇਸ ਸਾਲ ਵੀ ਪਿੰਡ ਪੱਧਰ ਤੇ ਫੁੱਟਬਾਲ ਟੂਰਨਾਮੈਂਟ 01ਅਪ੍ਰੈਲ ਨੂੰ ਪਿੰਡ ਮਜਾਰਾ ਡੀਂਗਰੀਆਂ ਵਿੱਖੇ ਸ਼ੁਰੂ ਕੀਤਾ ਜਾਵੇਗਾ । ਇਹ ਸ਼ਾਨਦਾਰ ਟੂਰਨਾਮੈਂਟ ਪਿੰਡ ਪੱਧਰ ਤੇ ਕਰਵਾਇਆ ਜਾਵੇਗਾ। ਜਿਸ ਵਿੱਚ ਵੱਖ ਵੱਖ ਪਿੰਡਾਂ ਦੀਆਂ ਫੁੱਟਬਾਲ ਟੀਮਾਂ ਦੇ ਖਿਡਾਰੀਆਂ ਵਲੋਂ ਹਿੱਸਾ ਲਿਆ ਜਾਵੇਗਾ । ਫੁੱਟਬਾਲ ਬੀ ਟੀਮ ਵਿੱਚ ਸਾਲ 2009 ਦੇ ਫੁੱਟਬਾਲ ਪਲੇਅਰ ਦੇ ਮੈਚ ਹੋਣਗੇ ਜਿਸ ਵਿੱਚ 2 ਪਲੇਅਰ ਸਾਲ 2007 ਵਾਲੇ ਖੇਡ ਸਕਦੇ ਹਨ । ਉਨ੍ਹਾਂ ਇਹ ਵੀ ਦੱਸਿਆ ਕਿ ਟੂਰਨਾਮੈਂਟ ਸਬੰਧੀ ਦਿੱਤੇ ਹੋਏ ਟਾਈਮ ਤੋਂ 15 ਮਿੰਟ ਬਾਅਦ




ਆਉਣ ਵਾਲੀ ਟੀਮ ਨੂੰ ਇੱਕ ਗੋਲ ਮੰਨ ਕੇ ਖੇਡਣਾ ਪਵੇਗਾ , 30 ਮਿੰਟ ਬਾਅਦ ਆਉਣ ਵਾਲੀ ਟੀਮ ਨੂੰ ਮੈਚ ਨਹੀਂ ਖੇਡਣ ਦਿੱਤਾ ਜਾਵੇਗਾ । ਇਸ ਸਬੰਧੀ ਕਲੱਬ ਦੇ ਪ੍ਰਧਾਨ ਤੇ ਮੈਂਬਰਾਂ ਵਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਹਿਲਾਂ ਇਨਾਮ 'ਇਕੱਤੀ ਹਜ਼ਾਰ' ਰੁਪਏ ਤੇ ਸ਼ਾਨਦਾਰ ਟਰਾਫੀ ਅਤੇ ਦੂਜਾ ਇਨਾਮ 'ਇੱਕੀ ਹਜ਼ਾਰ' ਰੁਪਏ ਤੇ ਸ਼ਾਨਦਾਰ ਟਰਾਫੀ ਦਿੱਤੇ ਜਾਣਗੇ । ਟੂਰਨਾਮੈਂਟ ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਤੇ ਅਪੀਲ ਕੀਤੀ ਕਿ ਕੋਈ ਵੀ ਖਿਡਾਰੀ ਨਸ਼ੇ ਦੀ ਵਰਤੋਂ ਕਰਕੇ ਨਹੀਂ ਖੇਡ ਸੱਕਦਾ, ਰੈਫਰੀ ਕਮੇਟੀ ਮੈਂਬਰਾਂ ਵਲੋਂ ਨਿਯੁਕਤ ਕੀਤੇ ਜਾਣਗੇ ਤੇ ਕਮੇਟੀ ਮੈਂਬਰਾਂ ਵਲੋਂ ਲਿਆ ਗਿਆ ਫ਼ੈਸਲਾ ਆਖ਼ਰੀ ਹੋਵੇਗਾ । ਟੀਮਾ ਦੁਆਰਾ ਝਗੜਾ ਹੋਣ ਤੇ ਕਮੇਟੀ ਦੋਨਾਂ ਟੀਮਾ ਨੂੰ ਬਾਹਰ ਕੱਢ ਸਕਦੀ ਹੈ । ਹਾਰੀ ਹੋਈ ਟੀਮ ਦਾ ਖਿਡਾਰੀ ਦੂਜੀ ਟੀਮ ਵਿੱਚ ਨਹੀਂ ਖੇਡ ਸਕੇਗਾ । ਖਿਡਾਰੀ ਇੱਕ ਹੀ ਪਿੰਡ ਦੇ ਹੋਣੇ ਚਾਹੀਦੇ ਹਨ ।ਮੌਸਮ ਦੇ ਹਿਸਾਬ ਨਾਲ ਟਾਇਮ ਅੱਗੇ ਪਿੱਛੇ ਕਿਤਾ ਜਾ ਸਕਦਾ ਹੈ । ਸਿਰਫ 24 ਟੀਮਾਂ ਹੀ ਐਟਰ ਕੀਤੀਆਂ ਜਾਣਗੀਆਂ । ਸਾਰੀ ਟੀਮ ਕਿੱਟ ਵਿੱਚ ਹੋਣੀ ਲਾਜ਼ਮੀ ਹੈ , ਕੋਈ ਵੀ ਖਿਡਾਰੀ ਬਿਨਾਂ ਕਿੱਟ ਤੋ ਨਹੀਂ ਖੇਡਣ ਦਿੱਤਾ ਜਾਵੇਗਾ। ਟੂਰਨਾਮੈਂਟ ਦੋਰਾਨ ਸਾਫ ਸੁਥਰੇ ਖੇਲ ਦਾ ਪ੍ਰਦਰਸ਼ਨ ਕਰਨ ਵਾਲੀ ਟੀਮ ਨੂੰ ਫੇਅਰ ਪਲੇਅ ਟਰਾਫ਼ੀ ਨਾਲ ਸਨਮਾਨਿਤ ਕੀਤਾ ਜਾਵੇਗਾ। ਟੂਰਨਾਮੈਂਟ ਦੋਰਾਨ ਬੈਸਟ ਪਲੇਅਰ ਵੀ ਕੱਢੇ ਜਾਣਗੇ । ਵਧੇਰੇ ਜਾਣਕਾਰੀ ਲਈ 89686-21086 , 94176-67688 ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹਨ। ਟੂਰਨਾਮੈਂਟ ਪ੍ਰਬੰਧਕਾਂ ਵਲੋਂ ਕਰਵਾਏ ਜਾਣ ਵਾਲੇ ਫੁੱਟਬਾਲ ਟੂਰਨਾਮੈਂਟ ਵਿੱਚ ਇਲਾਕੇ ਦੀਆਂ ਟੀਮਾਂ ਅਤੇ ਖੇਡ ਪ੍ਰੇਮੀਆਂ ਨੂੰ ਟੂਰਨਾਮੈਂਟ ਵਿੱਚ ਪਹੁੰਚ ਕੇ ਟੂਰਨਾਮੈਂਟ ਦੀ ਰੋਣਕ ਨੂੰ ਵਧਾਉਣ ਦੀ ਬੇਨਤੀ ਕੀਤੀ ।

# ਜਾਨਲੇਵਾ ਹਾਦਸੇ ਦੇ ਮਾਮਲੇ ਵਿਚ ਇਨਸਾਫ਼ ਨਾ ਮਿਲਣ ਦੇ ਰੋਸ ਵਜੋਂ ਅਧਿਆਪਕਾਂ ਨੇ ਲਗਾਏ "ਕਾਲੇ ਬਿੱਲੇ"



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਬੀਤੇ ਦਿਨੀ ਫਾਜ਼ਿਲਕਾ ਜਿਲ੍ਹੇ ਤੋਂ ਤਰਨ ਤਾਰਨ ਵਿਖੇ ਡਿਊਟੀ 'ਤੇ ਕਰੂਜ਼ਰ ਗੱਡੀ ਰਾਹੀਂ ਜਾ ਰਹੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਬੀਤੀ 24 ਮਾਰਚ ਨੂੰ ਦਰਪੇਸ਼ ਭਿਆਨਕ ਹਾਦਸੇ ਦੌਰਾਨ ਤਿੰਨ ਅਧਿਆਪਕਾਂ ਅਤੇ ਡਰਾਈਵਰ ਦੀ ਮੌਤ ਹੋਣ ਅਤੇ ਬਾਕੀਆਂ ਦੇ ਗੰਭੀਰ ਜਖ਼ਮੀ ਹੋਣ ਦੀ ਮੰਦਭਾਗੀ ਘਟਨਾ ਦੇ ਕਈ ਦਿਨ ਬੀਤਣ ਦੇ ਬਾਵਜੂਦ, ਪੰਜਾਬ ਸਰਕਾਰ ਵੱਲੋਂ ਅਣਮਨੁੱਖੀ ਰਵੱਈਆ ਦਿਖਾਉਂਦੇ ਹੋਏ ਕਿਸੇ ਤਰ੍ਹਾਂ ਦੇ ਮੁਆਵਜ਼ੇ ਦਾ ਐਲਾਨ ਨਹੀਂ ਕੀਤਾ ਗਿਆ ਹੈ। ਜਿਸ ਕਾਰਨ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ।ਟੀ।ਐਫ।) ਪੰਜਾਬ ਵੱਲੋਂ ਦਿੱਤੇ ਸੱਦੇ ਤਹਿਤ ਹੁਸ਼ਿਆਰਪੁਰ ਜਿਲ੍ਹੇ ਦੇ ਵੱਖ-ਵੱਖ ਸਕੂਲਾਂ ਵਿਚ ਅਧਿਆਪਕਾਂ ਨੇ ਕਾਲੇ ਬਿੱਲੇ ਲਗਾ ਕੇ ਇਸ ਮਾਮਲੇ ਵਿਚ ਅਣਦੇਖੀ ਕਰਨ ਵਾਲ਼ੇ ਸਿੱਖਿਆ ਮੰਤਰੀ ਅਤੇ ਮੁੱਖ ਮੰਤਰੀ ਖ਼ਿਲਾਫ ਰੋਸ ਜ਼ਾਹਿਰ ਕਰਦਿਆਂ, ਅਧਿਆਪਕਾਂ ਦੇ ਬਤੌਰ "ਕੌਮ ਨਿਰਮਾਤਾ" ਸਮਾਜ ਲਈ ਅਹਿਮ ਯੋਗਦਾਨ ਹੋਣ ਦੇ ਮੱਦੇਨਜ਼ਰ, ਫ਼ੌਤ ਹੋਣ ਵਾਲੇ ਅਧਿਆਪਕਾਂ ਤੇ ਡਰਾਈਵਰ ਲਈ ਇੱਕ-ਇੱਕ ਕਰੋੜ, ਗੰਭੀਰ ਜਖ਼ਮੀਆਂ ਲਈ 50 ਲੱਖ, ਬਾਕੀਆਂ ਲਈ 10-10 ਲੱਖ ਰੁਪਏ ਦੀ ਰਾਸ਼ੀ ਜਾਰੀ ਕਰਨ ਅਤੇ ਹਸਪਤਾਲ ਵਿਚ ਦਾਖ਼ਿਲ ਅਧਿਆਪਕਾਂ ਨੂੰ ਆਨ ਡਿਊਟੀ ਟ੍ਰੀਟ ਕਰਨ ਦੀ ਮੰਗ ਕੀਤੀ ਹੈ।

ਡੀਟੀ ਐਫ ਦੇ ਜਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ ਨੇ ਕਿਹਾ ਕੇ ਪਿੱਤਰੀ ਜਿਲ੍ਹਿਆਂ ਵਿਚ ਖਾਲੀ ਪੋਸਟਾਂ ਹੋਣ ਦੇ ਬਾਵਜੂਦ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਹਜ਼ਾਰਾਂ ਅਧਿਆਪਕਾਂ ਨੂੰ ਦੂਰ ਦੁਰਾਡੇ ਨੌਕਰੀਆਂ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਇਹਨਾਂ ਅਧਿਆਪਕਾਂ ਦੇ ਸੁਰੱਖਿਅਤ ਆਉਣ-ਜਾਣ ਅਤੇ ਰਿਹਾਇਸ਼ ਦਾ ਪ੍ਰਬੰਧ ਜਾਂ ਹੋਰ ਸਹੂਲਤਾਂ ਦੇਣ ਵੱਲ ਕੋਈ ਧਿਆਨ ਦੇਣ ਦੀ ਥਾਂ ਨਵ-ਨਿਯੁਕਤ ਅਧਿਆਪਕਾਂ ਨੂੰ ਪਰਖ ਸਮੇਂ ਦੀ ਆੜ ਵਿਚ ਪਹਿਲੇ ਤਿੰਨ ਸਾਲ ਪੂਰੇ ਤਨਖਾਹ ਸਕੇਲ ਅਤੇ ਭੱਤਿਆਂ ਤੋਂ ਵੀ ਵਾਂਝੇ ਰੱਖ ਕੇ ਘੱਟ ਤਨਖਾਹਾਂ 'ਤੇ ਸੋਸ਼ਣ ਕੀਤਾ ਜਾ ਰਿਹਾ ਹੈ। ਅਧਿਆਪਕ ਆਗੂਆਂ ਇੰਦਰਸੁਖਦੀਪ ਸਿੰਘ ਮਨਜੀਤ ਸਿੰਘ ਦਸੂਹਾ,ਰੇਸ਼ਮ ਸਿੰਘ ਵਰਿੰਦਰ ਸਿੰਘ ਮਨਜੀਤ ਸਿੰਘ ਬਾਬਾ, ਸੱਤਪਾਲ ਸਿੰਘ,ਅਸ਼ਨੀ ਕੁਮਾਰ , ਰਾਮ ਸਰੂਪ, ਪ੍ਰਗਟ ਸਿੰਘ , ਜਸਵੀਰ ਸਿੰਘ, ਪਰਮਜੀਤ ਸਿੰਘ, ਹਰਪ੍ਰੀਤ ਕੌਰ, ਜਤਿੰਦਰ ਸਿੰਘ, ਸਰਬਜੀਤ ਸਿੰਘ ਨੇ ਮੰਗ ਕੀਤੀ ਕੇ ਹਰੇਕ ਅਧਿਆਪਕ ਨੂੰ ਨਵੀਂ ਨਿਯੁਕਤੀ ਜਾਂ ਤਰੱਕੀ ਹੋਣ ਉਪਰੰਤ ਉਸ ਦੇ ਗ੍ਰਹਿ ਜਿਲ੍ਹੇ ਵਿਚ ਹੀ ਸਟੇਸ਼ਨ ਦਿੱਤਾ ਜਾਵੇ ਅਤੇ ਜਿਲ੍ਹੇ ਵਿਚ ਇੱਕ ਵੀ ਪੋਸਟ ਨਾ ਖਾਲੀ ਹੋਣ ਦੀ ਸੂਰਤ ਵਿਚ ਵੀ ਗੁਆਂਢੀ ਜਿਲ੍ਹੇ ਵਿਚ ਹੀ ਭੇਜਿਆ ਜਾਵੇ। ਇਸ ਦੇ ਨਾਲ ਹੀ ਜਿਆਦਾ ਦੂਰੀ ਤੋਂ ਪੜ੍ਹਾਉਣ ਆਏ ਅਧਿਆਪਕਾਂ ਦੇ ਰਹਿਣ ਲਈ ਪੰਜਾਬ ਦੇ ਹਰੇਕ ਤਹਿਸੀਲ ਕੇਂਦਰ 'ਤੇ ਮਿਆਰੀ ਸਹੂਲਤਾਂ ਵਾਲੇ "ਟੀਚਰ ਹੋਮ" ਸਥਾਪਿਤ ਕੀਤੇ ਜਾਣ। ਡੀਟੀਐਫ ਨੇ ਫ਼ੌਤ ਹੋਣ ਵਾਲੇ ਅਧਿਆਪਕਾਂ ਦੇ ਪਰਿਵਾਰਾਂ ਦੇ ਦੁੱਖ 'ਚ ਸ਼ਰੀਕ ਹੁੰਦਿਆਂ ਕਿਹਾ ਕੇ ਇਸ ਹਾਦਸੇ ਕਾਰਨ ਪੰਜਾਬ ਦੇ ਸਮੂਹ ਚਿੰਤਨਸ਼ੀਲ ਹਿੱਸਿਆਂ ਵਿ ਚ ਭਾਰੀ ਸੋਗ ਦੀ ਲਹਿਰ ਹੈ ਅਤੇ ਹਾਦਸੇ ਦੇ ਪੀੜਤਾਂ ਨੂੰ ਬਣਦਾ ਇਨਸਾਫ਼ ਨਾ ਮਿਲਣ ਦੀ ਸੂਰਤ ਵਿਚ ਸੰਘਰਸ਼ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ ਹੈ।

# ਬਦਲੀ ਨੀਤੀ ਵਿੱਚ ਸੋਧ ਕਰਕੇ ਅਧਿਆਪਕਾਂ ਨੂੰ ਨੇੜੇ ਦੇ ਸਟੇਸ਼ਨਾਂ ਤੇ ਤੈਨਾਤ ਕੀਤਾ ਜਾਵੇ - ਸਾਝਾਂ ਅਧਿਆਪਕ ਮੋਰਚਾ

**ਫਗਵਾੜਾ 29 ਮਾਰਚ(ਬੀਕੇ ਰੱਤੂ)–** ਬੀਤੇ ਦਿਨੀਂ ਫਿਰੋਜ਼ਪੁਰ ਤੋਂ ਤਰਨਤਾਰਨ ਦਾ ਰਹੇ 04 ਅਧਿਆਪਕਾਂ ਦੀ ਸੜਕ ਦੁਰਘਟਨਾ ਵਿੱਚ ਮੌਤ ਹੋ ਗਈ ਸੀ ਤੇ ਅਧਿਆਪਕ ਜਥੇਬੰਦੀਆਂ ਵਲੋਂ ਅਧਿਆਪਕਾਂ ਦੇ ਵਾਰਸਾਂ ਨੂੰ ਯੋਗ ਮੁਆਵਜ਼ਾ ਦੇਣ ਤੇ ਵਾਰਿਸਾਂ ਦੇ ਇੱਕ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ, ਜਖਮੀ ਅਧਿਆਪਕਾਂ ਦਾ ਇਲਾਜ਼ ਪੰਜਾਬ ਸਰਕਾਰ ਵਲੋਂ ਸਰਕਾਰੀ ਖਰਚੇ ਤੇ ਕਰਵਾਇਆ ਜਾਵੇ ਤੇ ਹਰ ਸਾਲ ਹਾਦਸਿਆਂ ਵਿੱਚ ਅਧਿਆਪਕਾਂ ਦੀ ਜਾਨ ਦਾ ਖੌਅ ਬਣੀ



ਬਦਲੀ ਨੀਤੀ ਨੂੰ ਸੋਧ ਕੇ ਕੋਠਾਰੀ ਕਮਿਸ਼ਨ ਦੀਆਂ ਸ਼ਿਫਾਰਸ਼ਾ ਅਨੁਸਾਰ ਰਿਹਾਇਸ਼ ਦੇ ਨੇੜੇ ਤੈਨਾਤ ਕੀਤਾ ਜਾਵੇ। ਪਰ ਸਰਕਾਰ ਦੀ ਨੀਂਦ ਜਾਨਾ ਜਾਣ ਦੇ ਬਾਵਜੂਦ ਵੀ ਨਹੀਂ ਖੁੱਲੀ। ਇਸ ਕਰਕੇ ਹੀ ਅੱਜ ਪੰਜਾਬ ਦੇ ਅਧਿਆਪਕ ਸਾਰੇ ਪੰਜਾਬ ਵਿੱਚ ਸਰਕਾਰ ਦੇ ਬੇਰੁਖੀ ਭਰੇ ਵਤੀਰੇ ਵਿਰੁੱਧ ਕਾਲੇ ਬਿੱਲੇ ਲਗਾ ਕੇ ਆਪਣਾ ਰੋਸ ਜਾਹਰ ਕਰ ਰਹੇ ਹਨ।ਇਸ ਸਮੇਂ ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ, ਐਕਟਿੰਗ ਸਕੱਤਰ ਸੁਖਵਿੰਦਰ ਸਿੰਘ ਮੱਕੜ,ਵਿੱਤ ਸਕੱਤਰ ਹਰਮਨਜੋਤ ਸਿੰਘ ਆਹਲੂਵਾਲੀਆ, ਪ੍ਰੈੱਸ ਸਕੱਤਰ ਰਗਜੀਤ ਸਿੰਘ, ਜੁਆਇੰਟ ਸਕੱਤਰ ਕੁਲਦੀਪ ਵਾਲੀਆ, ਜੁਆਇੰਟ ਵਿੱਤ ਸਕੱਤਰ ਨਿਰਮੋਲਕ ਸਿੰਘ ਹੀਰਾ, ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਕੁਲਾਰ, ਤੀਰਥ ਸਿੰਘ ਬਾਸੀ, ਗੁਰਿੰਦਰ ਸਿੰਘ ਆਦਮਪੁਰ,ਮੀਤ ਪ੍ਰਧਾਨ ਬਲਵੀਰ ਭਗਤ, ਆਦਿ ਨੇ ਸਾਂਝੇ ਤੌਰ ਤੇ ਦੱਸਿਆ ਕਿ ਜ਼ਿਲ੍ਹੇ ਵਿੱਚ ਅਧਿਆਪਕਾਂ ਨੇ ਵੱਡੀ ਪੱਧਰ ਤੇ ਆਪਣਾ ਰੋਸ ਦਰਜ ਕਰਵਾਇਆ ਹੈ। ਇਸ ਸਮੇਂ ਆਗੂ ਨੇ ਕਿਹਾ ਕਿ ਸਿੱਖਿਆ ਦੇ ਸੁਧਾਰਾਂ ਦੇ ਨਾਮ ਤੇ ਬਣੀ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਨੇ ਅਧਿਆਪਕਾਂ ਦੀਆਂ ਮੰਗਾਂ ਤਾਂ ਕੀ ਮੰਨਣੀਆਂ ਉਹਨਾਂ ਨੇ ਤਾਂ ਅਧਿਆਪਕਾਂ ਦੇ ਸ਼ਰਧਾਜਲੀ ਸਮਾਗਮ ਤੇ ਵੀ ਜਾਣਾ ਮੁਨਾਸਿਬ ਨਹੀਂ ਸਮਝਿਆ। ਇਸ ਸਮੇਂ ਅਧਿਆਪਕ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਅਗਰ ਸਰਕਾਰ ਨੇ ਅਧਿਆਪਕਾਂ ਦੀਆਂ ਮੰਗਾਂ ਪ੍ਰਤੀ ਆਪਣਾ ਵਤੀਰਾ ਨਾ ਬਦਲਿਆ ਤਾਂ ਜਥੇਬੰਦੀਆਂ ਸੰਘਰਸ਼ ਕਰਨ ਲਈ ਮਜ਼ਬੂਰ ਹੋਣਗੀਆਂ।

# 'ਪੰਜਾਬ ਸਰਕਾਰ ਤੁਹਾਡੇ ਦੁਆਰ' ਮੁਹਿੰਮ ਤਹਿਤ ਲੋਕਾਂ ਦੇ ਕੰਮ ਕਰਨ ਲਈ ਪ੍ਰਸ਼ਾਸਨਿਕ ਅਧਿਕਾਰੀ ਕਰ ਰਹੇ ਹਨ ਉਨ੍ਹਾਂ ਦੇ ਘਰਾਂ ਤੱਕ ਪਹੁੰਚ- ਅਮਨ ਅਰੋੜਾ

**ਸ਼ੇਰੋਂ/ਸੰਗਰੂਰ (ਦਲਜੀਤ ਕੌਰ)-** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਪੰਜਾਬ ਸਰਕਾਰ ਤੁਹਾਡੇ ਦੁਆਰ' ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਵੱਲੋਂ ਸੁਨਾਮ ਹਲਕੇ ਦੇ ਪਿੰਡ ਸ਼ੇਰੋਂ ਵਿਖੇ ਵਿਸ਼ੇਸ਼ ਕੈਂਪ ਲਗਾਇਆ ਗਿਆ ਜਿਸ 'ਚ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਅਤੇ ਐਸ।ਐਸ।ਪੀ। ਸੁਰੇਂਦਰ ਲਾਂਬਾ ਵੀ ਮੌਜੂਦ ਸਨ। ਇਸ ਕੈਂਪ ਦੌਰਾਨ ਵੱਡੀ ਗਿਣਤੀ 'ਚ ਇਲਾਕਾ ਨਿਵਾਸੀਆਂ ਵੱਲੋਂ ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਭਲਾਈ ਸਕੀਮਾਂ ਤੇ ਹੋਰਨਾਂ ਮੁੱਦਿਆਂ ਲਈ ਸੇਵਾਵਾਂ ਹਾਸਲ ਕੀਤੀਆਂ।





ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਸਾਡੇ ਇਲਾਕੇ ਲਈ ਮਾਣ ਵਾਲੀ ਗੱਲ ਹੈ ਕਿ ਗੁਆਂਢੀ ਪਿੰਡ ਸਤੌਜ ਤੋਂ ਉੱਠ ਕੇ ਮੁੱਖ ਮੰਤਰੀ ਸ। ਭਗਵੰਤ ਮਾਨ ਪੰਜਾਬ ਦਾ ਨਾਮ ਪੂਰੀ ਦੁਨੀਆਂ 'ਚ ਰੋਸ਼ਨ ਕਰ ਰਹੇ ਹਨ ਅਤੇ ਇਸਦੇ ਨਾਲ ਹੀ ਲੋਕਾਂ ਦੀਆਂ ਆਸਾਂ 'ਤੇ ਖਰ੍ਹਾ ਉਤਰਨ ਲਈ ਦਿਨ-ਰਾਤ ਇੱਕ ਕਰਕੇ ਜ਼ੋਰ ਲਗਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਸੂਬਾ ਸਰਕਾਰ ਵੱਲੋਂ ਲੋਕਾਂ ਦੀ ਖੱਜਲ-ਖੁਆਰੀ ਰੋਕਣ ਲਈ ਪੰਜਾਬ ਸਰਕਾਰ ਤੁਹਾਡੇ ਦੁਆਰ ਵਰਗਾ ਨਿਵੇਕਲਾ ਉਪਰਾਲਾ ਸ਼ੁਰੂ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਲੋਕਾਂ ਦੇ ਪ੍ਰਸ਼ਾਸਨਿਕ ਕੰਮ ਘਰ ਬੈਠਿਆਂ ਹੀ ਕਰਨ ਲਈ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀਆਂ ਵੱਲੋਂ ਪਿੰਡਾਂ-ਮੁਹੱਲਿਆਂ ਤੱਕ ਪਹੁੰਚ ਕੀਤੀ ਜਾ ਰਹੀ ਹੈ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਹਲਕੇ ਦੇ ਲੋਕਾਂ ਨੂੰ ਯੋਗਤਾ ਅਨੁਸਾਰ ਭਲਾਈ ਸਕੀਮਾਂ ਦੇ ਲਾਭ ਪੁੱਜਦੇ ਕਰਨਾ ਉਨ੍ਹਾਂ ਦੀ ਨਿੱਜੀ ਜ਼ਿੰਮੇਵਾਰੀ ਹੈ ਅਤੇ ਪੰਜਾਬ ਸਰਕਾਰ ਤੁਹਾਡੇ ਦੁਆਰ ਪਹੁੰਚ ਕੇ ਪੈਨਸ਼ਨਾਂ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਦੇ ਹੋਰ ਮਸਲੇ ਹੱਲ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਲੋਕਾਂ ਨੂੰ ਹਰ ਸਹੂਲਤ ਮੁਹੱਈਆ ਕਰਵਾਉਣ ਦੇ ਨਾਲ-ਨਾਲ ਸਮਾਜ 'ਚ ਕੋਹੜ ਬਣੀਆਂ ਅਲਾਮਤਾਂ ਨੂੰ ਵੀ ਦੂਰ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਦੇ ਚੱਲਣ ਨੂੰ ਰੋਕਣ ਲਈ ਪ੍ਰਸ਼ਾਸਨ ਅਤੇ ਪੁਲਿਸ ਨੂੰ ਹਦਾਇਤਾਂ ਕੀਤੀਆਂ ਜਾ ਚੁੱਕੀਆਂ ਹਨ ਅਤੇ ਇਨ੍ਹਾਂ ਨੂੰ ਜੜ੍ਹਾਂ ਤੋਂ ਖ਼ਤਮ ਕਰਨ ਲਈ ਲੋਕਾਂ ਦੇ ਸਹਿਯੋਗ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਆਦੀ ਹੋ ਚੁੱਕੇ ਨੌਜਵਾਨਾਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਲਈ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਜਾਂ ਦੋਸਤਾਂ-ਸਨੇਹੀਆਂ ਨੂੰ ਪਹਿਲ ਕਰਕੇ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਨਸ਼ਾ ਛੁਡਾਊ ਕੇਂਦਰਾਂ 'ਚ ਭਰਤੀ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਵਿਕਰੀ ਨੂੰ ਰੋਕਣ ਲਈ ਵੀ ਸਰਕਾਰ ਨੇ ਸਖ਼ਤ ਕਦਮ ਚੁੱਕੇ ਹਨ ਪਰ ਇਸਨੂੰ ਪੂਰਨ ਤੌਰ 'ਤੇ ਰੋਕਣ ਲਈ ਲੋਕਾਂ ਨੂੰ ਨਸ਼ਾ ਤਸਕਰਾਂ ਵਿਰੁੱਧ ਡਟਣ ਦੀ ਲੋੜ ਹੈ ਤੇ ਇਸਦੀ ਸੂਚਨਾ ਪੁਲਿਸ ਨੂੰ ਦੇਣੀ ਚਾਹੀਦੀ ਹੈ। ਉਨ੍ਹਾਂ ਵਿਸ਼ਵਾਸ ਦੁਆਇਆ ਕਿ ਜੇਕਰ ਕਿਸੇ ਵਿਅਕਤੀ ਵੱਲੋਂ ਨਸ਼ਾ ਤਸਕਰੀ ਸਬੰਧੀ ਕੋਈ ਵੀ ਸੂਚਨਾ ਪੁਲਿਸ ਨਾਲ ਸਾਂਝੀ ਕੀਤੀ ਗਈ ਤਾਂ ਉਸ ਵਿਅਕਤੀ ਦੀ ਪਛਾਣ ਗੁਪਤ ਰੱਖ ਕੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਅਮਲ 'ਚ ਲਿਆਉਣੀ ਯਕੀਨੀ ਬਣਾਈ ਜਾਵੇਗੀ।

# ਕਣਕ ਦੀ ਖਰੀਦ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ 'ਚ ਸੈਕਟਰ ਅਫ਼ਸਰ ਤਾਇਨਾਤ: ਡਿਪਟੀ ਕਮਿਸ਼ਨਰ

**ਸੰਗਰੂਰ (ਦਲਜੀਤ ਕੌਰ)-** ਹਾੜੀ ਦੇ ਸੀਜ਼ਨ ਨੂੰ ਮੁੱਖ ਰੱਖਦਿਆਂ ਜ਼ਿਲ੍ਹਾ ਸੰਗਰੂਰ ਵਿਚ ਕਣਕ ਦੇ ਖਰੀਦ ਪ੍ਰਬੰਧਾਂ ਨੂੰ ਸੁਚਾਰੂ ਤਰੀਕੇ ਨਾਲ ਨੇਪਰੇ ਚੜ੍ਹਾਉਣ ਲਈ ਸਾਰੀਆਂ 170 ਅਨਾਜ ਮੰਡੀਆਂ ਵਿੱਚ ਸੈਕਟਰ ਅਫ਼ਸਰ ਤਾਇਨਾਤ ਕੀਤੇ ਗਏ ਹਨ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਆਗਾਮੀ 1 ਅਪ੍ਰੈਲ ਤੋਂ ਕਣਕ ਦੀ ਸਰਕਾਰੀ ਖਰੀਦ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਕਿਸੇ ਮੰਡੀ ਵਿੱਚ ਕੋਈ ਵੀ ਸਮੱਸਿਆ ਆਉਣ ਦੀ ਸਥਿਤੀ ਵਿੱਚ ਸੈਕਟਰ ਅਫ਼ਸਰ ਵੱਲੋਂ ਸਬੰਧਤ ਉਪ ਮੰਡਲ ਮੈਜਿਸਟਰੇਟ ਨਾਲ ਤਾਲਮੇਲ ਕਰਕੇ ਮਸਲੇ ਨੂੰ ਹੱਲ ਕੀਤਾ ਜਾਵੇਗਾ।

ਡਿਪਟੀ ਕਮਿਸਨਰ ਨੇ ਦੱਸਿਆ ਕਿ ਖਰੀਦ ਸਬੰਧੀ ਸਮੁੱਚੇ ਕੰਮ ਦੀ ਨਿਗਰਾਨੀ ਵਧੀਕ ਡਿਪਟੀ ਕਮਿਸਨਰ ਜਨਰਲ ਵੱਲੋਂ ਕੀਤੀ ਜਾਵੇਗੀ ਅਤੇ ਸਬੰਧਤ ਐਸਡੀਐਮ ਆਪਣੇ ਅਧਿ-ਕਾਰ ਖੇਤਰ ਵਿਚ ਖਰੀਦ ਪ੍ਰਕ੍ਰਿਆ ਦੇ ਇੰਚਾਰਜ ਹੋਣਗੇ। ਉਨ੍ਹਾਂ ਦੱਸਿਆ ਕਿ ਸੈਕਟਰ ਅਫ਼ਸਰ ਵੱਲੋਂ ਡਿਊਟੀ ਵਿੱਚ ਕਿਸੇ ਵੀ ਕਿਸਮ ਦੀ ਕੀਤੀ ਗਈ ਲਾਪਰਵਾਹੀ ਦੀ ਸੂਰਤ ਵਿੱਚ ਤੁਰੰਤ ਅਨੁਸ਼ਾਸਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।



ਡਿਪਟੀ ਕਮਿਸ਼ਨਰ ਜੋਰਵਾਲ ਨੇ ਦੱਸਿਆ ਕਿ ਕਣਕ ਦੀ ਖਰੀਦ ਦੇ ਸੁਚੱਜੇ ਪ੍ਰਬੰਧਾਂ ਲਈ ਵਧੀਕ ਡਿਪਟੀ ਕਮਿਸ਼ਨਰ ਦਫ਼ਤਰ ਸੰਗਰੂਰ ਅਤੇ ਉਪ ਮੰਡਲ ਮੈਜਿਸਟਰੇਟ ਪੱਧਰ 'ਤੇ ਕੰਟਰੋਲ ਰੂਮ ਸਥਾਪਤ ਕੀਤੇ ਜਾ ਚੁੱਕੇ ਹਨ । ਉਨ੍ਹਾਂ ਦੱਸਿਆ ਕਿ ਵਧੀਕ ਡਿਪਟੀ ਕਮਿਸ਼ਨਰ, ਸੰਗਰੂਰ ਅਨਮੋਲ ਸਿੰਘ ਧਾਲੀਵਾਲ ਦੇ ਦਫ਼ਤਰ 'ਚ ਸਥਾਪਤ ਕੀਤੇ ਕੰਟਰੋਲ ਰੂਮ ਦਾ ਸੰਪਰਕ ਨੰ: 85560-11621 ਅਤੇ 01672-234362 ਹੈ। ਉਨ੍ਹਾਂ ਕਿਹਾ ਕਿ ਇਸਦੇ ਨਾਲ ਹੀ ਉਪ ਮੰਡਲ ਮੈ-ਜਸਟਰੇਟ, ਸੰਗਰੂਰ ਨਵਰੀਤ ਕੌਰ ਸੇਖੋਂ (ਸੰਪਰਕ ਨੰ: 87288-57482, 01672-234260), ਉਪ ਮੰਡਲ ਮੈ-ਜਿਸਟਰੇਟ, ਮੂਨਕ ਵਾਧੂ ਚਾਰਜ ਸੂਬਾ ਸਿੰਘ (94630-50975, 01676-276654) ਉਪ ਮੰਡਲ ਮੈਜਿਸਟਰੇਟ ਲਹਿਰਾ ਸੂਬਾ ਸਿੰਘ (94630-50975, 01676-272125), ਉਪ ਮੰਡਲ ਮੈਜਿਸਟਰੇਟ, ਸੁਨਾਮ ਊਧਮ ਸਿੰਘ ਵਾਲਾ ਜਸਪ੍ਰੀਤ ਸਿੰਘ (ਸੰਪਰਕ ਨੰ: 98720-77729, 01672-220070), ਉਪ ਮੰਡਲ ਮੈਜਿਸਟਰੇਟ, ਧੂਰੀ ਅਮਿਤ ਕੁਮਾਰ ਨਾਲ(ਸੰਪਰਕ ਨੰ: 99583-91722, 01675-220561), ਉਪ ਮੰਡਲ ਮੈਜਿਸਟਰੇਟ, ਭਵਾਨੀਗੜ੍ਹ (70870-84857), ਉਪ ਮੰਡਲ ਮੈਜਿਸਟਰੇਟ, ਦਿੜ੍ਹਬਾ ਰਾਜੇਸ਼ ਸ਼ਰਮਾ (ਸੰਪਰਕ ਨੰ: 98764-70300, 98765-70300, 01675-220561) ਅਤੇ ਜ਼ਿਲ੍ਹਾ ਕੰਟਰੋਲਰ, ਖੁਰਾਕ ਤੇ ਸਿਵਲ ਸਪਲਾਈਜ਼ ਸਤਬੀਰ ਸਿੰਘ (ਸੰਪਰਕ ਨੰ: 94640 -00039, 01672-234051) ਨੂੰ ਨਿਗਰਾਨ ਅਧਿਕਾਰੀ ਲਾਇਆ ਗਿਆ ਹੈ ਜਿਨ੍ਹਾਂ ਨਾਲ ਕਣਕ ਦੀ ਖਰੀਦ ਪ੍ਰਕਿਰਿਆ 'ਚ ਆਉਣ ਵਾਲੀ ਕਿਸੇ ਵੀ ਪ੍ਰੇਸ਼ਾਨੀ ਸਬੰਧੀ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ।

# ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ 'ਤੇ ਸੰਗਰੂਰ 'ਚ 'ਸੇਫ਼ ਸਕੂਲ ਵਾਹਨ ਪਾਲਿਸੀ' ਤਹਿਤ ਕੀਤੀ ਗਈ ਸਕੂਲੀ ਵਾਹਨਾਂ ਦੀ ਚੈਕਿੰਗ

**ਸੰਗਰੂਰ, (ਦਲਜੀਤ ਕੌਰ)-** ਸਕੂਲੀ ਬੱਸਾਂ ਵਿੱਚ ਵਿਦਿਆਰਥੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ






ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਦੀਆਂ ਹਦਾਇਤਾਂ 'ਤੇ ਉਪ ਮੰਡਲ ਮੈਜਿਸਟਰੇਟ, ਸੰਗਰੂਰ ਨਵਰੀਤ ਕੌਰ ਸੇਖੋਂ ਦੀ ਅਗਵਾਈ ਹੇਠ ਗਠਿਤ ਟੀਮ ਵੱਲੋਂ ਸੰਗਰੂਰ ਸ਼ਹਿਰ 'ਚ ਸੇਫ ਸਕੂਲ ਵਾਹਨ ਪਾਲਿਸੀ ਦੇ ਤਹਿਤ ਸਕੂਲੀ ਵਾਹਨਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਟੀਮ ਵੱਲੋਂ ਸ਼ਹਿਰ ਦੇ 8 ਸਕੂਲਾਂ ਦਾ ਦੌਰਾ ਕੀਤਾ ਗਿਆ ਅਤੇ 'ਸੇਫ਼ ਸਕੂਲ ਵਾਹਨ ਪਾਲਿਸੀ' ਤਹਿਤ ਵਿਦਿਆਰਥੀਆਂ ਦੀ ਆਵਾਜਾਈ ਲਈ ਵਰਤੀਆਂ ਜਾਣ ਵਾਲੀਆਂ ਬੱਸਾਂ ਦੀ ਸਥਿਤੀ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਐਸਡੀਐਮ ਸੰ-ਗਰੂਰ ਨਵਰੀਤ ਕੌਰ ਸੇਖੋਂ ਨੇ ਦੱਸਿਆ ਕਿ ਬੱਚਿਆਂ ਦੀ ਸੁਰੱਖਿਆ ਨੂੰ ਮੁੱਖ ਰਖਦੇ ਹੋਏ ਸਕੂਲੀ ਬੱਸਾਂ ਵਿੱਚ ਸੀਸੀਟੀਵੀ ਕੈਮਰੇ, ਸਪੀਡ ਗਵਰਨਰ, ਗੱਡੀ ਦਾ ਫਿਟਨੈਸ ਆਦਿ ਅਤੇ ਡਰਾਇਵਰਾਂ ਤੇ ਸਹਾਇਕਾਂ ਦੇ ਲਾਇਸੰਸ ਅਤੇ ਪੁਲਿਸ ਵੈਰੀਫਿਕੇਸ਼ਨ ਸਰਟੀਫਿਕੇਟ ਚੈੱਕ ਕੀਤੇ ਗਏ। ਉਨ੍ਹਾਂ ਕਿਹਾ ਕਿ ਕਈ ਸਕੂਲਾਂ ਦੀਆਂ ਬੱਸਾਂ ਵਿੱਚ ਸੁਰੱਖਿਆ ਮਾਪਦੰਡਾਂ ਵਿੱਚ ਕਮੀਆਂ ਪਾਈਆਂ ਗਈਆ ਅਤੇ ਸਕੂਲ ਪ੍ਰਬੰਧਨ ਖਿਲਾਫ ਸਖਤ ਕਦਮ ਚੁੱਕੇ ਗਏ।

ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਨਵਨੀਤ ਕੌਰ ਤੂਰ ਨੇ ਦੱਸਿਆ ਕਿ ਬੱਚਿਆਂ ਦੀ ਸੁਰੱਖਿਆ ਨੂੰ ਜ਼ਰੂਰੀ ਮੰਨਦੇ ਹੋਏ ਆਉਣ ਵਾਲੇ ਸਮੇਂ 'ਚ ਸਾਰੇ ਜ਼ਿਲ੍ਹੇ ਵਿੱਚ ਅਜਿਹੀਆਂ ਚੈਕਿੰਗਾਂ ਕੀਤੀਆਂ ਜਾਣਗੀਆ ਅਤੇ ਕਮੀਆਂ ਪਾਉਣ ਦੀ ਸੂਰਤ ਵਿੱਚ ਸਕੂਲਾਂ ਦੇ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ।

ਇਸ ਚੈਕਿੰਗ ਦੌਰਾਨ ਟਰੈਫਿਕ ਇੰਚਾਰਜ ਐਸਆਈ ਜਸਵਿੰਦਰ ਸਿੰਘ, ਏਐਸਆਈ ਸਰਵਣ ਸਿੰਘ, ਏਐਸਆਈ ਅਵੀਨਾਸ਼ ਸਿੰਘ, ਏਐਸਆਈ ਬਲਵਿੰਦਰ ਸਿੰਘ, ਆਰਟੀਏ ਦਫ਼ਤਰ ਤੋਂ ਵਰਿੰਦਰ ਸਿੰਘ, ਸਿੱਖਿਆ ਵਿਭਾਗ ਤੋਂ ਇੰਦਰਜੀਤ ਸਿੰਘ, ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਤੋਂ ਹਰਜੀਤ ਕੌਰ ਅਤੇ ਨਿਰਮਲ ਕੌਰ ਮੌਜੂਦ ਸਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਜ਼ਿਲ੍ਹੇ 'ਚ ਸਸਤੀ ਰੇਤ ਲਈ ਜਨਤਕ ਖਾਣਾਂ ਦੀ ਗਿਣਤੀ ਪੰਜ 'ਤੇ ਪੁੱਜੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ 'ਚ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਘਰੇਲੂ ਵਰਤੋਂ ਲਈ ਸਸਤੀ ਰੇਤ ਦੇਣ ਲਈ ਚਲਾਈਆਂ ਰੇਤ ਖਾਣਾਂ ਦੀ ਗਿਣਤੀ ਵਧਾ ਕੇ ਪੰਜ ਕਰ ਦਿੱਤੀ ਗਈ ਹੈ, ਜਿੱਥੋਂ 5,50 ਰੁਪਏ ਪ੍ਰਤੀ ਘਣ ਫੁੱਟ ਰੇਤਾ ਉਪਲਬਧ ਕਰਵਾਇਆ ਜਾ ਰਿਹਾ ਹੈ। ਇਹ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਕਲ੍ਹ ਜ਼ਿਲ੍ਹਾ ਮਿਨਰਲ ਫਾਊਂਡੇਸ਼ਨ ਦੀ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਜਨਤਕ ਰੇਤ ਖਾਣਾਂ 'ਚ ਫੂਲ ਮਕੌੜੀ, ਸੈਦਪੁਰ, ਖੋਜਾ, ਰਤਨਾਣਾ ਅਤੇ ਔਲੀਆਪੁਰ ਸ਼ਾਮਿਲ ਹਨ ਜਦਕਿ ਅਗਲੇ ਦਿਨਾਂ 'ਚ ਦੋ ਤੋਂ ਤਿੰਨ ਹੋਰ ਜਨਤਕ ਖਾਣਾਂ ਦੇ ਚੱਲਣ ਦੀ ਵੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਜਨਤਕ ਰੇਤ ਖਾਣਾਂ ਤੋਂ ਪੰਜਾਬ ਸਰਕਾਰ ਨੂੰ ਡੇਢ ਕਰੋੜ ਰੁਪਏ ਤੋਂ ਵਧੇਰੇ ਦਾ ਮਾਲੀਆ ਆਇਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ 'ਚ ਵਪਾਰਕ (ਕਮਰਸ਼ੀਅਲ) ਰੇਤ



ਖਾਣਾਂ ਦੀ ਸ਼ੁਰੂਆਤ ਵੀ ਜਲਦ ਕੀਤੀ ਜਾ ਰਹੀ ਹੈ, ਜਿਸ ਤਹਿਤ ਬੁਰਜ ਟਹਿਲ ਦਾਸ, ਏ ਡੀ ਬੀ ਰੈਲ-1,2 ਵਿਖੇ ਕਮਰਸ਼ੀਅਲ ਰੇਤ ਖਾਣਾਂ ਖੋਲ੍ਹੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਜਨਤਕ ਰੇਤ ਖਾਣਾਂ 'ਚ ਕੇਵਲ ਹੱਥੀਂ (ਕਹੀਆਂ-ਬੇਲਚਿਆਂ ਨਾਲ) ਰੇਤੇ ਦੀ ਭਰਾਈ ਕੀਤੀ ਜਾਂਦੀ ਹੈ ਅਤੇ ਕਮਰਸ਼ੀਅਲ ਰੇਤ ਖਾਣਾਂ 'ਚ ਮਸ਼ੀਨਰੀ ਨਾਲ ਰੇਤੇ ਦੀ ਭਰਾਈ ਹੋ ਸਕੇਗੀ। ਵਧੀਕ ਡਿਪਟੀ ਕਮਿਸ਼ਨਰ ਅਨੁਸਾਰ ਇਸ ਦੇ ਨਾਲ ਹੀ ਨਜਾਇਜ਼ ਖਣਨ ਦੀ ਰੋਕਥਾਮ ਦੇ ਉਪਰਾਲਿਆਂ ਵਜੋਂ ਇਨ੍ਹਾਂ ਵਾਹਨਾਂ 'ਤੇ ਸੈਕਸ਼ਨ 74-75 ਅਧੀਨ ਕਾਰਵਾਈ ਕਰਦਿਆਂ 12,50 ਲੱਖ ਰੁਪਏ ਦੇ ਚਲਾਨ ਕੱਟ ਕੇ ਵਸੂਲੀ ਕੀਤੀ ਗਈ ਹੈ।

ਮੀਟਿੰਗ ਦੌਰਾਨ ਭੱਠਾ ਮਾਲਕਾਂ ਵੱਲ ਬਕਾਇਆ ਪਈ ਵਸੂਲੀ ਨੂੰ ਤੇਜ਼ ਕਰਨ ਲਈ ਹਦਾਇਤ ਕੀਤੀ ਗਈ ਅਤੇ ਉਨ੍ਹਾਂ ਵੱਲੋਂ ਬਕਾਏ ਜਮ੍ਹਾਂ ਨਾ ਕਰਵਾਏ ਜਾਣ ਦੀ ਸੂਰਤ 'ਚ ਉਨ੍ਹਾਂ ਦੇ ਲਾਇਸੰਸ ਨਵੀਨੀਕਰਣ ਰੋਕਣ ਦੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਇਸ ਤੋਂ ਇਲਾਵਾ ਜ਼ਿਲ੍ਹੇ 'ਚ ਹੜ੍ਹ ਰੋਕੂ ਕਾਰਜਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਲਈ ਵਧੀਕ ਡਿਪਟੀ ਕਮਿਸ਼ਨਰ ਵੱਲੋਂ ਦਿੱਤੀ ਹਦਾਇਤ 'ਤੇ ਡਰੇਨੇਜ ਅਧਿਕਾਰੀਆਂ ਵੱਲੋਂ ਦੱਸਿਆ ਗਿਆ ਕਿ ਇਸ ਸਬੰਧੀ ਲੋੜੀਂਦੇ ਤਖਮੀਨੇ ਬਣਾ ਕੇ ਸਰਕਾਰ ਨੂੰ ਮਨਜ਼ੂਰੀ ਲਈ ਭੇਜੇ ਜਾ ਚੁੱਕੇ ਹਨ। ਇਸ ਮੌਕੇ ਸਹਾਇਕ ਕਮਿਸ਼ਨਰ (ਜ) ਡਾ ਗੁਰਲੀਨ, ਡੀ ਐਸ ਪੀ ਸੁਰਿੰਦਰ ਚਾਂਦ, ਕਾਰਜਕਾਰੀ ਇੰਜੀਨੀਅਰ ਕਮ ਜ਼ਿਲ੍ਹਾ ਮਾਈਨਿੰਗ ਅਫ਼ਸਰ ਹੈਪੀ ਕੁਮਾਰ, ਐਸ ਡੀ ਓ ਮਾਈਨਿੰਗ ਗੁਰਜੀਤ ਸਿੰਘ, ਐਸ ਡੀ ਓ ਬਿਸਤ ਦੁਆਬ ਨਵਜੋਤ ਸਿੰਘ ਬੁਤਾਲੀਆ ਤੇ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।


2 ਅਪ੍ਰੈਲ ਜਨਮ ਦਿਨ 'ਤੇ ਵਿਸ਼ੇਸ਼

# ਸੰਘਰਸ਼ ਭਰੀ ਸਦੀ ਦਾ ਮਹਾਂ ਨਾਇਕ ਬਾਬਾ ਭਗਤ ਸਿੰਘ ਬਿਲਗਾ

ਪ੍ਰੋ. ਗੋਪਾਲ ਸਿੰਘ ਬੁੱਟਰ 91-99150 05814

ਗ਼ਦਰ ਲਹਿਰ ਦੇ ਆਖ਼ਰੀ ਜਰਨੈਲ ਅਤੇ ਉੱਘੇ ਚਿੰਤਕ ਬਾਬਾ ਭਗਤ ਸਿੰਘ ਬਿਲਗਾ ਦੁਆਬੇ ਦੇ ਪ੍ਰਸਿੱਧ ਪਿੰਡ ਬਿਲਗਾ, ਜ਼ਿਲ੍ਹਾ ਜਲੰਧਰ ਦੇ ਜੰਮਪਲ ਸਨ। ਉਹਨਾਂ ਦਾ ਜਨਮ ਇਸੇ ਪਿੰਡ ਵਿਚ 2 ਅਪ੍ਰੈਲ 1907 ਨੂੰ ਨੰਬਰਦਾਰ ਹੀਰਾ ਸਿੰਘ ਸੰਘੇੜਾ ਪੱਤੀ ਭਲਾਈ ਦੇ ਘਰ ਮਾਤਾ ਮਾਲਣ ਦੀ ਕੁੱਖੋਂ ਹੋਇਆ। ਆਪ ਆਪਣੇ ਭੈਣਾਂ ਭਰਾਵਾਂ 'ਚੋਂ ਸਭ ਤੋਂ ਛੋਟੇ ਸਨ। ਇਹਨਾਂ ਤੋਂ ਵੱਡੇ ਇਹਨਾਂ ਦੇ ਇੱਕ ਭਰਾ ਚੌਧਰੀ ਰਾਮ ਬਖਸ਼ ਤੇ ਇਹਨਾਂ ਦੇ ਬਾਪ ਦੇ ਪਹਿਲੇ ਵਿਆਹ ਤੋਂ ਦੋ ਭੈਣਾਂ ਸਨ। ਇਹ ਅਜੇ ਦੋ ਸਾਲਾਂ ਦੇ ਵੀ ਨਹੀਂ ਸਨ ਹੋਏ ਕਿ ਇਹਨਾਂ ਦੇ ਬਾਪ ਦੀ ਅਕਾਲ ਮ੍ਰਿਤੂ ਦਾ ਕਹਿਰ ਪਰਿਵਾਰ 'ਤੇ ਟੁੱਟ ਪਿਆ। ਘਰ ਦਾ ਕਮਾਊ ਅੱਧਵਾਟੇ ਛੱਡ ਕੇ ਤੁਰ ਗਿਆ ਤਾਂ ਇਹਨਾਂ ਦੀ ਮਾਤਾ ਨੂੰ ਪਰਿਵਾਰ ਦੀ ਪਰਵਰਿਸ਼ ਲਈ ਸਖ਼ਤ ਮਿਹਨਤ ਕਰਨੀ ਪਈ ਪਰ ਫੇਰ ਵੀ ਪੂਰੀ ਨਾ ਪਈ ਅਤੇ ਅਖੀਰ ਘਰ ਘਾਟ ਤਕ ਵੀ ਗਰਵੀ ਰੱਖਣਾ ਪਿਆ। ਭਗਤ ਸਿੰਘ ਬਿਲਗਾ ਬਚਪਨ ਵਿੱਚ ਮਾਲਵੇ ਦੇ ਪਿੰਡ ਅਜੀਤ ਵਾਲ ਆਪਣੀ ਮਾਸੀ ਕੋਲ ਰਹਿ ਕੇ ਨੇੜਲੇ ਪਿੰਡ ਚੂਹੜ ਚੱਕ ਪੜ੍ਹਦੇ ਰਹੇ। ਉੱਥੋਂ ਮਿਡਲ ਪਾਸ ਕਰਕੇ ਉਹਨਾਂ ਨੇ ਲੁਧਿਆਣੇ ਦੇ ਮਾਲਵਾ ਖਾਲਸਾ ਹਾਈ ਸਕੂਲ ਤੋਂ ਮੈਟ੍ਰਿਕ ਕੀਤੀ। ਘਰ ਦੀ ਗ਼ਰੀਬੀ ਕੱਟਣ ਖਾਤਿਰ ਵਿਦੇਸ਼ ਕਮਾਈ ਕਰਨ ਲਈ ਉਹ ਪਹਿਲਾਂ ਜਪਾਨ ਤੇ ਫਿਰ ਅਰਜਨਟਾਈਨਾ ਪਹੁੰਚੇ ਪਰ ਉਥੇ ਵੱਸਦੇ ਪੰਜਾਬੀ ਦੇਸ਼ ਭਗਤਾਂ ਦੇ ਅਸਰ ਨੇ ਘਰ ਦੀ ਗ਼ਰੀਬੀ ਦੀ ਥਾਂ ਦੇਸ਼ ਦੀ ਗੁਲਾਮੀ ਦੀਆਂ ਜੰਜੀਰਾਂ ਕੱਟਣ ਵਾਲੇ ਪਾਸੇ ਤੋਰ ਲਿਆ।

ਬਾਬਾ ਭਗਤ ਸਿੰਘ ਬਿਲਗਾ 2 ਅਪ੍ਰੈਲ 1907 ਤੋਂ 22 ਮਈ 2009 ਤਕ ਦੀ ਲੰਮੀ ਸਰਗਰਮ ਜ਼ਿੰਦਗੀ ਜੀਉ ਕੇ ਗੁਜ਼ਰੇ ਹਨ। ਬਾਬਾ ਜੀ ਦੇ ਬਰਤਾਨਵੀ ਸਾਮਰਾਜ ਖਿਲਾਫ਼ ਵਿਦਰੋਹੀ ਜੀਵਨ ਦਾ ਆਗਾਜ਼ ਉਹਨਾਂ ਦੇ ਵਿਦਿਆਰਥੀ ਜੀਵਨ ਵਿੱਚ ਭਾਵ ਲੁਧਿਆਣੇ ਪੜ੍ਹਦੇ ਸਮੇਂ ਹੀ ਹੋ ਗਿਆ ਸੀ ਜਦ ਵਾਇਸਰਾਏ ਦੀ ਸਕੂਲ ਫੇਰੀ 'ਤੇ ਇਹਨਾਂ ਨੇ Hip Hip Hurray ਕਹਿਣ ਦੀ ਥਾਂ ਵਾਇਸਰਾਏ ਹਾਏ ਹਾਏ ਕਹਿ ਕੇ ਸਕੂਲ ਹੈੱਡਮਾਸਟਰ ਦੀ ਬੈਂਤਾਂ ਦੀ ਸਜ਼ਾ ਕਬੂਲ ਕੀਤੀ। ਘਰ ਦੀ ਗ਼ਰੀਬੀ ਧੋਣ ਲਈ ਕਮਾਈ ਕਰਨ ਲਈ ਉਹ ਵਿਦੇਸ਼ ਗਏ ਤੇ 21 ਸਾਲ ਦੀ ਉਮਰ ਵਿੱਚ 1928 ਨੂੰ ਸ. ਅਜੀਤ ਸਿੰਘ (ਚਾਚਾ ਸ਼ਹੀਦ ਭਗਤ ਸਿੰਘ) ਦੀ ਪ੍ਰਧਾਨਗੀ ਵਾਲੀ ਅਰਜਨਟਾਈਨਾ ਦੀ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਬਣ ਕੇ ਭਾਰਤੀਆਂ ਨੂੰ ਦੇਸ਼ ਦੀ ਗ਼ੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਜੱਥੇਬੰਦ ਕਰਨ ਲੱਗ ਪਏ। ਅਰਜਨਟਾਈਨਾ ਤੋਂ ਪਾਰਟੀ ਦੇ ਆਦੇਸ਼ ਮੁਤਾਬਕ ਬਿਲਗਾ ਜੀ ਮਾਰਕਸਵਾਦ ਅਤੇ ਫੌਜੀ ਵਿਦਿਆ ਦੀ ਉਚੇਰੀ ਟਰੇਨਿੰਗ ਲੈਣ ਲਈ ਰੂਸ ਦੀ ਟੋਆਇਲਰ ਯੂਨੀਵਰਸਿਟੀ ਮਾਸਕੋ ਗਏ। ਉਥੋਂ ਉਹ 60 ਕ੍ਰਾਂਤੀਕਾਰੀਆਂ ਦਾ ਗੁਰੱਪ ਤਿਆਰ ਕਰਕੇ ਆਜ਼ਾਦੀ ਦੀ ਲੜਾਈ ਵਿੱਚ ਸ਼ਾਮਿਲ ਹੋਣ ਲਈ ਭਾਰਤ ਪਰਤੇ। ਉਹਨਾਂ ਨੇ 1934 ਤੋਂ 1936 ਤਕ ਕਲੱਕਤੇ, ਕਾਨਪੁਰ ਅਤੇ ਪੰਜਾਬ ਦੀਆਂ ਕ੍ਰਾਂਤੀਕਾਰੀ ਸੰਸਥਾਵਾਂ ਵਿੱਚ ਤਨਦੇਹੀ ਨਾਲ ਕੰਮ ਕੀਤਾ। ਬਾਬਾ ਜੀ ਨੂੰ ਗ੍ਰਿਫਤਾਰੀ ਤੋਂ ਬਾਅਦ ਲਾਹੌਰ ਦੇ ਕਿਲੇ ਵਿੱਚ ਦੋ ਮਹੀਨੇ ਅਣ ਮਨੁੱਖੀ ਤਸੀਹੇ ਦਿੱਤੇ ਗਏ ਅਤੇ ਰਿਹਾਈ ਉਪਰੰਤ ਇੱਕ ਸਾਲ ਲਈ ਪਿੰਡ ਬਿਲਗਾ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਬਾਬਾ ਬਿਲਗਾ ਜੀ ਨੂੰ 1938 ਵਿੱਚ ਜ਼ਿਲ੍ਹਾ ਕਾਂਗਰਸ ਕਮੇਟੀ ਦਾ ਸਕੱਤਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਲਾਹੌਰ ਦਾ ਮੈਂਬਰ, ਆਲ ਇੰਡੀਆ ਕਾਂਗਰਸ ਕਮੇਟੀ ਦਾ ਮੈਂਬਰ ਚੁਣਿਆ ਗਿਆ ਅਤੇ ਉਹਨਾਂ ਨੇ ਕਾਂਗਰਸ ਦੇ ਗੁਜਰਾਤ ਸੈਸ਼ਨ ਵਿੱਚ ਸ਼ਮੂਲੀਅਤ ਕੀਤੀ। ਉਹਨਾਂ ਨੂੰ 1939 ਵਿੱਚ ਕੈਂਬਲਪੁਰ ਜੇਲ੍ਹ ਵਿੱਚ ਤਿੰਨ ਸਾਲ ਬਤੌਰ ਜੰਗੀ ਕੈਦੀ ਰੱਖਿਆ ਗਿਆ। 1942 ਵਿੱਚ ਰਿਹਾ ਹੋਣ 'ਤੇ ਲੁਧਿਆਣੇ ਸਰਕਾਰ ਵਿਰੁੱਧ ਭੜਕਾਊ ਭਾਸ਼ਣ ਦੇਣ ਦੇ ਦੋਸ਼ ਵਿੱਚ ਉਹਨਾਂ ਨੂੰ ਇੱਕ ਸਾਲ ਲਈ ਮੁੜ ਜੇਲ੍ਹ ਵਿੱਚ ਬੰਦ ਕਰ ਦਿੱਤਾ। 1947-48 ਵਿੱਚ ਫਿਰਕੂ ਵੰਡ ਦਾ ਵਿਰੋਧ ਕਰਨ 'ਤੇ ਆਜ਼ਾਦ ਭਾਰਤ ਦੀ ਸਰਕਾਰ ਨੇ ਬਾਬਾ ਭਗਤ ਸਿੰਘ ਬਿਲਗਾ ਜੀ ਨੂੰ ਇੱਕ ਸਾਲ ਲਈ ਧਰਮਸ਼ਾਲਾ ਦੀ ਯੋਲ ਕੈਂਪ ਜੇਲ੍ਹ ਵਿੱਚ ਡੱਕ ਦਿੱਤਾ। 1959 ਵਿਚ ਖੁਸ਼ ਹੈਸੀਅਤੀ ਟੈਕਸ ਦੇ ਵਿਰੋਧ ਵਿੱਚ ਸੰਘਰਸ਼ ਕਰਨ 'ਤੇ ਪੰਜਾਬ ਦੀ ਕੈਰੋਂ ਸਰਕਾਰ ਨੇ ਫਿਰ ਬਾਬਾ ਬਿਲਗਾ ਜੀ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਅੰਦਰ ਬੰਦ ਕਰ ਦਿੱਤਾ। ਉਹਨਾਂ ਨੂੰ 1971 ਵਿੱਚ ਨਕਸਲੀ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਦਾ ਵਿਰੋਧ ਕਰਨ 'ਤੇ 4 ਮਹੀਨੇ ਪਟਿਆਲੇ ਜੇਲ੍ਹ ਵਿੱਚ ਕੈਦ ਰੱਖਿਆ ਗਿਆ। ਉਹਨਾਂ ਦੇ ਆਖਰੀ ਵਾਰੰਟ ਐਮਰਜੈਂਸੀ ਦਾ ਵਿਰੋਧ ਕਰਨ 'ਤੇ ਨਿਕਲੇ ਅਤੇ 6 ਅਕਤੂਬਰ 2008 ਵਿੱਚ ਜਲ੍ਹਿਆਂ ਵਾਲੇ ਬਾਗ ਦੇ ਅਸਲੀ ਸਰੂਪ ਨੂੰ ਬਚਾਉਣ, ਕਾਮਾਗਾਟਾਮਾਰੂ ਦੇ ਮੁਸਾਫਰਾਂ ਤੇ ਨਾਮਧਾਰੀ ਦੇਸ਼ ਭਗਤਾਂ ਨੂੰ ਮਾਨਤਾ ਦਿਵਾਉਣ ਸੰਬੰਧੀ ਕੀਤੇ ਰੋਸ ਮਾਰਚ ਨੂੰ ਉਹਨਾਂ ਦੇ ਵਿਦਰੋਹੀ ਜੀਵਨ ਦਾ ਆਖਰੀ ਅੰਦੋਲਨ ਮੰਨਿਆ ਜਾ ਸਕਦਾ ਹੈ, ਜਿਸ ਮਾਰਚ ਦੀ ਅਗਵਾਈ ਇਸ 101 ਸਾਲਾ ਬਜ਼ੁਰਗ ਇਨਕਲਾਬੀ ਨੇ ਵੀਲ੍ਹ ਚੇਅਰ 'ਤੇ ਬੈਠ ਕੇ ਕੀਤੀ। ਬਾਬਾ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ, ਨਾਬਰਾਬਰੀ, ਬੇਗਾਨਗੀ ਤੇ ਸ਼ੋਸ਼ਣ ਦੇ ਖਿਲਾਫ਼ ਸੰਘਰਸ਼ ਕਰਨ ਦੇ ਨਾਲ ਨਾਲ ਉਮਰ ਭਰ ਰੰਗ, ਨਸਲ, ਧਰਮ ਤੇ ਜਾਤੀ ਵਿਤਰਕੇ ਦੇ ਖਿਲਾਫ਼ ਵੀ ਨਿਰੰਤਰ ਅਤੇ ਪੂਰੀ ਤਨਦੇਹੀ ਨਾਲ ਜੱਦੋ-ਜਹਿਦ ਕੀਤੀ।ਬਾਬਾ ਜੀ ਨੇ ਦੇਸ਼ ਦੀ ਆਜ਼ਾਦੀ ਖਾਤਿਰ ਕੀਤੀਆਂ ਮਹਾਨ ਕੁਰਬਾਨੀਆਂ ਅਤੇ ਸਮੁੱਚੇ ਮਾਨਵੀ ਸਮਾਜ ਪ੍ਰਤੀ ਦਿੱਤੀਆਂ ਵੱਡਮੁਲੀਆਂ ਸੇਵਾਵਾਂ ਦੇ ਇਵਜ਼ ਵਿੱਚ ਕੋਈ ਵੀ ਸਰਕਾਰੀ ਪੈਨਸ਼ਨ ਜਾਂ ਕੋਈ ਹੋਰ ਸੁਵਿਧਾ ਪ੍ਰਵਾਨ ਨਹੀਂ ਕੀਤੀ ਪਰ ਉਹਨਾਂ ਨੂੰ ਦੁਨੀਆ ਭਰ ਵਿੱਚੋਂ ਕਈ ਗ਼ੈਰ ਸਰਕਾਰੀ ਸੰਸਥਾਵਾਂ ਵੱਲੋਂ ਸਨਮਾਨ ਅਤੇ ਸਨਮਾਨਜਨਕ ਖਿਤਾਬ ਮਿਲਦੇ ਰਹੇ। ਉਹਨਾਂ ਨੇ ਇੱਕ ਰਾਸ਼ਟਰੀ ਅਵਾਰਡ 'ਸਦੀ ਦਾ ਹੌਸਲਾ ਅਤੇ ਬਹਾਦੁਰੀ ਦਾ ਸਨਮਾਨ' ਸਿਰਫ਼ ਆਪਣੇ ਪਿਆਰਿਆਂ ਦੇ ਜ਼ੋਰ ਦੇਣ ਤੇ ਇਸ ਕਰਕੇ ਪ੍ਰਵਾਨ ਕੀਤਾ ਕਿ ਇਸ ਨਾਲ ਕੋਈ ਵਿੱਤੀ ਲਾਭ ਨਹੀਂ ਸੀ ਜੁੜਿਆ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਉਹਨਾਂ ਨੂੰ ਮਰਨ ਉਪਰਾਂਤ 'ਪੰਜਾਬ ਰਤਨ' ਦਾ ਖਿਤਾਬ ਦੇਕੇ ਸਨਮਾਨਿਤ ਕੀਤਾ। ਇਸ ਵਿੱਚ ਵੀ ਕੋਈ ਨਕਦ ਰਾਸ਼ੀ ਨਾ ਸ਼ਾਮਿਲ ਹੋਣ ਕਰਕੇ ਹੀ ਉਹਨਾਂ ਦੇ ਪਰਿਵਾਰ ਨੇ ਇਸ ਨੂੰ ਸਵੀਕਾਰ ਕੀਤਾ।



ਬਾਬਾ ਭਗਤ ਸਿੰਘ ਬਿਲਗਾ ਜੀ ਨੇ ਆਜ਼ਾਦੀ ਉਪਰੰਤ ਆਜ਼ਾਦੀ ਸੰਗਰਾਮੀਏ ਗ਼ਦਰੀ ਯੋਧਿਆਂ ਦੀ ਯਾਦਗਾਰ 'ਦੇਸ਼ ਭਗਤ ਯਾਦਗਾਰ ਹਾਲ ਜਲੰਧਰ' ਦੀ ਉਸਾਰੀ ਲਈ ਦਿਨ-ਰਾਤ ਇੱਕ ਕਰ ਦਿੱਤਾ। ਦੇਸ਼ਾਂ-ਵਿਦੇਸ਼ਾਂ ਤੋਂ ਉਗਰਾਹੀਆਂ ਕੀਤੀਆਂ ਤੇ ਆਪਣੀ ਨਿਗਰਾਨੀ ਹੇਠ ਇਸ ਵਿਸ਼ਾਲ ਯਾਦਗਾਰ ਦਾ ਨਿਰਮਾਣ ਕਰਵਾਇਆ ਤੇ ਫਿਰ ਇਸ ਨੂੰ ਅਗਾਂਹਵਧੂ ਤੇ ਧਰਮ ਨਿਰਪੱਖ ਲੋਕਾਂ ਦੇ ਮੰਚ ਵਜੋਂ ਸਥਾਪਿਤ ਕੀਤਾ। ਉਨ੍ਹਾਂ ਨੇ ਆਪ ਸੈਮੀਨਾਰ ਕਰਵਾ ਕੇ, ਕਾਨਫਰੰਸਾਂ ਕਰਵਾ ਕੇ, ਨਾਟਕ ਮੇਲੇ ਕਰਵਾ ਕੇ ਤੇ ਚੇਤਨਾ ਰੈਲੀਆਂ ਕੱਢ ਕੇ ਦੇਸ਼ ਵਾਸੀਆਂ ਨੂੰ ਜਾਗਰੂਕ ਕੀਤਾ।

ਬਾਬਾ ਜੀ ਨੇ ਜਿਥੇ ਸਮੁੱਚੇ ਦੇਸ਼ ਅਤੇ ਸਮੁੱਚੀ ਅਗਾਂਹਵਧੂ ਲਹਿਰ ਲਈ ਸੁਹਿਰਦਤਾ ਨਾਲ ਕੰਮ ਕੀਤਾ ਉੱਥੇ ਉਹਨਾਂ ਨੇ ਆਪਣੇ ਆਲੇ-ਦੁਆਲੇ ਦੇ ਸਰਵਪੱਖੀ ਵਿਕਾਸ ਲਈ ਵੀ ਸ਼ਲਾਘਾਯੋਗ ਉਪਰਾਲੇ ਕੀਤੇ। ਉਹਨਾਂ ਨੇ ਆਪਣੀ ਜਵਾਨੀ ਵਿੱਚ ਹੀ ਭਾਵ 1935-36 ਵਿੱਚ ਬਿਲਗੇ ਦੇ ਬੱਚਿਆਂ ਲਈ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਲੜਕੀਆਂ ਦਾ ਸਕੂਲ ਖੁੱਲ੍ਹਵਾਇਆ ਅਤੇ ਖੁਦ ਉਸਦੀ ਨਿਗਰਾਨੀ ਕੀਤੀ। ਉਹਨਾਂ ਨੇ 1953 ਵਿੱਚ ਬਿਲਗੇ ਵਿਖੇ ਲੜਕਿਆਂ ਦਾ ਹਾਈ ਸਕੂਲ ਖੁੱਲ੍ਹਵਾਇਆ। ਉਹ ਲੜਕੀਆਂ ਦੇ ਕਾਲਜ ਦੀ ਲੋੜ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਰਹੇ ਉਹਨਾਂ ਨੇ ਇਲਾਕੇ ਵਿੱਚ 1969 ਈ. ਵਿੱਚ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਦੇ ਅਵਸਰ 'ਤੇ ਖੁੱਲ੍ਹੇ 'ਗੁਰੂ ਨਾਨਕ ਗਰਲਜ਼ ਕਾਲਜ ਬਾਬਾ ਸੰਗ ਢੇਸੀਆਂ' ਤੇ ਗੁਰੂ ਗੋਬਿੰਦ ਸਿੰਘ ਕਾਲਜ, ਜੰਡਿਆਲਾ, ਮੰਜਕੀ ਦੇ ਨਿਰਮਾਣ ਤੇ ਸੰਚਾਲਨ ਵਿੱਚ ਯੋਗਦਾਨ ਪਾਇਆ। ਉਹਨਾਂ ਆਪਣੀ ਉਮਰ ਦੇ ਆਖਰੀ ਪੜਾਅ ਵਿੱਚ ਕਾਮਰੇਡ ਕਰਤਾਰ ਸਿੰਘ ਦੀ ਬਹੁ ਕੀਮਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਵਾ ਕੇ ਵਿਦੇਸ਼ੀ ਵੀਰਾਂ ਦੀ ਸਹਾਇਤਾ ਨਾਲ ਕਰੋੜਾਂ ਰੁਪਇਆਂ ਦੀ ਲਾਗਤ ਵਾਲਾ ਵੱਡ ਆਕਾਰੀ 'ਜਨਰਲ ਹਸਪਤਾਲ ਬਿਲਗਾ' ਬਿਲਗਾ ਨੂਰਮਹਿਲ ਰੋਡ 'ਤੇ ਬਾਬਾ ਰਹਿਮਤ ਸ਼ਾਹ ਦੀ ਦਰਗਾਹ ਦੇ ਨਜ਼ਦੀਕ ਬਣਵਾਉਣ ਵਿੱਚ ਯੋਗਦਾਨ ਪਾਇਆ, ਜਿਸਦਾ ਨੀਂਹ ਪੱਥਰ 13 ਅਪ੍ਰੈਲ 2000 ਈ. ਨੂੰ ਵਿਸਾਖੀ ਵਾਲੇ ਦਿਨ ਰੱਖਿਆ ਗਿਆ।

ਬਾਬਾ ਬਿਲਗਾ ਜੀ ਨੇ ਜਿੱਥੇ ਆਜ਼ਾਦੀ ਦੀ ਲੜਾਈ ਅਤੇ ਲੋਕ ਹਿਤਾਇਸ਼ੀ ਲਹਿਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ, ਉੱਥੇ ਉਹਨਾਂ ਨੇ ਲੋਕ ਹਿਤਾਇਸ਼ੀ ਲਹਿਰ ਅਤੇ ਇਸਦੇ ਨਾਇਕਾਂ ਨਾਲ ਸੰਬੰਧਿਤ ਇਤਿਹਾਸਿਕ ਮਹੱਤਵ ਵਾਲੀਆਂ ਪੁਸਤਕਾਂ ਦੀ ਰਚਨਾ ਵੀ ਕੀਤੀ। ਉਹਨਾਂ ਦੀਆਂ ਪੁਸਤਕਾਂ 'ਗਦਰ ਲਹਿਰ ਦੇ ਅਣਫੋਲੇ ਵਰਕੇ', 'ਮੇਰਾ ਵਤਨ, ਮੇਰੀ ਸਮਝ ਮੇਰੀ ਸੋਚ ਅਤੇ 'ਜੀਵਨੀ ਨਿਰਭੈ-ਯੋਧਾ, ਬਾਬਾ ਗੁਰਮੁਖ ਸਿੰਘ ਲਲਤੋਂ" ਅਤੇ ਅਖ਼ਬਾਰਾਂ ਰਸਾਲਿਆਂ ਵਿੱਚ ਛੱਪਣ ਵਾਲੇ ਉਹਨਾਂ ਦੇ ਲੇਖ ਆਜ਼ਾਦੀ ਸੰਗਰਾਮ ਦੇ ਇਤਿਹਾਸ ਦੇ ਨਾਲ ਸੰਬੰਧਿਤ ਮਹੱਤਵਪੂਰਨ ਦਸਤਾਵੇਜ ਹਨ।

# ਵਿਸ਼ਵ ਪੰਜਾਬੀ ਸਾਹਿਤ ਅਕਾਡਮੀ ਕੈਲੀਫੋਰਨੀਆ ਦੀ ਨਵੀਂ ਪ੍ਰਬੰਧਕ ਕਮੇਟੀ ਨਿਯੁਕਤ 8 ਅਪ੍ਰੈਲ ਨੂੰ "ਸ਼ਬਦਾਂ ਅਤੇ ਸੁਰਾਂ ਦਾ ਸੰਗਮ" ਪ੍ਰੋਗਰਾਮ ਹੋਏਗਾ

ਵਿਸ਼ਵ ਪੰਜਾਬੀ ਸਾਹਿਤ ਅਕਾਡਮੀ (ਵਿਪਸਾਅ), ਕੈਲੀਫੋਰਨੀਆਂ - ਬੇਅ-ਏਰੀਆ ਇਕਾਈ ਦੀ 19 ਤਰੀਕ ਨੂੰ ਹੋਈ ਮਾਰਚ ਮਹੀਨੇ ਦੀ ਬੈਠਕ ਵਿੱਚ ਅਗਲੇ ਸਾਲ ਲਈ ਸਰਬ-ਸੰਮਤੀ ਨਾਲ ਨਵੀਂ ਪ੍ਰਬੰਧਕ ਕਮੇਟੀ ਨਿਯੁਕਤ ਕੀਤੀ ਗਈ ਹੈ। ਵਿਪਸਾਅ ਦੇ ਮੌਜੂਦਾ ਪ੍ਰਧਾਨ ਸੁਖਵਿੰਦਰ ਕੰਬੋਜ ਨੇ ਬੈਠਕ ਦੀ ਆਰੰਭਤਾ ਕਰਦਿਆਂ ਹਾਜ਼ਰ ਮੈਂਬਰਾਂ




ਨੂੰ ਜੀ ਆਇਆਂ ਕਿਹਾ ਅਤੇ ਵਿਪਸਾਅ ਨਾਲ ਵਾਬਸਤਾ ਲੇਖਕ ਅਸ਼ੋਕ ਭੌਰਾ ਨੂੰ ਚੋਣ ਨਿਗਰਾਨ ਦੀ ਜ਼ਿੰਮੇਵਾਰੀ ਸੌਂਪੀ। ਸਾਰੇ ਹਾਜ਼ਰ ਮੈਂਬਰਾਂ ਨੇ ਸਹਿਮਤੀ ਭਰੀ ਕਿ ਚੋਣ ਸਰਬਸੰਮਤੀ ਨਾਲ ਹੋਏਗੀ,ਜਿਸ ਉਪਰੰਤ ਸੁਰਿੰਦਰ ਸੀਰਤ ਨੇ ਪ੍ਰਧਾਨਗੀ ਦੀ ਜ਼ਿੰਮੇਵਾਰੀ ਲਈ ਸ਼ਾਇਰ ਕੁਲਵਿੰਦਰ ਨੂੰ ਨਾਮਜਦ ਕੀਤਾ। ਸੁਖਵਿੰਦਰ ਕੰਬੋਜ ਨੇ ਇਸ ਦੀ ਤਾਈਦ ਕੀਤੀ। ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਕੁਲਵਿੰਦਰ ਨੂੰ ਪ੍ਰਧਾਨਗੀ ਦੀ ਜ਼ਿੰਮੇਵਾਰੀ ਲਈ ਮਾਨਤਾ ਦਿੱਤੀ। ਕੁਲਵਿੰਦਰ ਨੇ ਪ੍ਰਧਾਨਗੀ ਦੀ ਜ਼ੁੰਮੇਵਾਰੀ ਸੁਖਵਿੰਦਰ ਕੰਬੋਜ ਕੋਲ ਹੀ ਰੱਖਣ ਦੀ ਜ਼ਿਦ ਕੀਤੀ ਪਰ ਹਾਜਰ ਮੈਂਬਰਾਂ ਨੇ ਸੁਖਵਿੰਦਰ ਕੰਬੋਜ ਨੂੰ ਵਿਪਸਾਅ ਦੇ ਸਰ-ਪ੍ਰਸਤ ਅਤੇ ਕੁਲਵਿੰਦਰ ਨੂੰ ਪ੍ਰਧਾਨ ਦੇ ਆਹੁਦੇ ਲਈ ਸਰਬ-ਸੰਮਤੀ ਨਾਲ ਪ੍ਰਵਾਨਗੀ ਦਿੱਤੀ। ਕੰਬੋਜ ਅਤੇ ਸੁਰਿੰਦਰ ਸੀਰਤ ਨੇ ਜਰਨਲ ਸਕੱਤਰ ਲਈ ਜਗਜੀਤ ਨੌਸ਼ਹਿਰਵੀ ਨੂੰ ਨਾਮਜ਼ਦ ਕੀਤਾ ਜੋ ਸਾਰੇ ਮੈਂਬਰਾਂ ਨੇ ਪ੍ਰਵਾਨ ਕੀਤਾ।

ਕਮੇਟੀ ਦੇ ਹੋਰ ਅਹੁਦੇਦਾਰਾਂ ਵਿੱਚ ਅਮਰਜੀਤ ਕੌਰ ਪੰਨੂ ਅਤੇ ਚਰਨਜੀਤ ਸਿੰਘ ਪੰਨੂ ਨੂੰ ਸਰਬਸੰਮਤੀ ਨਾਲ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਪਿਛਲੇ ਕਈ ਸਾਲਾਂ ਤੋਂ ਬੜੀ ਸੁਚੱਜੇ ਢੰਗ ਨਾਲ ਵਿਪਸਾਅ ਦੀ ਸਹਾਇਕ ਸਕੱਤਰ ਵਜੋਂ ਸੇਵਾ ਨਿਭਾ ਰਹੀ ਲਾਜ ਨੀਲਮ ਸੈਣੀ ਨੂੰ ਫਿਰ ਤੋਂ ਇਸ ਜ਼ੁੰਮੇਵਾਰੀ ਲਈ ਚੁਣਿਆ ਗਿਆ। ਵਿੱਤ ਸਕੱਤਰ ਲਈ ਗੁਲਸ਼ਨ ਦਿਆਲ ਅਤੇ ਤਾਰਾ ਸਿੰਘ ਸਾਗਰ ਨੂੰ ਨਿਯੁਕਤ ਕੀਤਾ ਗਿਆ। ਸਥਾਨਕ ਪੰਜਾਬੀ ਕਮਿਊਨਿਟੀ ਤੱਕ ਪਹੁੰਚ/ ਤਾਲਮੇਲ ਰੱਖਣ ਅਤੇ ਵਿਪਸਾਅ ਦੇ ਪ੍ਰੋਗਰਾਮਾਂ ਵਿੱਚ ਕਮਿਊਨਿਟੀ ਦੀ ਸ਼ਿਰਕਤ ਨੂੰ ਵਧਾਉਣ ਦੀ ਜ਼ਿੰਮੇਵਾਰੀ ਅਸ਼ੋਕ ਭੌਰਾ ਅਤੇ ਸੁਰਿੰਦਰ ਸਿੰਘ ਧਨੋਆ ਸਿਰ ਆਇਦ ਕਰਦਿਆਂ ਇਹਨਾਂ ਦੋਹਾਂ ਸਖ਼ਸ਼ੀਅਤਾਂ ਨੂੰ ਵਿਪਸਾਅ ਦੇ ਸਲਾਹਕਾਰ ਨਿਯੁਕਤ ਕੀਤਾ ਗਿਆ। ਲੋੜ ਅਨੁਸਾਰ ਕਾਰਜਕਰਣੀ ਕਮੇਟੀ ਦਾ ਵਿਸਥਾਰ ਕਰਨ ਦਾ ਅਧਿਕਾਰ ਪ੍ਰਧਾਨ ਨੂੰ ਹਾਸਲ ਹੈ। ਕੁਲਵਿੰਦਰ ਵਲੋਂ ਨਾਮਵਰ ਗਾਇਕ ਅਤੇ ਵਿਪਸਾਅ ਮੈਂਬਰ ਸੁਖਦੇਵ ਸਾਹਿਲ ਨੂੰ ਵਿਪਸਾਅ ਦੇ ਸੰਗੀਤ/ਕਲਾ ਆਰਗੇਨਾਈਜ਼ਰ ਨਿਯੁਕਤ ਕੀਤਾ। ਕੁਲਵਿੰਦਰ ਨੇ ਹਾਜ਼ਰ ਅਤੇ ਗੈਰਹਾਜ਼ਰ ਸਭ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਭ ਦੇ ਸਹਿਯੋਗ ਨਾਲ ਵਿਪਸਾਅ ਦੇ ਸਾਰੇ ਪ੍ਰੋਗਰਾਮ ਉਲੀਕੇ ਅਤੇ ਨੇਪੜੇ ਚਾੜ੍ਹੇ ਜਾਣਗੇ। ਸਿਰਫ ਹਾਜ਼ਰੀ ਹੀ ਨਹੀਂ ਬਲਕਿ ਸਭ ਦੀ ਸਰਗਰਮ ਸ਼ਾਮੂਲੀਅਤ ਬਹੁਤ ਜ਼ਰੂਰੀ ਹੈ।

ਕਮੇਟੀ ਨਿਯੁਕਤ ਕਰਨ ਤੋਂ ਬਾਅਦ ਬੈਠਕ ਨੇ ਵਿਪਸਾਅ ਦੇ 8 ਅਪ੍ਰੈਲ ਨੂੰ ਹੋ ਰਹੇ "ਸ਼ਬਦਾਂ ਅਤੇ ਸੁਰਾਂ ਦਾ ਸੰਗਮ" ਪ੍ਰੋਗਰਾਮ ਦੀ ਵਿਉਂਤਬੰਦੀ ਬਾਰੇ ਵਿਚਾਰ ਚਰਚਾ ਕੀਤੀ। ਇਹ ਪ੍ਰੋਗਰਾਮ 8 ਅਪ੍ਰੈਲ ਨੂੰ ਸ਼ਾਮ 5 ਵਜੇ ੈਰੇ ੰਚਹੋਲ੍ਰਅਦ, ੲੱਅਰਕ ਸਥਿਤ ਮਹਿਰਾਨ ਰੈਸਟੋਰੈਂਟ ਵਿੱਚ ਹੋਏਗਾ। ਸੰਗੀਤ ਦੇ ਨਾਲ ਇਸ ਪ੍ਰੋਗਰਾਮ ਵਿੱਚ ਵਿਪਸਾਅ ਦੇ ਪ੍ਰਮੇਖ ਗ਼ਜ਼ਲ ਸ਼ਾਇਰ ਸੁਰਿੰਦਰ ਸੀਰਤ, ਕੁਲਵਿੰਦਰ, ਸੁਰਜੀਤ ਸਖੀ, ਸੁੱਖੀ ਧਾਲੀਵਾਲ ਅਤੇ ਹਰਜਿੰਦਰ ਕੰਗ ਆਪਣੀ ਸ਼ਾਇਰੀ ਪੇਸ਼ ਕਰਣਗੇ। ਪ੍ਰੋਗਰਾਮ ਦਾ ਸੰਚਾਲਨ ਲਾਜ ਨੀਲਮ ਸੈਣੀ ਅਤੇ ਜਗਜੀਤ ਨੌਸ਼ਹਿਰਵੀ ਕਰਣਗੇ। ਸਾਰਾ ਪ੍ਰੋਗਰਾਮ ਡਾ: ਸੁਖਵਿੰਦਰ ਕੰਬੋਜ, ਸੁਰਿੰਦਰ ਸਿੰਘ ਧਨੋਆ, ਅਸ਼ੋਕ ਭੌਰਾ ਅਤੇ ਅਮਰਜੀਤ ਕੌਰ ਪੰਨੂੰ ਦੀ ਸਰਪ੍ਰਸਤੀ ਹੇਠ ਨਿਭੇਗਾ। ਕਮੇਟੀ ਵਲੋਂ ਸਥਾਨਕ ਪੰਜਾਬੀ ਭਾਈਚਾਰੇ ਨੂੰ ਇਸ ਪ੍ਰੋਗਰਾਮ ਵਿੱਚ ਹਾਜ਼ਰੀ ਲਾਉਣ ਦੀ ਖਾਸ ਬੇਨਤੀ ਕੀਤੀ ਗਈ।

ਲਹਿੰਦੇ ਪੰਜਾਬ/ਪਾਕਿਸਤਾਨ ਦਾ ਹੁਣੇ ਦੌਰੇ ਕਰਕੇ ਆਏ ਅਸ਼ੋਕ ਭੌਰਾ ਅਤੇ ਸੁਰਿੰਦਰ ਧਨੋਆ ਨੇ ਆਪਣੇ ਅਨੁਭਵ ਸਾਂਝੇ ਕੀਤੇ। ਵੰਡ ਤੋਂ ਏਨੀ ਦੇਰ ਬਾਦ ਵੀ ਦੋਹਾਂ ਪੰਜਾਬਾਂ ਦੇ ਲੋਕਾਂ ਦੇ ਸੁਭਾਅ, ਬੋਲੀ, ਸਮਾਜ ਅਤੇ ਸਭਿਆਚਾਰ ਦੀਆਂ ਸਮਾਨਤਾਵਾਂ ਦਾ ਜ਼ਿਕਰ ਹੋਇਆ ਦੋਹਾਂ ਲੇਖਕਾਂ ਨੇ ਲਹਿੰਦੇ ਪੰਜਾਬ ਦੇ ਲੋਕਾਂ ਵਲੋਂ ਵਿਖਾਏ ਗਏ ਮੋਹ ਅਤੇ ਪ੍ਰਾਹੁਣਾਚਾਰੀ ਦਾ ਖਾਸ ਜ਼ਿਕਰ ਕੀਤਾ। ਅਸ਼ੋਕ ਭੌਰਾ ਨੇ ਕਿਹਾ ਕਿ ਮੀਡੀਏ ਵਿੱਚ ਕਈ ਤਰ੍ਹਾਂ ਦੇ ਡਰ ਉਛਾਲੇ ਜਾਂਦੇ ਹਨ ਪਰ ਉਹਨਾਂ ਨੂੰ ਪਾਕਿਸਤਾਨ ਦੀ ਟੂਰ ਦੌਰਾਨ ਸੁਰੱਖਿਆ ਦਾ ਕੋਈ ਮਸਲਾ ਨਜ਼ਰ ਨਹੀਂ ਆਇਆ। ਸਾਨੂੰ ਦੋਹਾਂ ਪੰਜਾਬਾਂ ਦੇ ਲੋਕਾਂ ਵਿੱਚ ਸਾਂਝ ਵਧਾਉਣ ਦੇ ਯਤਨ ਕਰਦੇ ਰਹਿਣਾ ਚਾਹੀਦਾ ਹੈ।

**ਜਾਰੀ ਕਰਤਾ ਜਗਜੀਤ ਨੌਸ਼ਹਿਰਵੀ - ਜਰਨਲ ਸਕੱਤਰ**

# ਦਲਿਤ ਬੱਚੀ ਡਾਕਟਰ ਪੰਪੋਸ਼ ਦੀ ਆਤਮਿਕ ਸ਼ਾਂਤੀ ਲਈ ਕੱਢਿਆ ਮੋਮਬੱਤੀ ਮਾਰਚ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਿੱਖ ਕੌਮ ਦੇ ਪਵਿੱਤਰ ਸ਼ਹਿਰ ਸ਼੍ਰੀ ਅਮ੍ਰਿਤਸਰ ਸਾਹਿਬ ਵਿਖੇ ਤੇ ਗੁਰੂ ਰਾਮਦਾਸ ਜੀ ਦੇ ਨਾਮ ਤੇ ਬਣੇ ਮੈਡੀਕਲ ਕਾਲਜ ਵਲੋਂ ਜਾਤੀ ਉਤਪੀੜਨ ਨਾ ਸਹਿੰਦੀ ਹੋਈ ਡਾਕਟਰ ਪੰਪੋਸ਼ ਵਲੋਂ ਕੀਤੀ ਆਤਮਹੱਤਿਆ ਨਾਲ ਦਲਿਤ ਕੌਮ ਡਾਹਢੇ ਰੋਸ਼ ਵਿੱਚੋਂ ਗੁਜਰ ਰਹੀ ਹੈ। ਜਨਰਲ ਜਾਤ ਦੇ ਉਥੇ ਕੰਮ ਕਰਦੇ ਨਾਲ ਦੇ ਡਾਕਟਰਾਂ ਵਲੋਂ ਜਾਤੀ ਤੌਰ ਤੇ ਜਲੀਲ ਕੀਤੀ



ਡਾਕਟਰ ਪੰਪੋਸ਼ ਨੂੰ ਕਿੰਨਾ ਮਜਬੂਰ ਕੀਤਾ ਗਿਆ ਹੋਵੇਗਾ ਔੜ ਉਹ ਜਿੰਦਗੀ ਨੂੰ ਜਿਊਣ ਤੋਂ ਹੀ ਨਿਰਾਸ਼ ਹੋ ਗਈ ਤੇ ਸੱਸ ਕੇ ਮੌਤ ਨੂੰ ਗਲੇ ਲਾ ਲਿਆ। ਅੱਜ ਡਾਕਟਰ ਪੰਪੋਸ਼ ਦੀ ਆਤਮਿਕ ਸ਼ਾਂਤੀ ਲਈ ਪਿੰਡ ਮੀਰਪੁਰ ਜੱਟਾਂ ਵਿਖੇ ਮੋਮਬੱਤੀ ਮਾਰਚ ਕੱਢਿਆ ਗਿਆ ਅਤੇ ਡਾਕਟਰ ਪੰਪੋਸ਼ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਵਾਲਿਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ। ਪਿੰਡ ਵਾਸੀਆ 'ਤੇ ਸਮਾਜ ਦੇ ਚਿੰਤਕਾਂ ਵਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਤੋਂ ਮੋਮਬੱਤੀ ਮਾਰਚ ਆਰੰਭ ਕਰਕੇ ਸ਼੍ਰੀ ਗੁਰੂ ਰਵਿਦਾਸ ਗੁਰੂਘਰ ਵਿਖੇ ਸਮਾਪਤ ਕੀਤਾ। ਮੋਮਬੱਤੀ ਮਾਰਚ ਵਿੱਚ ਰੇਸ਼ਮ ਮੀਰਪੁਰੀ, ਐਡਵੋਕੇਟ ਵਿਜੈ ਕੁਮਾਰ, ਇਲਾਕੇ ਦੇ ਸਿਰਕੱਢ ਸ਼ਾਇਰ ਬੇਦੀ ਮੀਰਪੁਰੀ, ਪੇਂਡੂ ਮਜ਼ਦੂਰ ਯੂਨੀਅਨ ਦੇ ਤਹਿਸੀਲ ਪ੍ਰਧਾਨ ਸੁਰਿੰਦਰ ਮੀਰਪੁਰੀ, ਸੰਦੀਪ ਵਾਲੀਆ, ਸੋਨੂੰ ਵਾਲੀਆ, ਮੁਨਸ਼ੀ ਸੁਰਿੰਦਰ ਪਾਲ, ਸਾਬਕਾ ਪੰਚ ਜੋਗਿੰਦਰ ਪਾਲ, ਸਾਬਕਾ ਸਰਪੰਚ ਜੋਗਿੰਦਰ ਸਿੰਘ, ਮਿਸਤਰੀ ਸੰਤ ਰਾਮ, ਮਿਸਤਰੀ ਰੂਪ ਲਾਲ, ਮਾਸਟਰ ਸਤਨਾਮ ਰਾਮ, ਜਸਵਿੰਦਰ ਰਾਮ, ਸੋਨੂੰ ਚੁੰਬਰ, ਲੱਭੀ ਵਾਲੀਆ, ਨੀਲਮ ਵਾਲੀਆ, ਸੋਨੀਆ ਬੇਦੀ, ਖੁਸ਼ੀ ਰਾਮ, ਬੀਬੀ ਪਿਆਰੀ ਸਮੇਤ ਸਮੂਹ ਹਮਦਰਦਾਂ ਵਲੋਂ ਹਿੱਸਾ ਲਿਆ ਗਿਆ।

# ਬਾਬਾ ਬੁੱਲ੍ਹੇ ਸ਼ਾਹ



ਸੂਫੀ ਕਾਵਿ-ਧਾਰਾ ਰੂਹਾਨੀਅਤ ਦੇ ਰੰਗ ਵਿਚ ਰੰਗੀ ਪ੍ਰੇਮ-ਧਾਰਾ ਹੈ। ਜੋ ਲੋਕ ਧਾਰਨਾ ਤੇ ਚਲਦੇ ਆਮ ਵਿਚਾਰਾਂ ਨੂੰ ਸਰਲ ਬੋਲੀ ਵਿਚ ਪੇਸ਼ ਕਰਦੀ ਹੈ। ਇਸ਼ਕ ਹਕੀਕੀ ਨੂੰ ਇਸ਼ਕ ਮਿਜਾਜ਼ੀ ਦੀਆਂ ਮਿਸਾਲਾਂ ਦੇ ਕੇ ਗਾਇਆ ਗਿਆ ਹੈ। ਸੂਫੀ ਪੰਜਾਬੀ ਕਵਿਤਾ ਰੋਜ਼ਮੱਰਾ ਦੇ ਪੇਂਡੂ ਜੀਵਨ ਦੇ ਚਿੰਨ੍ਹਾਂ ਪ੍ਰਤੀਕਾਂ ਨਾਲ ਸ਼ਿੰਗਾਰੀ ਗਈ ਹੈ। ਇਸਲਾਮੀ ਪ੍ਰੰਪਰਾ ਦੇ ਹਵਾਲੇ ਨਾਲ ਸੂਫੀ ਸਾਹਿਤ ਤੇ ਲੋਕ ਸਾਹਿਤ ਦਾ ਡੂੰਘਾ ਪ੍ਰਭਾਵ ਹੈ। ਇਸੇ ਸੰਦਰਭ ਵਿਚ ਬੁੱਲ੍ਹੇ ਸ਼ਾਹ ਸੂਫੀ ਦਰਵੇਸ਼ ਅਤੇ ਪੰਜਾਬੀ ਦਾ ਮਹਾਨ ਸੂਫੀ ਕਵੀ ਹੈ। ਬੁੱਲ੍ਹੇ ਸ਼ਾਹ ਇਕ ਅਜਿਹਾ ਵਿਦਵਾਨ ਸੀ ਜਿਸਨੂੰ ਪੰਜਾਬੀ ਸਾਹਿਤ ਨਾਲ ਅਰਬੀ, ਫਾਰਸੀ ਭਾਸ਼ਾਵਾਂ ਦੇ ਰਹੱਸਵਾਦੀ ਸਾਹਿਤ ਦੀ ਵੀ ਡੂੰਘੀ ਜਾਣਕਾਰੀ ਸੀ। ਉਸਨੂੰ ਪੰਜਾਬੀ ਰਚਨਾ ਕਾਫ਼ੀਆਂ ਵਿਚ ਪ੍ਰਸਿੱਧੀ ਮਿਲੀ। ਉਸਦਾ ਇਹ ਕਲਾਮ ਕਵਾਲਾਂ ਵੱਲੋਂ ਗਾਇਆ ਜਾਂਦਾ ਹੈ। ਉਸਦੀ ਰਚਨਾ ਵਿਚ ਪੰਜਾਬੀਅਤ ਦਾ ਰੰਗ ਝਲਕਦਾ ਹੈ ਅਤੇ ਜਨਜੀਵਨ ਦੇ ਨੇੜੇ ਹੈ। ਉਸਦੀ ਰਚਨਾ ਵਿਚ ਰਹੱਸਵਾਦੀ ਵਿਚਾਰ ਪੇਸ਼ ਹੋਏ ਹਨ। ਹੋਰ ਵਿਸਥਾਰ ਵਿਚ ਉਸਦੀ ਰਚਨਾ ਵਿਚ ਬਿਰਹਾ ਦੀਆਂ ਭਾਵਨਾਵਾਂ ਹਨ। ਪੰਜਾਬੀ ਵਿਚ ਉਸਦੀ ਰਚਨਾ ਵਿਚ 156 ਕਾਫ਼ੀਆਂ, 49 ਦੋਹੜੇ, 40 ਗੰਢਾਂ, 3 ਸੀਹਰਫੀਆਂ, 1 ਅਠਵਾਰਾ ਅਤੇ ਬਾਰਾਂਮਾਹ ਹਨ। ਬੁੱਲ੍ਹੇ ਦਾ ਕਾਵਿ ਸੰਗੀਤਮਈ ਹੈ।

ਬੁੱਲ੍ਹੇ ਸ਼ਾਹ ਦਾ ਜਨਮ 1680 ਵਿਚ ਸ਼ਹਿਰ ਕਸੂਰ ਦੇ ਨੇੜੇ ਪਿੰਡ ਪਾਡੋਕੀ (ਪਾਕਿਸਤਾਨ) ਵਿਚ ਹੋਇਆ। ਪਿਤਾ ਪਿੰਡ ਦੀ ਮਸਜਿਦ ਵਿਚ ਨਮਾਜ਼ ਪੜ੍ਹਾਇਆ ਕਰਦੇ ਸਨ। ਉਹ ਪਿੰਡ ਦੇ ਬੱਚਿਆਂ ਨੂੰ ਅਰਬੀ, ਉਰਦੂ, ਫਾਰਸੀ ਵਿਚ ਸਿੱਖਿਆ ਦਿੰਦੇ ਸਨ। ਬੁੱਲ੍ਹੇ ਸ਼ਾਹ ਦੀ ਮੁਢਲੀ ਪੜ੍ਹਾਈ ਪਿਤਾ ਕੋਲੋਂ ਹੀ ਹੋਈ। ਉਚੇਰੀ ਸਿੱਖਿਆ ਲਈ ਕਸੂਰ ਸ਼ਹਿਰ ਜਾ ਕੇ ਹਜ਼ਰਤ ਗੁਲਾਮ ਮੁਰਤਜ਼ਾ ਦਾ ਸ਼ਾਗਿਰਦ ਬਣ ਗਿਆ ਜੋ ਅਰਬੀ ਫਾਰਸੀ ਦਾ ਉੱਚ ਕੋਟੀ ਦਾ ਵਿਦਵਾਨ ਸੀ। ਬੁੱਲ੍ਹੇ ਸ਼ਾਹ ਨੇ ਅਰਬੀ, ਫਾਰਸੀ ਅਤੇ ਕੁਰਾਨ ਦਾ ਅਧਿਐਨ ਕੀਤਾ। ਅਧਿਆਤਮਕ ਮਾਰਗ ਦਰਸ਼ਕ ਦੀ ਖੋਜ ਕੀਤੀ। ਬੁੱਲ੍ਹੇ ਸ਼ਾਹ ਨੇ ਸ਼ਾਹ ਹੁਸੈਨ, ਸੁਲਤਾਨ ਬਾਹੂ ਅਤੇ ਸ਼ਾਹ ਸ਼ਰਫ ਵਰਗੇ ਕਵੀਆਂ ਦੀ ਸਥਾਪਤ ਪੰਜਾਬੀ ਕਵਿਤਾ ਨੂੰ ਅਗਾਂਹ ਤੋਰਿਆ। ਜਿਸ ਵਿਚ ਜੀਵਨ ਖੋਜ ਦੀ ਰਚਨਾ ਹੈ। ਜਿਵੇਂ ਸਿਰਜਣਹਾਰ ਕੌਣ ਹੈ? ਸੱਚ ਕੀ ਹੈ? ਜ਼ਿੰਦਗੀ ਦਾ ਕੀ ਅਰਥ ਹੈ? ਪ੍ਰਮਾਤਮਾ ਕਿਵੇਂ ਪਾਇਆ ਜਾ ਸਕਦਾ ਹੈ? ਮੈਂ ਕੌਣ ਹਾਂ? ਅਜਿਹੇ ਖੋਜੀ ਸਵਾਲ ਹਨ। ਬੁੱਲ੍ਹਾ ਇਕੱਲਾ ਕਵੀ ਨਹੀਂ ਸੀ, ਸਗੋਂ ਬਹੁਤਾ ਫਕੀਰ ਸੀ। ਉਸਦੀ ਫਕੀਰੀ ਨੇ ਹੀ ਉਸਨੂੰ ਪ੍ਰਸਿੱਧ ਕੀਤਾ ਹੈ। ਫਕੀਰਾਂ ਦੀ ਸੰਗਤ ਤੇ ਦੇਸ਼ ਵਿਚ ਹੋ ਰਹੀ ਰਾਜਗਰਦੀ ਨੇ ਬੁੱਲ੍ਹੇ ਸ਼ਾਹ ਦੇ ਮਨ 'ਤੇ ਡੂੰਘਾ ਅਸਰ ਕੀਤਾ। ਲਾਹੌਰ ਦੇ ਪੀਰ ਸ਼ਾਹ ਇਨਾਇਤ ਕਾਦਰੀ ਨੂੰ ਆਪਣਾ ਪੀਰ ਧਾਰਿਆ। ਰੂਹਾਨੀ ਸਿੱਖਿਆ ਹਾਸਲ ਕੀਤੀ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਮੇਰਾ ਮੁਰਸ਼ਦ ਸ਼ਾਹ ਇਨਾਇਤ, ਉਹ ਲੰਘਾਏ ਪਾਰ।

ਜਿਸ ਸਮੇਂ ਬੁੱਲ੍ਹਾ ਪੀਰ ਕੋਲ ਗਿਆ ਤਾਂ ਉਹ ਗੰਢਿਆਂ ਦੀ ਪਨੀਰੀ ਲਾ ਰਹੇ ਸਨ। ਬੁੱਲ੍ਹੇ ਸ਼ਾਹ ਨੇ ਰੱਬ ਦੀ ਪ੍ਰਾ-ਪਤੀ ਦਾ ਸਾਧਨ ਪੁੱਛਿਆ। ਪੀਰ ਨੇ ਸਹਿਜ-ਸੁਭਾਅ ਆਖਿਆ।

ਬੁੱਲ੍ਹਿਆ ਰੱਬ ਦਾ ਕੀ ਪਾਉਣਾ।<br>
ਐਧਰੋਂ ਪੁੱਟਣਾ ਇਧਰ ਲਾਉਣਾ।

ਭਾਵ, ਜਿਸ ਤਰ੍ਹਾਂ ਪਨੀਰੀ ਨੂੰ ਇਕ ਥਾਂ ਤੋਂ ਪੁੱਟ ਕੇ ਦੂਜੀ ਥਾਂ ਲਾਇਆ ਜਾਂਦਾ ਹੈ, ਇਸੇ ਤਰ੍ਹਾਂ ਮਾਇਆ ਵਿਚ ਖੱਚਿਤ ਮਨ ਨੂੰ ਇਸ ਪਾਸਿਉਂ ਹਟਾ ਕੇ ਹੀ ਰੱਬ ਵਾਲੇ ਪਾਸੇ ਲਾਇਆ ਜਾ ਸਕਦਾ ਹੈ। ਇਸ ਤੋਂ ਬਿਨਾਂ ਰੂਹਾਨੀ ਜੀਵਨ ਪ੍ਰਫੁੱਲਿਤ ਨਹੀਂ ਹੁੰਦਾ। ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਦੇ ਉਪਦੇਸ਼ ਅਨੁਸਾਰ ਕਠਿਨ ਤਪ ਤੇ ਘਾਲਣਾ ਘਾਲਣ ਲੱਗੇ। ਸ਼ਰੀਅਤ ਤੇ ਤਰੀਕਤ ਦੀਆਂ ਸਾਰੀਆਂ ਤਰਕੀਬਾਂ ਕੀਤੀਆਂ:

ਸ਼ਰੀਅਤ ਸਾਡੀ ਦਾਈ ਹੈ। ਤਰੀਕਤ ਸਾਡੀ ਮਾਈ ਹੈ।<br>
ਅੱਗੋਂ ਹੱਕ ਹਕੀਕਤ ਆਈ ਹੈ। ਮਾਰਫਤੋਂ ਕਿਛੁ ਪਾਇਆ ਹੈ।

ਬੁੱਲ੍ਹਾ ਉਦਾਰਤਾ ਨਾਲ ਰੱਬ ਦੇ ਇਸ਼ਕ ਵਿਚ ਅੱਗੇ ਮੰਜ਼ਿਲ ਵੱਲ ਵਧਦਾ ਹੈ। ਆਪਣੇ ਮੁਰਸ਼ਦ ਦੇ ਗੀਤ ਗਾਉਣ ਲੱਗਾ। ਮੁਰਸ਼ਦ ਲਈ ਪਿਆਰ ਬਿਹਬਲਤਾ ਨੇ ਹੀ ਉਸਨੂੰ ਕਵੀ ਬਣਾਇਆ।

ਮੈਂ ਜੁ ਤੈਨੂੰ ਆਖਿਆ, ਕੋਈ ਘੱਲ ਸੁਨੇਹੜਾ।<br>
ਚਸ਼ਮਾ ਸੇਜ ਵਿਛਾਨੀਆ, ਦਿਲ ਕੀਤਾ ਡੇਰਾ।<br>
ਮੈਂ ਉਡੀਕਾਂ ਕਰ ਰਹੀ ਕਦੀ ਆ ਕਰ ਫੇਰਾ।<br>
ਢੂੰਡ ਸ਼ਹਿਰ ਸਭ ਭਾਲਿਆ, ਘੱਲਾ ਕਾਸਦ ਕੇਹੜਾ।<br>
ਚੜ੍ਹੀ ਆਂ ਡੋਲੀ ਪ੍ਰੇਮ ਦੀ, ਦਿਲ ਧੜਕੇ ਮੇਰਾ।<br>
ਆ ਇਨਾਇਤ ਕਾਦਰੀ, ਜੀ ਚਾਹੇ ਮੇਰਾ।<br>
ਮੈਂ ਉਡੀਕਾਂ ਕਰ ਰਹੀ, ਕਦੀ ਆ ਕਰ ਫੇਰਾ।

ਬੁੱਲ੍ਹਾ ਥਾਂ-ਥਾਂ ਦੀਵਾਨਾ ਹੋ ਕੇ ਫਿਰਦਾ ਰਿਹਾ। ਬੁੱਲ੍ਹਾ ਮਸਤ ਕਲੰਦਰ ਹੋ ਕੇ ਥਾਂ-ਥਾਂ ਨੱਚਦਾ ਫਿਰਦਾ ਸੀ। ਉਸਨੂੰ ਭਾਵੇਂ ਨੱਚਣਾ ਆਉਂਦਾ ਸੀ ਜਾ ਨਾ, ਪਰ ਤੀਬਰਤਾ ਬੜੇ ਜ਼ੋਰ ਦੀ ਸੀ। ਜੋ ਛਲਕ ਛਲਕ ਪੈਂਦੀ ਸੀ।

ਬਹੁੜੀ ਬਹੁੜੀ ਵੇ ਤਬੀਬਾ! ਮੈਂਡੀ ਜਿੰਦ ਗਈ ਆ।<br>
ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆਂ।

ਫਕੀਰ ਅੰਦਰ ਪਿਆਰ ਦੀ ਚੰਗਿਆੜੀ ਪ੍ਰਚੰਡ ਹੋ ਜਾਂਦੀ ਹੈ। ਉਹ ਸ਼ਰੀਅਤ ਦੇ ਬੰਧਨਾਂ ਤੋਂ ਅੱਗੇ ਹੋ ਨਿਕਲਦਾ ਹੈ। ਇਸ਼ਕ ਦੀ ਬਹਾਰ ਵਿਚ ਪੁਰਾਣੇ ਪਤਝੜ ਦੇ ਪੱਤਿਆਂ ਦੀ ਖੜ ਖੜ ਦੀ ਆਵਾਜ਼ ਖਤਮ ਹੋ ਜਾਂਦੀ ਹੈ:

ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ, ਮਸਜਿਦ ਕੋਲੋਂ ਜੀਉੜਾ ਡਰਿਆ।<br>
ਡੇਰੇ ਜਾ ਠਾਕੁਰ ਦੇ ਵੜਿਆ, ਜਿੱਥੇ ਵੱਜਦਾ ਨਾਦ ਹਜ਼ਾਰ<br>
ਇਸ਼ਕ ਦੀ ਨਵੀਉਂ ਨਵੀਂ ਬਹਾਰ।

ਪਰ ਇਸ਼ਕ ਦੀ ਖੇਡ ਕੋਈ ਸੌਖੀ ਜਾਂ ਸੁਆਦਲਾ ਕੰਮ ਨਹੀਂ। ਕਸੁੰਭੜੇ ਦਾ ਚੁਗਣ ਹੈ। ਬੁੱਲ੍ਹੇ ਸ਼ਾਹ ਨੇ ਅਤਿ ਕਠਿਨਾਈ ਦਾ ਸਾਹਮਣਾ ਕੀਤਾ।

ਨੀ ਮੈਂ ਕੁਸੰਭੜਾ ਚਰਾ ਚੁਗ ਹਾਰੀ,<br>
ਏਸ ਕਸੁੰਭੜੇ ਦੇ ਕੰਢੇ ਭਲੇਰੇ, ਅੜ ਅੜ ਚੁੰਨਰੀ ਪਾੜੀ।<br>
ਭੈਣਾ! ਮੈਂ ਕੱਤਦੀ ਕੱਤਦੀ ਹਟੀ,<br>
ਪੜੀ ਪਛੀ ਪਛਵਾੜੇ ਰਹਿ ਗਈ, ਹੱਥ ਵਿਚ ਰਹਿ ਗਈ ਜੁੱਟੀ,<br>
ਮੈਂ ਇਆਣੀ ਨੇਹੁੰ ਕੀ ਜਾਣਾ, ਇਹ ਕਿਉਂ ਕਰਦਾ ਲੋਕ ਧਿਙਾਣਾ।<br>
ਕਿਆ ਗੁਲ ਮੇਵਾ ਹੈ ਹਿੰਦਵਾਣਾ<br>
ਮਾਪਿਆਂ ਕੋਲੋਂ ਛਪ ਛਪ ਰੋਵਾਂ, ਕਰ ਕਰ ਲੱਖ ਬਹਾਨੇ।<br>
ਇਸ਼ਕ ਅਸਾਂ ਨਾਲ ਕੇਹੀ ਕੀਤੀ ਲੋਕ ਮਰੇਂਦੇ ਤਾਹਨੇ।<br>
ਕੀ ਕਰਦਾ ਵੋਕੀ ਕਰਦਾ ਵੋ, ਪੁਛੋ ਤਾਂ ਦਿਲਬਰ ਕੀ ਕਰਦਾ ਵੋ<br>
ਇਕਸੇ ਘਰ 'ਚ ਵਸਦਿਆਂ ਰਸਦਿਆਂ ਨਹੀਂ ਬਣਦਾ ਵਿਚ ਪੜਦਾ ਵੋ।<br>
ਵਾਹਦਤ ਦਾ ਦਰਿਆਉ ਸਤ੍ਰਾਣਾ, ਕੋਈ ਡੁੱਲਦਾ ਕੋਈ ਤਰਦਾ ਵੋ।<br>
ਬੁੱਲ੍ਹੇ ਸ਼ਾਹ ਨੂੰ ਆਣ ਮਿਲਾਵਹੁ, ਮਹਿਰਮ ਹੈ ਇਸ ਘਰਦਾ ਵੋ।<br>
ਉਹ ਚਾਹੁੰਦਾ ਹੈ ਕਿ ਪ੍ਰਭੂ ਮਿਲਾਪ ਸਦਾ ਬਣਿਆ ਰਹੇ।<br>
ਘੜਿਆਲੀ ਦੇਹੁ ਨਿਕਾਲ ਨੀ ਅਜ ਪੀਅ, ਘਰ ਆਇਆ ਲਾਲ।

ਰੱਬ ਦੇ ਦੀਦਾਰ ਬਾਅਦ ਬੁੱਲ੍ਹਾ ਇਸ ਮਿਲਾਪ ਨੂੰ ਹੀਰ ਰਾਂਝੇ ਦੇ ਰੂਪਕ ਵਿਚ ਗਾਇਨ ਕਰਦਾ ਹੈ। ਨਵੇਂ ਪਿਆਰ ਦੇ ਰੰਗ ਨੇ ਅਨੋਖੀ ਨੁਹਾਰ ਬਣਾ ਦਿੱਤੀ ਹੈ।

ਰਾਂਝਾ ਜੋਗੀਅੜਾ ਬਣ ਆਯਾ ਨੀ।<br>
ਵਾਹ ਵਾਹ ਸਾਂਗੀ ਸਾਂਗ ਰਚਾਯਾ ਨੀ।<br>
ਇਸ ਜੋਗੀ ਦੇ ਨੈਣ ਕਟੋਰੇ, ਬਾਜ਼ਾਂ ਵਾਂਗੂ ਲੈ ਦੇ ਡੋਰੇ<br>
ਮੁਖ ਵੇਖਿਆ ਜਾਵਨ ਦੁਖ ਝੋਰੇ, ਇਹਨਾਂ ਅੱਖੀਆਂ ਲਾਲ ਲਖਾਯਾ ਨੀ।<br>
ਰਾਂਝਾ ਜੋੜੀਅੜਾ ਬਣ ਆਇਆ ਨੀ।<br>
ਬੁੱਲ੍ਹੇ ਸ਼ਾਹ ਦੀ ਹੁਣ ਗਤਿ ਪਾਈ, ਪ੍ਰੀਤ ਪੁਰਾਣੀ ਸ਼ੋਰ ਮਚਾਈ<br>
ਏਹ ਹਾਲ ਕੀਕਣ ਛਪੈ ਛਪਾਈ, ਲੈ ਤਖਤ ਹਜ਼ਾਰੇ ਨੂੰ ਧਾਇਆ ਨੀ<br>
ਰਾਂਝਾ ਜੋਗੀਅੜਾ ਬਣ ਆਇਆ ਨੀ।

ਬੁੱਲ੍ਹੇ ਸ਼ਾਹ ਆਪਣੇ ਪਿਆਰੇ ਤੋਂ ਸਦਕੇ ਜਾਂਦਾ ਹੈ ਅਤੇ ਸਵਾਲ ਕਰਦਾ ਹੈ ਕਿ ਤੈਨੂੰ ਵੀ ਸਾਡੀ ਇਤਨੀ ਖਿੱਚ ਹੈ।

ਬੁੱਲ੍ਹਾ ਸ਼ਾਹ ਤੈਂ ਪਹਿ ਵਾਰੇ ਹਾਂ, ਮੁੱਖ ਦੇਖਣ ਦੇ ਵਣਜਾਰੇ ਹਾਂ।<br>
ਕਿਛੁ ਅਸੀਂ ਭਿ ਤੈਨੂੰ ਪਿਆਰੇ ਹਾਂ, ਕਿ ਮਾਹੀਏ ਘੋਲ ਘੁਮਾਈ?

ਚਿਣਗ ਦੁਵੱਲੀ ਸੁਲਗਦੀ ਹੈ। ਅਖੀਰ ਇਕਮਿਕ ਹੋ ਨਿਬੜਦੀ ਹੈ, ਇਸ ਅਭੇਦਤਾ ਦਾ ਰੰਗ ਬੜਾ ਨਿੱਖਰਵਾਂ ਹੈ।

ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ।<br>
ਸੱਦੋ ਨੀ! ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।

ਬੁੱਲ੍ਹੇ ਸ਼ਾਹ ਅੰਦਰ ਰੱਬ ਦਾ ਅਜਿਹਾ ਨੂਰੀ ਚਾਨਣ ਆ ਗਿਆ, ਉਹ ਹਰ ਮਨੁੱਖ ਵਿਚ ਉਸਦੀ ਵਿਆਪਕਤਾ ਦੇਖਦਾ ਹੈ। ਮਜ਼ਬੀ ਬੰਧਨਾਂ ਵਿਚ ਫਾਥੀ ਅੰਧੀ ਦੁਨੀਆਂ ਵਾਲੀ ਤੁਅੱਸਬ ਦੀ ਐਨਕ ਉਸ ਉਤਾਰ ਦਿੱਤੀ।

ਕਿਤੇ ਰਾਮਦਾਸ ਕਿਤੇ ਫਤੇ ਮੁਹੰਮਦ ਇਹੋ ਕਦੀਮੀ ਸ਼ੋਰ।<br>
ਮੁਸਲਮਾਨ ਸਿਵੇ ਤੋਂ ਚਿੜ੍ਹਦੇ ਹਿੰਦੂ ਚਿੜਦੇ ਗੋਰ।<br>
ਚੁਕ ਗਏ ਸਭ ਝਗੜੇ ਝੇੜੇ ਨਿਕਲ ਗਿਆ ਕੋਈ ਹੋਰ।<br>
ਸਾਧੋ! ਕਿਸ ਨੂੰ ਕੂਕ ਸੁਣਾਵਾਂ, ਮੇਰੀ ਬੁੱਕਲ ਦੇ ਵਿਚ ਚੋਰ।

ਬੁੱਲ੍ਹੇ ਸ਼ਾਹ ਸ਼ਰਈ ਜਾਂ ਬਹੁਤ ਪੜ੍ਹਿਆ ਲਿਖਿਆ ਦੋਹਾਂ ਗੱਲਾਂ ਤੋਂ ਆਜ਼ਾਦ ਸੀ:

ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖਤ ਹਜ਼ਾਰੇ।<br>
ਜਿਤ ਵਲ ਯਾਰ ਉਤੇ ਵਲ ਕਾਬਾ, ਵੇਖ ਕਿਤਾਬਾ ਚਾਰੇ।<br>
ਭਠ ਨਿਮਾਜਾ ਤੇ ਚਿਕੜ ਰੋਜ਼ੇ ਕਲਮੇ ਤੇ ਫਿਰੀ ਸਿਆਹੀ।<br>
ਬੁਲ੍ਹੇ ਸ਼ਾਹਸਹੁ ਅੰਦਰੋਂ ਪਾਇਆ, ਭੁਲੀ ਫਿਰੇ ਲੁਕਾਈ।

ਬੁਲਾ ਸ਼ਰਈ ਬੰਧਨਾਂ ਤੋਂ ਉਪਰ ਉੱਠ ਕੇ, ਹਜ਼ਰਤ ਮੁਹੰਮਦ ਸਾਹਿਬ ਦੇ ਕਰੀਬੀ ਹੋ ਕੇ ਇਕ ਆਸ਼ਕ ਵਾਂਗ ਕਰੀਬ ਹੋ ਕੇ ਮਾਹੀ ਨੂੰ ਪੁਕਾਰਦਾ ਹੈ।

ਪਹਿਲੀ ਪਉੜੀ ਪ੍ਰੇਮ ਦੀ ਪੁਲਸਰਾਤੇ ਤੇਰਾ।<br>
ਹਾਜੀ ਮੱਕੇ ਹੱਜ ਕਰਨ, ਮੈਂ ਮੁਖ ਵੇਖਾਂ ਤੇਰਾ।<br>
ਆ ਮੁਹੰਮਦ ਅਰਬੀਆ, ਹੱਥ ਪਕੜੀ ਮੇਰਾ।<br>
ਮੈਂ ਉਡੀਕਾਂ ਕਰ ਰਹੀ, ਕਦੀ ਆ ਕਰ ਫੇਰਾ।

ਬੁੱਲ੍ਹੇ ਸ਼ਾਹ ਦੀ ਆਜ਼ਾਦ ਮਿਜਾਜ ਤੁਅਸਬੀ ਮੋਮਨ ਉਸਨੂੰ ਕਾਰ ਆਖਣ ਲੱਗੇ। ਬੁੱਲ੍ਹੇ ਨੇ ਕੋਈ ਗਿਲਾ ਨਾ ਕੀਤਾ ਤੇ ਕਿਹਾ।

ਬੁਲਿਆ ਤੈਨੂੰ ਕਾਫਰ ਕਾਫਰ ਆਖਦੇ, ਤੂੰ ਆਹੋ ਆਹੋ ਆਖ।

ਬੁੱਲ੍ਹੇ ਨੇ ਸਾਹਿਤਕ ਖੋਜ ਦੇ ਨਾਲ ਨਾਲ ਕੁਰਾਨ ਦਾ ਵੀ ਅਧਿਐਨ ਕੀਤਾ ਸੀ। ਪਰ ਜੋ ਕੁਝ ਵੀ ਉਸਨੇ ਪਾਇਆ ਉਹ ਸੂਫੀ ਫਕੀਰਾਂ ਦੀ ਸੰਗਤ ਵਿਚੋਂ ਪਾਇਆ। ਉਸਨੇ ਆਪਣੇ ਨਿਰੋਲ ਅਨੁਭਵਾਂ ਨੂੰ ਪੰਜਾਬੀ ਰੰਗ ਵਿਚ ਗਾਇਆ। ਜਦੋਂ ਉਹ ਆਪਣੇ ਪਿਆਰੇ ਦੀ ਬਿਹਬਲ ਅਵਸਥਾ ਬਿਆਨਦਾ ਹੈ, ਤਾਂ ਪੇਂਡੂ ਪੰਜਾਬ ਦਾ ਤ੍ਰਿੰਝਣ ਅੱਖਾਂ ਸਾਹਵੇਂ ਆ ਜਾਂਦਾ ਹੈ। ਚਰਖਾ ਉਸਦਾ ਆਪਣਾ ਦਿਲ ਹੈ। ਜੋ ਠੀਕ ਨਹੀਂ ਚੱਲ ਰਿਹਾ।

ਹਥੀ ਢਿਲਕ ਗਈ ਚਰਖੇ ਦੀ, ਮੈਥੋਂ ਕੱਤਿਆ ਮੂਲ ਨਾ ਜਾਵੇ,<br>
ਤੱਕਲੇ ਨੂੰ ਵਲ ਪੈ ਪੈ ਜਾਂਦੇ, ਕੌਣ ਲੁਹਾਰ ਲਿਆਵੇ।<br>
ਘੜੀ ਘੜੀ ਇਹ ਝੋਲੇ ਖਾਂਦਾ, ਛੱਲੀ ਇਕ ਨਾ ਲਾਹਵੇ।<br>
ਤ੍ਰਿੰਜਣ ਕੱਤਣ ਸੱਦਣ ਗਈਆਂ, ਬ੍ਰਿਹੋ ਢੋਲ ਵਜਾਵੇ।<br>
ਮਾਹੀ ਛਿੜ ਗਿਆ ਨਾਲ ਮੱਝੀ ਦੇ, ਕੱਤਣ ਕਿਸ ਨੂੰ ਭਾਵੇ।

ਮਨੁੱਖ ਨੂੰ ਨੇਕੀ ਦਾ ਸੂਤ ਕੱਤ ਕੇ ਦਾਜ ਤਿਆਰ ਕਰਨ ਦੀ ਨਸੀਹਤ ਦਿੱਤੀ ਹੈ।

ਕੁਝ ਕਤ ਕੁੜੇ ਨ ਵਤ ਕੁੜੇ। ਛਲੀ ਲਾਹ ਭਰੋਟੇ ਘੱਤ ਕੁੜੇ।<br>
ਜੇ ਪੂਣੀ ਪੂਣੀ ਕਤੇਂਗੀ ਤਾਂ ਨੰਗੀ ਮੂਲ ਨਾ ਵਤੇਂਗੀ।<br>
ਸੌ ਵਰ੍ਹਿਆਂ ਦਾ ਜੇ ਕਤੇਗੀ, ਤਾ ਕਾਗ ਮਾਰੀਗਾ ਝੱਟ ਕੁੜੇ<br>
ਜੇ ਦਾਜ ਵਿਹੂਣੀ ਜਾਵੇਂਗੀ ਤਾਂ ਕਿਸੇ ਭਲੀ ਨਾ ਭਾਵੇਂਗੀ।<br>
ਉਥੇ ਸ਼ਹੁ ਨੂੰ ਕਿਵੇਂ ਰਿਝਾਵੇਂਗੀ, ਕੁਝ ਲੈ ਫਕਰਾਂ ਦੀ ਮਤ ਕੁੜੇ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਈ: ਵਿਚ ਅਨੰਦਪੁਰ ਵਿਖੇ ਖਾਲਸਾ ਪੰਥ ਦੀ ਸਾਜਨਾ ਕੀਤੀ। ਬੁੱਲ੍ਹਾ 19 ਸਾਲ ਦਾ ਜਵਾਨ ਕਸੂਰ ਵਿਚ ਰਹਿੰਦਾ ਸੀ। ਉਸਨੇ ਸੂਹ ਸੀ ਕਿ ਕਿਵੇਂ ਮੁਗਲ ਬਾਦਸ਼ਾਹ ਸਿੱਖੀ ਤੇ ਜ਼ੁਲਮ ਕਰਦੇ ਰਹੇ ਤੇ ਕਿਸ ਤਰ੍ਹਾਂ ਸਿੰਘਾਂ ਨੇ ਅਡੋਲ ਰਹਿ ਕੇ ਸ਼ਹੀਦੀਆਂ ਪਾਈਆਂ। ਬੁੱਲ੍ਹੇ ਸ਼ਾਹ ਇਕ ਫਕੀਰ ਸੀ ਜੋ ਸ਼ਰਾ-ਸ਼ਰੀਅਤ ਪਸੰਦ ਲੋਕਾਂ ਦੀਆਂ ਇਸਲਾਮ ਦੇ ਨਾਂ ਤੇ ਕੀਤੀਆਂ ਜਾਂਦੀਆਂ ਚਾਲਾਂ ਨੂੰ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਵੇਖਦਾ ਹੈ। ਸਿੰਘਾਂ ਦੀਆਂ ਕੁਰਬਾਨੀਆਂ ਅਤੇ ਦ੍ਰਿੜਤਾ ਨੂੰ ਵੇਖ ਕੇ ਉਸ ਕਿਹਾ ਕਿ ਜੇਕਰ ਗੁਰੂ ਜੀ ਇਸ ਸ਼ਕਤੀਸ਼ਾਲੀ ਲਹਿਰ ਨੂੰ ਜਨਮ ਨਾ ਦਿੰਦੇ ਤਾਂ ਭਾਰਤੀ ਸੰਸਕ੍ਰਿਤੀ ਦਾ ਨਾਮ ਨਿਸ਼ਾਨ ਨਾ ਰਹਿੰਦਾ ਤੇ ਤੁਅਸਬੀਆਂ ਦਾ ਝੰਡਾ ਝੂਲਣਾ ਸੀ। ਉਸਨੇ ਇਸ ਵਰਤਮਾਨ ਸਚਾਈ ਨੂੰ ਬਿਆਨ ਕੀਤਾ ਸੀ:

ਨ ਕਹੂੰ ਜਬ ਕੀ ਨਾ ਕਹੂੰ ਨਾ ਕਹੂੰ ਤਬ ਕੀ, ਬਾਤ ਕਹੂੰ ਮੈਂ ਅਬ ਕੀ<br>
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਸੁੰਨਤ ਹੋਤੀ ਸਭ ਕੀ।

ਬੁੱਲ੍ਹਾ ਆਨੰਦਪੁਰ ਵਿਚ ਕੀਰਤਨ, ਲੰਗਰ ਤੇ ਫੌਜੀ ਸਰਗਰਮੀਆਂ ਦੇ ਤਿੰਨੇ ਰੰਗ ਵੇਖ ਕੇ ਕਹਿੰਦਾ ਹੈ:

ਇੱਟ-ਖੜਿਕਾ, ਦੁਕੜ ਵਜੇ ਨਾਲੇ ਤਪੇ ਚੁੱਲ੍ਹਾ।<br>
ਏਨੀ ਗੱਲੀਂ ਰੱਬ ਵੀ ਰਾਜੀ, ਨਾਲੇ ਰਾਜ਼ੀ ਬੁੱਲ੍ਹਾ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦਾ ਚਰਚਾ ਬੁੱਲ੍ਹੇ ਨੇ ਸੁਣਿਆ ਸੀ। ਉਹ ਗੁਰੂ ਜੀ ਨੂੰ ਧਰਮ ਲਈ ਲੜ ਮਿਟਣ ਵਾਲਾ ਗਾਜੀ ਕਹਿ ਕੇ ਯਾਦ ਕਰਦਾ ਹੈ।

ਕਿਤੇ ਚੋਰ ਬਣੇ ਕਿਤੇ ਕਾਜੀ ਹੋ। ਕਿਤੇ ਮਿੰਬਰ ਬਹਿ ਵਾਅਜ਼ੀ ਹੋ।<br>
ਕਿਤੇ ਤੇਗ ਬਹਾਦਰ ਗਾਜੀ ਹੋ। ਆਪ ਆਪਣਾ ਕਟਕ ਚੜ੍ਹਾਈਦਾ<br>
ਕਹੁ ਕਿਸ ਥੀ ਆਪ ਛੁਪਾਈਦਾ<br>
ਤੁਸੀਂ ਸਭਨੀ ਭੇਖੀ ਥੀਂਦ ਹੋ। ਆਪ ਮਦ ਹੋ ਆਪੇ ਪੀਂਦੇ ਹੋ<br>
ਤੇ ਹਰ ਜਾਂ ਤੁਸੀਂ ਦਿਸੀਂਦੇ ਹੋ! ਆਪੇ ਆਪ ਕੂੰ ਆਪ ਲੁਕਾਈਦਾ।

ਬੁੱਲ੍ਹੇ ਦੀ ਫਕੀਰੀ ਨੇ ਉਸਨੂੰ ਬੇਪ੍ਰਵਾਹ ਬਣਾਇਆ। ਉਹ ਰਾਜਸੀ ਗੱਲ ਵੀ ਨਿਧੜਕ ਹੋ ਕੇ ਕਹਿ ਦਿੰਦਾ ਹੈ। ਸਚਾਇ. ਦੇ ਸਕੰਚ ਬਾਰੇ ਆਖਦਾ ਹੈ।

ਝੂਠ ਆਖਾਂ ਤਾਂ ਕੁਝ ਬਚਦਾ ਹੈ। ਸੱਚ ਆਖਿਆਂ ਭਾਂਬੜ ਮਚਦਾ ਹੈ।<br>
ਦਿਲ ਦੋਹਾਂ ਗੱਲਾਂ ਤੋਂ ਜੱਚਦਾ ਹੈ ਜਚ ਜਚ ਕੇ ਜੀਭਾ ਕਹਿੰਦੀ ਹੈ।

ਪਰ ਸੱਚ ਸੌ ਸੰਕੋਚ ਕਰਦਿਆਂ ਵੀ ਪ੍ਰਗਟ ਹੋ ਜਾਂਦਾ ਹੈ। ਬੁੱਲ੍ਹਾ ਜਾਣਦਾ ਹੈ ਕਿ ਸਿੱਖ ਧਰਮੀ ਹਨ ਤੇ ਧਰਮ ਲਈ ਮਰ ਰਹੇ ਹਨ। ਸਮੇਂ ਦੀ ਸਰਕਾਰ ਉਹਨਾਂ ਨੂੰ ਜਿਊਣ ਨਹੀਂ ਦਿੰਦੀ। ਮਜ਼ਬੀ ਮੁਲਾਣੇ ਵੀ ਉਨ੍ਹਾਂ ਨੂੰ ਖਤਮ ਕਰਨਾ ਚਾਹੁੰਦੇ ਹਨ। ਸਿੱਖ ਆਪਣੀ ਤਾਕਤ ਨਾਲ ਵਧ ਰਹੇ ਹਨ। ਉਹ ਮੁਗਲਾਂ ਦੇ ਇਸ ਆਚਰਣ ਨੂੰ ਨਿੰਦਦਾ ਆਖਦਾ ਹੈ।

ਮੁਗਲਾਂ ਜਹਿਰ ਪਿਆਲੇ ਪੀਤੇ, ਭੂਰਿਆਂ ਵਾਲੇ ਰਾਜੇ ਕੀਤੇ।<br>
ਸਭ ਅਸ਼ਰਾਫ ਫਿਰਨ ਚੁੱਪ ਕੀਤੇ ਭਲਾ ਉਨ੍ਹਾਂ ਨੂੰ ਝਾੜਿਆ ਈ।<br>
ਉਲਟੇ ਹੋਰ ਜਮਾਨੇ ਆਏ। ਅਸਾਂ ਹੁਣ ਭੇਦ ਸੱਜਣ ਦੇ ਪਾਏ।<br>
ਆਪਣਿਆਂ ਵਿਚ ਉਲਫਤ ਨਾਹੀ, ਕਿਆ ਚਾਚੇ ਕਿਆ ਤਾਏ।<br>
ਪਿਉ ਪੁੱਤਰਾਂ ਇਤਫਾਕ ਨ ਕਾਈ, ਧੀਆਂ ਨਾਲ ਨਾ ਮਾਏ।<br>
ਸੱਚਿਆਂ ਨੂੰ ਹੁਣ ਮਿਲਦੇ ਧੱਕੇ, ਝੂਠੇ ਕੋਲ ਬਹਾਏ।<br>
ਇਰਾਕੀਆਂ ਨੂੰ ਚਾਬਕ ਪੈਂਦੇ, ਗਦੋ ਖੂਦ ਖਵਾਏ।<br>
ਕਾਉਂ ਲਗਰਾਂ ਨੂੰ ਮਾਰਨ ਲੱਗੇ, ਚਿੜੀਆਂ ਜ਼ਹਰ ਖਾਏ।<br>
ਅਗਲੇ ਜਾਂ ਬੰਗਾਲੇ ਬੈਠੇ, ਪਿਛਲਿਆਂ ਫਰਸ਼ ਵਿਛਾਏ।<br>
ਬੁੱਲ੍ਹਾ ਹੁਕਮ ਹਜ਼ੂਰੋਂ ਆਂਦਾ, ਤਿਨ੍ਹਾਂ ਨੂੰ ਕੌਣ ਹਟਾਏ।

ਖੂਨੀ ਘਟਨਾਵਾਂ ਵਾਪਰ ਰਹੀਆਂ ਸਨ। ਅੱਤਿਆਚਾਰ ਨਾਲ ਪੰਜਾਬ ਵਿਚ ਕਿਆਮਤ ਛਾਈ ਹੋਈ ਸੀ। ਅਜਾਬਾਂ ਦੀ ਸਦੀ ਚੱਲ ਰਹੀ ਸੀ।

ਦਰ ਖੁਲ੍ਹਾ ਹਸ਼ਰ ਅਜਾਬ ਦਾ।<br>
ਬੁਰਾ ਹਾਲ ਹੋਇਆ ਪੰਜਾਬ ਦਾ।<br>
ਵਿਚ ਹਾਵਿਆਂ ਦੋਜ਼ਖਾਂ ਮਾਰਿਆ।<br>
ਸਾਨੂੰ ਆ ਮਿਲ ਯਾਰ ਪਿਆਰਿਆ।

ਬੁੱਲ੍ਹਾ ਰੱਬ ਦਾ ਫਕੀਰ ਬਣ ਕੇ ਸੱਚ ਦਾ ਸਾਥ ਦਿੰਦਾ ਹੈ। ਇਸਲਾਮੀ ਸ਼ਰਾ ਦੇ ਨਾਂ ਉਤੇ ਕੀਤੇ ਜਾ ਰਹੇ ਕੁਕਰਮਾਂ ਨੂੰ ਭੰਡਦਾ ਹੈ। ਇਹ ਸ਼ਰਾ ਅਤੇ ਹਾਕਮ ਨੀਤੀ ਦਾ ਵਿਰੋਧ ਸੀ। ਬੁੱਲ੍ਹਾ ਇਸ ਤਰ੍ਹਾਂ ਬਾਗੀ ਹੈ। ਉਸਨੇ ਆਪਣੇ ਆਪ ਨੂੰ ਆਜ਼ਾਦ ਐਲਾਨ ਕੀਤਾ।

ਮੈਂ ਬੇਕੈਦ ਮੈਂ ਬੇਕੈਦ, ਨ ਰੋਗੀ ਨ ਵੈਦ।<br>
ਨ ਮੈ ਮੋਮਨ ਨ ਮੈ ਕਾਫਰ ਨਾ ਮੁਲਾਂ ਨਾ ਸੈਦ।<br>
ਚੌਂਹੀ ਤਬਕੀ ਸੈਰ ਅਸਾਡਾ ਕਿਤੇ ਨਾ ਹੋਵਾਂ ਕੈਦ

ਬੁੱਲ੍ਹੇ ਦੀ ਰਚਨਾ ਸਮਾਜਿਕ ਅਤੇ ਰਾਜਨੀਤਿਕ ਅਵਸਥਾ ਤੋਂ ਲੋਕਾਂ ਵਿਚ ਜਾਗਰਤੀ ਭਰਦੀ ਹੈ। ਮਜ਼ਬੀ ਪਾਖੰਡਾਂ ਤੇ ਚੋਟ ਹੈ। ਮਨੁੱਖਤਾ ਨੂੰ ਏਕਤਾ ਦੇ ਪਿਆਰ ਵਿਚ ਪਰੋਂਦੀ ਹੈ।

ਬੁੱਲ੍ਹੇ ਸ਼ਾਹ ਦਾ ਦੇਹਾਂਤ 1757 ਵਿਚ 77 ਕੁ ਸਾਲ ਦੀ ਉਮਰ ਵਿਚ ਹੋਇਆ। ਉਸਦਾ ਮਜ਼ਾਰ ਕਸੂਰ ਰੇਲਵੇ ਸਟੇਸ਼ਨ ਦੇ ਨੇੜੇ ਹੈ। ਬੁੱਲ੍ਹਾ ਮਨੁੱਖੀ ਆਦਰਸ਼ਾਂ ਦਾ ਧਾਰਨੀ ਹੋਣ ਕਰਕੇ, ਬੁੱਲ੍ਹੇ ਸ਼ਾਹ ਅਤੇ ਉਸਦੇ ਕਲਾਮ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਬੁੱਲ੍ਹੇ ਦੇ ਕਲਾਮ ਦਾ ਰੰਗ ਕਈ ਭਾਰਤੀ ਅਤੇ ਪਾਕਿਸਤਾਨੀ ਫਿਲਮਾਂ ਵਿਚ ਭਰਿਆ ਗਿਆ ਹੈ।

## ਸਰਕਾਰ ਵਲੋਂ ਪਹਿਲਾਂ ਓਘ ਦਫ਼ਤਰ ਤੇ ਹੁਣ SC ਕਮਿਸ਼ਨਰ ਦੇ ਮੈਂਬਰਾਂ ਦੀ ਗਿਣਤੀ ਤੇ ਕਾਰਜ-ਕਾਲ ਘਟਾਉਣਾ SC ਸਮਾਜ ਨਾਲ ਵੱਡਾ ਧੋਖਾ:- ਪ੍ਰਸ਼ੋਤਮ ਅਹੀਰ ਸੂਬਾ ਪ੍ਰਧਾਨ ਲੇਬਰ ਵਿੰਗ ਐਸ ਐਸ ਐਮ

ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਸ਼ੋਤਮ ਰਾਜ ਅਹੀਰ ਸੂਬਾ ਪ੍ਰਧਾਨ ਲੇਬਰ ਵਿੰਗ ਸੰਯੁਕਤ ਸਮਾਜ ਮੋਰਚਾ ਪੰਜਾਬ ਨੇ ਸਰਕਾਰ ਵਲੋਂ SC ਕਮਿਸ਼ਨਰ ਦੇ ਮੈਂਬਰਾਂ ਤੇ ਕਾਰਜਕਾਲ ਘਟਾਉਣ ਦੀ ਕੜੇ ਸ਼ਬਦਾਂ ਵਿੱਚ ਨਿੰਦਾ ਕੀਤੀ, ਉਨ੍ਹਾਂ ਕਿਹਾ ਕਿ ਐਸੀ ਕਮਿਸ਼ਨਰ ਇਹ ਸ਼ੋਸ਼ਲ ਵੈਲਫੇਅਰ ਲਈ ਹੈ ਤੇ ਉਨ੍ਹਾਂ ਨੂੰ ਸੰਪੂਰਨ ਨਿਆਂ ਪ੍ਰਬੰਧ ਲਈ ਹੈ, ਜਿਵੇਂ ਅੱਜ ਕਲ੍ਹ ਦੇ ਹਲਾਤਾਂ ਵਿੱਚ ਐਸੀ ਸਮਾਜ ਨਾਲ ਲੱਗਭਗ ਹਰ ਦੂਜੇ ਤੀਜੇ ਦਿਨ ਕੋਈ ਨਾ ਕੋਈ ਘਟਨਾ ਚਾਹੇ ਸਰਕਾਰੀ ਅਦਾਰੇ ਵਿੱਚ ਹੋਵੇ ਜਾਂ ਬਾਹਰ ਇਵੇਂ ਹੀ ਭੇਦ-ਭਾਵ ਦੀ ਵਿਤਕਰੇ ਦੀ ਸਾਹਮਣੇ ਆ ਹੀ ਜਾਂਦੀ ਹੈ, ਤੇ ਜਦੋਂ ਸੁਣਵਾਈ ਨਹੀਂ ਹੁੰਦੀ ਤਾਂ ਫਿਰ ਕਮਿਸ਼ਨ ਨੂੰ ਸ਼ਕਾਇਤ ਕੀਤੀ ਜਾਂਦੀ ਤੇ ਕਮਿਸ਼ਨ ਦੇ ਦਬਾਅ ਹੇਠ ਪ੍ਰਸ਼ਾਸਨ ਨੂੰ ਬਣਦੀ ਕਾਰਵਾਈ ਕਰਨੀ ਪੈਂਦੀ ਹੈ, ਸੋ



ਮੈਂਬਰਾਂ ਦੀ ਗਿਣਤੀ ਨੂੰ ਘੱਟ ਕਰਨਾ ਮਤਲਬ ਸਰਕਾਰ ਐਸੀ ਸਮਾਜ ਨੂੰ ਨਜ਼ਰਅੰਦਾਜ਼ ਕਰ ਰਹੀ ਹੈ ਤੇ ਕਮਿਸ਼ਨ ਨੂੰ ਵੀ ਪੂਰੀ ਤਰ੍ਹਾਂ ਕਮਜ਼ੋਰ ਕਰ ਰਹੀ ਹੈ, ਪਹਿਲਾਂ ਓਘ ਦਫ਼ਤਰ ਵਿਚ ਨਿਯੁਕਤੀਆਂ ਵਿਚ ਕਟੌਤੀ ਕੀਤੀ ਤੇ ਹੁਣ SC ਕਮਿਸ਼ਨ ਦੇ ਮੈਂਬਰਾਂ ਵਿੱਚ ਤੇ ਹੋਰ ਵੀ ਸਮਾਜ ਦੇ ਬਹੁਤ ਸਾਰੇ ਮਸਲੇ ਅਜੇ ਗੱਲਾਂ ਵਿਚ ਹੀ ਹਨ ਜਿਨ੍ਹਾਂ ਨੂੰ ਹੱਲ ਨਹੀਂ ਕੀਤਾ ਗਿਆ ਇਸ ਸਭ ਤੋਂ ਸਿਧ ਹੁੰਦਾ ਹੈ ਸਰਕਾਰ ਦੀ ਨੀਅਤ ਸਮਾਜ ਪ੍ਰਤੀ ਸਾਫ ਨਹੀਂ ਹੈ ਸੋ, ਸਰਕਾਰ ਨੂੰ ਜਲਦੀ ਇਹ ਨੋਟੀਫਿਕੇਸ਼ਨ ਵਾਪਸ ਲੈਣਾ ਚਾਹੀਦਾ ਹੈ ਜਿੰਨੇ ਮੈਂਬਰ ਕਮਿਸ਼ਨ ਵਿੱਚ ਘੱਟ ਹੋਣਗੇ ਉਨਾਂ ਹੀ ਸਮਾਜ ਦੇ ਮਸਲਿਆਂ ਉਪਰ ਘੱਟ ਕੰਮ ਹੋਵੇਗਾ ਤੇ ਵਿਤਕਰਾ ਤੇ ਜੁਲਮ ਗਰੀਬ ਸਮਾਜ ਉਪਰ ਵਧਣਗੇ, ਅਸੀ ਇਸ ਨੋਟੀਫਿਕੇਸ਼ਨ ਦੀ ਘੋਰ ਨਿੰਦਾ ਕਰਦੇ ਹਾਂ।

# ਸਤਿਗੁਰੂ ਪੀਪਾ ਜੀ

**(ਸਫਾ 24 ਦੀ ਬਾਕੀ)**

ਦੀ ਖੋਜ ਹੀ ਮੇਰੇ ਲਈ ਧੂਪ, ਦੀਪ ਤੇ ਨੈਦੇਵ (ਪੂਜਾ ਦੀ ਸਮੱਗਰੀ) ਹੈ। ਇਹੀ ਮੇਰੇ ਲਈ ਪੱਤਰ (ਪੱਤੇ) ਭੇਟ ਰੱਖ ਕੇ (ਅੰਦਰ ਵੱਸਦੇ ਇਸ਼ਟ-ਦੇਵ/ਪ੍ਰਭੂ ਦੀ) ਪੂਜਾ ਹੈ;

ਕਾਯਉ ਦੇਵਾ, ਕਾਇਅਉ ਦੇਵਲ
ਕਾਇਅਉ ਜੰਗਮ ਜਾਤੀ॥
ਕਾਇਅਉ ਧੂਪ ਦੀਪ ਨਈਬੇਦਾ
ਕਾਇਅਉ ਪੂਜਉ ਪਾਤੀ॥1॥

**(4) ਪਰਮ-ਤੱਤ (ਪ੍ਰਭੂ) ਦੀ ਪ੍ਰਾਪਤੀ ਗੁਰੂ ਰਾਹੀਂ:** ਪ੍ਰਭੂ ਦੀ ਪ੍ਰਾਪਤੀ ਲਈ ਸਭ ਤੋਂ ਪਹਿਲਾਂ ਲੋੜ ਗੁਰੂ ਦੀ ਹੈ ਕਿਉਂਕਿ ਗੁਰੂ ਉਹ ਮਹਾਨ ਹਸਤੀ ਹੁੰਦੀ ਹੈ ਤੇ ਉਹ ਹੋਰਨਾਂ ਨੂੰ ਵੀ ਪ੍ਰਭੂ ਦੇ ਲੜ ਲਾਉਣ ਦੇ ਸਮਰੱਥ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦਾ ਪਾਵਨ ਬਚਨ ਹੈ:

ਸਤਿ ਪੁਰਖ ਜਿਨਿ ਜਾਨਿਆ,
ਸਤਿਗੁਰੂ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ,
ਨਾਨਕ ਹਰਿ ਗੁਨ ਗਾਉ॥ (ਗਉੜੀ, ਸੁਖਮਨੀ, ਮਹਲਾ 5, ਅੰਗ 286)

ਗੁਰੂ ਰਾਮਦਾਸ ਜੀ ਵੀ ਫੁਰਮਾਉਂਦੇ ਹਨ ਕਿ ਵਾਹਿਗੁਰੂ ਅਤੇ ਗੁਰੂ ਵਿਚ ਕੋਈ ਅੰਤਰ ਨਹੀਂ ਹੁੰਦਾ:

ਗੁਰੂ ਗੋਬਿੰਦ, ਗੋਬਿੰਦ ਗੁਰੂ ਹੈ,
ਨਾਨਕ ਭੇਦ ਨਾ ਭਾਈ॥ (ਆਸਾ, ਮਹਲਾ 4, ਅੰਗ 442)

ਪੀਪਾ ਜੀ ਵੀ ਆਪਣੇ ਉਚਾਰਨ ਕੀਤੇ ਸ਼ਬਦ ਦੀ ਅੰਤਿਮ ਤੁਕ ਵਿਚ ਫੁਰਮਾਨ ਕਰਦੇ ਹਨ ਕਿ ਜੇ ਸਤਿਗੁਰੂ ਮਿਲ ਪਏ ਤਾਂ ਅੰਦਰ ਵੱਸਦੇ ਪ੍ਰਭੂ ਦਾ ਦਰਸ਼ਨ ਕਰਾ ਦਿੰਦਾ ਹੈ:

ਪੀਪਾ ਪ੍ਰਣਵੈ ਪਰਮ ਤਤੁ ਹੈ,
ਸਤਿਗੁਰੂ ਹੋਇ ਲਖਾਵੈ॥2॥

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਤਿਗੁਰ ਪੀਪਾ ਜੀ ਨੇ ਪ੍ਰਭੂ ਦੀ ਸਰਬ-ਵਿਆਪਕਤਾ ਦਾ ਵਰਣਨ ਕਰਦਿਆਂ, ਉਸ ਨਾਲ ਸਾਂਝ ਪਾਉਣ ਦਾ ਢੰਗ ਗੁਰੂ ਦੀ ਸ਼ਰਨ ਵਿਚ ਆਉਣਾ ਦੱਸਿਆ ਹੈ। ਪੀਪਾ ਜੀ ਨੇ ਸਪਸ਼ਟ ਤੌਰ 'ਤੇ ਮੂਰਤੀ ਪੂਜਾ ਦਾ ਖੰਡਨ ਕੀਤਾ ਹੈ ਅਤੇ ਸਮਝਾਇਆ ਹੈ ਕਿ ਮੰਦਰ ਵਿਚ ਅਸਥਾਪਨਾ ਕੀਤੇ ਦੇਵਤੇ ਨੂੰ ਧੂਪ, ਦੀਵੇ, ਨਈਵੇਦ (ਦੁੱਧ ਦੀ ਖੀਰ/ਸੁਆਦਲੇ ਭੋਜਨ ਜੋ ਮੂਰਤੀ ਦੀ ਭੇਟ ਕੀਤੇ ਜਾਣ) ਤੇ ਫੁੱਲ-ਪੱਤਰ ਆਦਿਕਾਂ ਦੀ ਭੇਟਾ ਰੱਖਕੇ ਪੂਜਣ ਦੀ ਥਾਂ ਸਰੀਰ ਰੂਪੀ ਮੰਦਰ ਵਿਚ ਵੱਸਦੇ ਪ੍ਰਮਾਤਮਾ ਨੂੰ ਸਿਮਰਨਾ ਚਾਹੀਦਾ ਹੈ।

**ਪੀਪਾ ਜੀ ਦੀਆਂ ਰਚਨਾਵਾਂ:** ਪੀਪਾ ਜੀ ਦੀਆਂ ਕਹੀਆਂ ਗੱਲਾਂ ਦੀਆਂ ਕਈ ਰਚਨਾਵਾਂ ਮਿਲਦੀਆਂ ਹਨ ਜਿਵੇਂ ਕਿ 'ਸ਼ਨ ਪੀਪਾ ਜੀ ਬਾਣੀ', 'ਸਰਬ ਗੁਟਕਾ' (ਇਹ ਦੋਵੇਂ ਹੱਥ ਲਿਖਤਾਂ ਹਨ), 'ਚਿੰਤਾਮਣੀ ਯੋਗ' ਗ੍ਰੰਥ, ਦਾਦੂ ਪੰਥੀ 'ਸਰਵਾਗੀ ਗ੍ਰੰਥ' ਜੋ ਅਜਿਹੇ ਸੰਤਾਂ ਭਗਤਾਂ ਦੀਆਂ ਬਾਣੀਆਂ ਦਾ ਇਕ ਵੱਡਾ ਸੰਗ੍ਰਹਿ ਹੈ, ਉਸ ਵਿਚ ਵੀ (ਸੰਮਤ 1733 ਦੇ ਲਿਖੇ) ਕੁਝ ਪੀਪਾ ਜੀ ਦੇ ਪਦੇ ਮਿਲਦੇ ਹਨ। ਪ੍ਰਾਪਤ ਪਦੇ ਜੋ ਸਾਹਮਣੇ ਆਏ ਹਨ, ਉਨ੍ਹਾਂ ਦੀ ਗਿਣਤੀ 14 ਹੈ। ਰਾਗ ਸੋਰਠ ਵਿਚ 5, ਰਾਗ ਗੌੜੀ ਵਿਚ 2, ਰਾਗ ਆਸਾਵਰੀ ਵਿਚ 6 ਹਨ। ਇਕ ਰਾਗ ਧਨਾਸਰੀ ਵਿਚ ਹੈ, 12 ਸਲੋਕ (ਸਾਖੀਆਂ) ਹਨ।

ਕੁਝ ਪਦੇ ਦੂਜੇ ਭਗਤਾਂ ਦੇ ਪਦਿਆਂ ਨਾਲ ਸੰਘਣਾ ਮੇਲ ਖਾਂਦੇ ਹਨ, ਜਿਵੇਂ, 'ਜਉ ਤੁਮ ਗਿਰਧਰ ਤਉ ਹਮ ਮੋਰਾ' ਰਵਿਦਾਸ ਜੀ ਵਾਲੇ ਪਦੇ ਨਾਲ, ਕਬੀਰ ਜੀ ਬਾਰੇ 'ਜਾਕੈ ਈਦ ਬਕਰੀਦ ਗਊਰੇ ਬਧ ਕਰਹਿ' ਪੀਪਾ ਜੀ ਦੀ ਬਾਣੀ ਵਿਚ ਵੀ ਆਉਂਦਾ ਹੈ। ਪੀਪਾ ਜੀ ਦੀ ਬਾਹਰਲੀ ਬਾਣੀ ਵਿਚ ਵੀ ਤੀਰਥਾਂ, ਅਵਤਾਰ ਪ੍ਰਸਤੀ ਅਤੇ ਮੂਰਤੀ ਪੂਜਾ ਦਾ ਵਿਰੋਧ ਹੈ: 'ਕਾਠ ਪਖਾਣ ਸਥਨ ਹੈ ਕੈਸੀ ਐਸਾ ਤ੍ਰਭਵਣ ਕਾਯਾ'। 'ਤੀਰਥ ਵ੍ਰਤ ਦੇਵ ਵਰਤ ਪੂਜਾ ਇਹ ਵਿਸ਼ਵਾਸ ਵਿਭਾਤਾ'। 'ਪੀਪਾ ਕਹੈ ਪ੍ਰਗਟ ਪ੍ਰਮੇਸ਼ਰ ਨਾ ਜਾਗੈ ਨ ਸੂਤਾ'। ਨਾਮੇ, ਕਬੀਰ ਅਤੇ ਰਵਿਦਾਸ ਜੀ ਦੀ ਪ੍ਰਸੰਸਾ ਹੈ। ਜੋ ਕਲ ਰਵਿਦਾਸ ਕਬੀਰ ਨ ਹੋਤੇ, 'ਗ੍ਰੰਥ ਸਰਬਾਂਗੀ' ਦੇ ਪਦਿਆਂ ਵਿਚ ਵੀ ਇਹ ਪਾਠ ਹੈ। ਕਬੀਰ, ਪੀਪੇ ਨੇ ਪਰਮ ਤੱਤ, ਸਤਿਗੁਰ ਤੋਂ ਪਾਇਆ ਦਾ ਬਾਹਰਲੇ ਪਦਾਂ ਵਿਚ ਵੀ ਜ਼ਿਕਰ ਕੀਤਾ ਹੈ।

ਪੀਪਾ ਪ੍ਰਣਵੇ ਪਰਮ ਤੱਤ ਹੈ ਸਤਿਗੁਰ ਮਿਲੈ ਤ ਲਖਾਵੈ॥
ਸੁਨ ਪੀਪਾ ਸਤਿਗੁਰ ਬਲਿਹਾਰੀ। ਜਾ ਕੇ ਸ਼ਬਦੈ ਮਿਲੇ ਮੁਰਾਰੀ॥52॥

ਅਵਤਾਰਵਾਦ ਪੀਪਾ ਜੀ ਦੀ ਉਸ ਰਚਨਾ ਵਿਚ ਵੀ ਨਹੀਂ। ਪੀਪਾ ਜੀ ਸਤਿਗੁਰ ਮੇਲ ਕਾਰਨ ਨਿਰਗੁਣਵਾਦੀ ਬਣੇ ਸਨ। ਇਹ ਉਨ੍ਹਾਂ ਦੀ ਬਾਣੀ ਤੋਂ ਪ੍ਰਮਾਣਿਤ ਹੈ।

ਸਤਿਗੁਰ ਪੀਪਾ ਜੀ ਦਾ 'ਸਰਬਾਂਗੀ' ਗ੍ਰੰਥ ਵਿਚ ਆਇਆ ਇਕ ਪਦਾ ਹੈ। ਉਸ ਨੂੰ ਪੜ੍ਹ ਕੇ ਦੇਖਿਆ ਜਾ ਸਕਦਾ ਹੈ, ਇਸ ਪਦੇ ਉਤੇ ਰਾਮ ਭਗਤੀ, ਕ੍ਰਿਸ਼ਨ ਭਗਤੀ, ਅਵਤਾਰਵਾਦ ਦਾ ਇਸ਼ਾਰਾ ਤੱਕ ਨਹੀਂ। ਨਿਰਗੁਣਵਾਦ ਦਾ ਬੋਲਬਾਲਾ ਹੈ। ਨਾਲ ਹੀ 'ਗੁਰਮੁਖ' ਲਫਜ਼ ਆਇਆ ਹੈ, ਜਿਸ ਤੋਂ ਪਤਾ ਚਲਦਾ ਹੈ, ਪੀਪਾ ਜੀ ਦੀ ਬਾਣੀ ਕਿਸ ਰੰਗ ਵਿਚ ਰੰਗੀ ਹੋਈ ਹੈ।

ਜੋ ਕਲਿ ਰੈਦਾਸ ਕਬੀਰ ਨਾ ਹੋਤੇ,
ਜੋ ਲੋਕ ਵੇਦ ਅਰ ਕਲਿਜੁਗ ਮਿਲਿ ਕਰਿ ਭਗਤੀ ਰਸਾਤਲਿ ਦੇਤੇ॥ ਟੇਕ॥
ਅਗਮ ਨਿਗਮ ਕੀ ਕਹਿ ਕਹਿ ਪਾਡੇ ਫਲ ਭਾਗੌਤ ਲਗਾਯਾ।
ਰਾਜਸ ਤਾਮਸ ਸਾਤਕ ਕਥਿ ਕਥਿ ਹਮਹਿ ਭਰਮ ਭੁਲਾਯਾ॥1॥
ਕਥਤਾ ਸੁਨਤਾ ਦੋਊ ਭੁਲੈ ਦੁਨੀਆ ਸਭੈ ਭਲਾਈ।
ਕਲਪ ਬ੍ਰਿਛ ਕੀ ਛਾਯਾ ਬੈਠੇ ਕਯੋ ਕਲਪਨਾ ਜਾਈ॥2॥
ਸਰਗੁਨ ਕਥਿ ਕਥਿ ਮਿਸ਼ਠ ਪਖਾਯਾ ਕਾਯਾ ਰੋਗ ਬਢਾਯਾ।
ਨਿਰਗੁਣ ਨੀਮ ਪੀਓ ਨਹੀਂ ਗੁਰਮੁਖ ਤਾਤੇ ਆਢੈ ਜੀਵ ਵਿਕਾਯਾ॥3॥
ਵਕਤਾ ਸ੍ਰੋਤੇ ਦੋਊ ਭੂਲੇ ਦੂਨੀਆ ਸਬੈ ਭੁਲਾਈ।
ਕਲਿਪ ਵ੍ਰਿਛੁ ਕੀ ਛਾਯਾ ਬੈਠਾ, ਕਿਉਂ ਨ ਕਲਪਨਾ ਜਾਈ॥3॥
ਅੰਧਲੇ ਕਟੀਆ ਅੰਧ ਗਈ ਹੈ ਪਰਤ ਕੂਪ ਕਿਤ ਥੋਰੈ।
ਅਵਗੁਨ ਬਰਨ ਦੋ ਤੁਰਸ ਅੰਜਨ ਆਖ ਸਭਿਨ ਕੀ ਫੋਰੈ॥4॥
ਹਮ ਸੇ ਪਤਿਤ ਕਹਾ ਕਹਿ ਰਹਤੇ ਕੌਣ, ਪ੍ਰਤੀਤ ਮਨ ਧਰਤੇ।
ਨਾਨਾ ਬਾਨੀ ਦੇਖਿ ਸੁਨਿ ਸਰਵਣਾ ਬਹੋ ਮਾਰਗ ਅਣਸਰਤੇ॥5॥
ਹਰਿ ਹਰਿ ਭਗਤ ਭਗਵੰਤ ਕਣ ਲੀਨਾ ਤ੍ਰਿਬਿਧ ਰਹਨ ਥਿਤਿ ਮੋਹੇ।
ਪਾਖੰਡ ਸੂਖ ਭੇਸ ਸਭ ਕੰਕਰ ਗਯਾਨ ਸੂਪ ਕਰ ਸੋਹੇ॥6॥
ਤ੍ਰਿਗੁਨ ਰਹਤ ਭਗਤਿ ਭਗਵੰਤ ਕੀ ਤਿਹਿ ਬਿਰਲਾ ਕੋਈ ਪਾਵੈ।
ਦਯਾ ਹੋਇ ਜੁ ਕਿਰਪਾ ਨਾਥ ਕੀ ਤੋ ਨਾਮ ਕਬੀਰ ਹਿ ਗਾਵੈ।
ਆਪਨੀ ਭਗਤ ਆਪ ਹਰ ਕਾਝੈ ਭਗਤ ਭੇਸ ਧਰਿਆਇਆ।
ਰਾਮ ਸੁ ਨਾਮਾ ਰੈਦਾਸ ਕਬੀਰਾ ਤਹਾ ਪੀਪੈ ਕਛੁ ਪਾਇਆ।

ਹਵਾਲਾ: (ਪਰਚਈ ਅਨੰਤ ਦਾਸ, ਵਲੈਤੀ ਕਾਪੀ ਦਾ ਆਧਾਰ ਸਫਾ 54)

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਪੀਪਾ ਜੀ ਦੇ ਆਏ ਪਦੇ ਦਾ ਪਾਠ ਭਿੰਨ ਰੂਪ ਵਿਚ ਹੈ ਪਰ ਬੁਨਿਆਦੀ ਨੁਕਤਾ ਉਹੋ ਹੀ ਹੈ। ਪੀਪਾ ਜੀ ਦੀ ਸਤਿਗੁਰੂ ਤੋਂ ਬਲਿਹਾਰ ਜਾਣ ਦੀ ਮੁੱਖ ਭਾਵਨਾ, ਇਸ ਪਦੇ ਤੋਂ ਇਲਾਵਾ ਹੋਰਨਾਂ ਪਦਿਆਂ ਵਿਚ ਵੀ ਮਿਲਦੀ ਹੈ ਜੋ ਨਿਮਨ-ਲਿਖਤ ਹਨ:

ਪਦਾ ਨੰ: 9
ਤੂੰ ਮੇਰੋ ਤੀਰਥ ਤੂੰ ਮੇਰੇ ਕਾਸੀ ਸੋਈਯੇ ਗੋਬਿੰਦ ਗਈ ਸਰਵੇ ਬਾਸੀ। ਟੇਕ।
ਗਗਨ ਗੰਗਾ, ਭਵਨ ਗੰਗਾ ਤ੍ਰਿਬਿਧ ਗੰਗਾ ਨਰਾਇਣ ਗੰਗਾ।
ਤੀਰਥ ਜੋਮਨ ਚੰਗਾ, ਨਾਮ ਕੈ ਨਾਈ ਪਖਾਲਘ ਅੰਗਾ॥1॥
ਕਾਯਾ ਮਾਹੇ ਅਠਸਠ ਤੀਰਥ ਕਾਯਾ ਮਾਹੇ ਕਾਸੀ।
ਕਾਯਾ ਮਾਹਿ ਕਮਲਾ ਪਤੀ ਬੈਕੁੰਠ ਵਾਸੀ॥2॥
ਜੋ ਬ੍ਰਹਿਮੰਡੇ ਸੋਈ ਪਿੰਡੇ ਜੋ ਖੋਜੈ ਸੁ ਪਾਵੈ।
ਪੀਪਾ ਪ੍ਰਣਵੇ ਪਰਮ ਤਤ ਰੇ ਸਤਗੁਰੂ ਮਿਲੈ ਤਤੁ ਲਖਾਵੈ॥3॥

ਪਦਾ ਨੰ: 10
ਏਕ ਅਚੰਭਾ ਐਸਾ ਪੇਖਿਆ ਸੇ ਮਨ ਰੇ ਕਹੂੰ ਵਿਰਲੇ ਦੇਖਿਆ। ਟੇਕ।
ਨਾਦ ਬਿਦ ਥੈ ਰਹੈ ਨਿਯਾਰਾ। ਸੋ ਪਦ ਪਰਸਤ ਭਯਾਊਜਿਆਰਾ।
ਤ੍ਰਿਕੁਟਿ ਮਧੇ ਜੋਤਿ ਹਿ ਕਹਯੈ। ਤਾਹੂ ਤੇ ਅਗਮ ਅਗੋਚਰਲਹੀਯੇ॥1॥
ਤ੍ਰਿਬਿਧ ਥਾਨ ਤ੍ਰਿਬਿਦ ਹੈ ਰਹਿਤਾ। ਤ੍ਰਿਗੁਣ ਅਤੀਤ ਗੁਨ ਨਾਮੈ ਕਹਿਤਾ।
ਜਨ ਪੀਪਾ ਸਤਿਗੁਰ ਬਲਿਹਾਰੀ। ਜਾਕੈ ਸ਼ਬਦੈ ਮਿਲੈ ਮੁਰਾਰੀ॥2॥

**ਪੀਪਾ ਜੀ ਦੇ ਕੁਝ ਸਲੋਕ ਵੀ ਹਨ:**

ਪੀਪਾ ਦਾਸ ਕਹਾਵਨ ਕਠਨ ਹੈ ਮਨ ਲੈ ਬਾਧਯੋ ਮਾਨ।
ਸਤਿਗੁਰ ਸਉ ਭੇਟਾ ਨਹੀਂ ਕਲਿਯੁਗ ਲਾਗੈ ਕਾਨਿ॥3॥

ਪੀਪਾ ਜੀ ਪਹਿਲਾਂ ਦੇਵੀ ਭਗਤ ਸਨ, ਉਨ੍ਹਾਂ ਦੀ ਦੇਵੀ ਬਾਰੇ ਬਦਲੀ ਹੋਈ ਧਾਰਨਾ ਬਾਹਰਲੀ ਬਾਣੀ ਵਿਚ ਦੇਖੀ ਜਾ ਸਕਦੀ ਹੈ:

ਪੀਪਾ ਥੋੜੇ ਅੰਤਰੇ ਘਣੀ ਵਿਗੁਚੀ ਲੇਇ।
ਮਹਾਮਾਈ ਮਾਰਿਆ ਘਣਾ, ਤਾਰਯੋ ਸੁਣਯੋ ਨ ਕੋਇ॥2॥

ਨਾਗਰੀ ਪ੍ਰਚਾਰਨੀ ਸਭਾ ਕਾਸ਼ੀ ਦੀ ਇਕ ਪਰਚੀ ਅਨੁਸਾਰ ਜੋ ਕਿ ਖਰੜੇ ਦੇ ਰੂਪ ਵਿਚ ਹੈ, ਸਤਿਗੁਰ ਪੀਪਾ ਜੀ ਦੀਆਂ 16 ਵਾਰਾਂ ਅਤੇ 12 ਕਿੱਸੇ ਉਪਲਬਧ ਹਨ। ਇਨ੍ਹਾਂ ਵਿਚੋਂ ਇਕ ਪਦਾ ਜੋ ਧਨਾਸਰੀ ਰਾਗ ਵਿਚ ਹੈ। ਇਸ ਵਿਚ ਪੀਪਾ ਜੀ ਨੇ ਸਤਿ ਸੰਗਤ ਦੀ ਮਹੱਤਤਾ ਉਤੇ ਜ਼ੋਰ ਦਿੱਤਾ ਹੈ। ਇਹ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਦਰਜ ਉਹਨਾਂ ਦੀ ਬਾਣੀ ਨਾਲੋਂ ਵੱਖਰੀ ਹੈ।

ਸਮੁੱਚੇ ਤੌਰ 'ਤੇ ਸਤਿਗੁਰ ਪੀਪਾ ਜੀ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਇਕ ਰਹੱਸਮਈ ਕਵੀ ਸਨ। ਉਹ ਇਕ ਰਾਜਪੂਤ ਰਾਜਾ ਤੇ ਇਕ ਵਧੀਆ ਸ਼ਾਸਕ ਸਨ ਅਤੇ ਉਨ੍ਹਾਂ ਨੇ ਅਧਿਆਤਮਕ ਸ਼ਾਂਤੀ ਦੀ ਭਾਲ ਵਿਚ ਆਪਣੀ ਰਾਜਗੱਦੀ ਤਿਆਗ ਦਿੱਤੀ ਤੇ ਇਕ ਅਧਿਆਤਮਵਾਦੀ ਸੰਤ ਬਣ ਗਏ ਤੇ ਉਹ ਪ੍ਰਮਾਤਮਾ ਦੀ ਪ੍ਰਾਪਤੀ ਲਈ ਭਗਤੀ ਨਾਲ ਜੁੜ ਗਏ। ਉਹ, ਉਨ੍ਹਾਂ ਅਧਿਆਤਮਕ 15 ਭਗਤਾਂ ਵਿਚੋਂ ਇਕ ਸਨ, ਜਿਹਨਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਵਿਚ ਦਰਜ ਹੈ। ਪੰਜਾਬ ਸਮੇਤ ਭਾਰਤ ਦੇ ਬਹੁਤ ਸਾਰੇ ਖੇਤਰਾਂ ਵਿਚ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ ਤੇ ਉਨ੍ਹਾਂ ਦੇ ਭਗਤ/ਪ੍ਰਸ਼ੰਸਕ ਉਹਨਾਂ ਨੂੰ ਸਤਿਕਾਰ ਵਜੋਂ ਆਪਣਾ 'ਗੁਰੂ' ਜਾਂ 'ਸਤਿਗੁਰੂ' ਮੰਨਦੇ ਤੇ ਪੁਕਾਰਦੇ ਵੀ ਹਨ। ਸਿੱਖ ਪ੍ਰਚਾਰਕਾਂ ਵੱਲੋਂ ਉਹਨਾਂ ਦੇ ਭਗਤੀ ਭਜਨ ਦਾ ਹਵਾਲਾ ਵਿਆਪਕ ਤੌਰ 'ਤੇ ਦਿੱਤਾ ਜਾਂਦਾ ਹੈ। ਉਹ ਬਚਪਨ ਤੋਂ ਹੀ ਇਕ ਸਾਕਤ ਅਨੁਯਾਈ ਸਨ। ਇਸ ਤੋਂ ਉਪਰੰਤ ਉਨ੍ਹਾਂ ਨੇ ਸਤਿਗੁਰ ਰਾਮਾਨੰਦ ਜੀ ਦੀ ਸੰਗਤ ਵਿਚ ਵੈਸ਼ਨਵ ਧਰਮ ਗ੍ਰਹਿਣ ਕਰ ਲਿਆ ਤੇ ਉਸ ਤੋਂ ਬਾਅਦ ਉਹ ਗੁਰਮਤਿ ਦੀ ਧਾਰਨੀ ਬਣ ਗਏ, ਉਹਨਾਂ ਦਾ ਭਜਨ ਭਾਰਤ ਵਿਚ ਭਗਤੀ ਲਹਿਰ ਦੇ ਪ੍ਰਭਾਵਾਂ ਵਿਚ ਬੜੀ ਪ੍ਰਮੁੱਖਤਾ ਨਾਲ ਪ੍ਰਵਾਨਿਆ ਜਾਂਦਾ ਹੈ।

ਸਤਿਗੁਰ ਪੀਪਾ ਜੀ ਦੀ ਸਮੁੱਚੀ ਸ਼ਖਸੀਅਤ ਬਾਰੇ ਮੈਕਾਲਿਫ ਨੇ ਲਿਖਿਆ ਹੈ ਕਿ ਉਹ ਹਰ ਅਧਿਆਤਮਕ ਉੱਤਮਤਾ ਦੇ ਮਾਲਕ ਸਨ ਅਤੇ ਮਨੁੱਖ ਜਾਤੀ ਨੂੰ ਖੁਸ਼ੀਆਂ ਅਤੇ ਸ਼ਾਂਤੀ ਪ੍ਰਦਾਨ ਕਰਦੇ ਸਨ ਅਤੇ ਇਹ ਵੀ ਜੋੜਿਆ ਜਾਂਦਾ ਹੈ ਕਿ ਇਕ ਮਰਾਠੀ ਇਤਿਹਾਸਕਾਰ ਨੇ ਪੀਪਾ ਜੀ ਦੇ ਚਰਿੱਤਰ ਦਾ ਸਾਰ ਕਰਦਿਆਂ ਕਿਹਾ ਹੈ ਕਿ ਉਹ ਬਹਾਦਰ, ਉਦਾਰ, ਵਿਦਵਾਨ, ਧਾਰਮਿਕ, ਸਵੈ-ਸਬੰਧਤ ਅਤੇ ਚੌਕਸ ਵਿਅਕਤੀਤਵ ਦੇ ਮਾਲਕ ਸਨ।

****

## ਖਟਕੜ ਕਲਾਂ ਆਮ ਆਦਮੀ ਕਲੀਨਿਕ 'ਤੇ ਸਰਦਾਰ ਭਗਤ ਸਿੰਘ ਨਾਲ ਸਬੰਧਤ ਤਸਵੀਰਾਂ ਦੀ ਮੁੜ ਸਥਾਪਤੀ 'ਚ ਦੇਰੀ ਲਈ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀ ਨੂੰ ਕਾਰਨ ਦੱਸੋ ਨੋਟਿਸ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਸ਼ਹੀਦ ਭਗਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਆਮ ਆਦਮੀ ਕਲੀਨਿਕ ਖਟਕੜ ਕਲਾਂ ਵਿਖੇ ਸਰਦਾਰ ਭਗਤ ਸਿੰਘ ਅਤੇ ਪਰਿਵਾਰਕ ਮੈਂਬਰਾਂ ਦੀਆਂ ਤਸਵੀਰਾਂ ਲਗਾਉਣ ਵਿੱਚ ਹੋਈ ਦੇਰੀ ਲਈ ਲੋਕ ਨਿਰਮਾਣ ਵਿਭਾਗ ਦੇ ਇੱਕ ਕਾਰਜਕਾਰੀ ਇੰਜੀਨੀਅਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਇਮਾਰਤ ਦੀ ਮੁਰੰਮਤ ਅਤੇ ਨਵੀਨੀਕਰਣ



ਬਾਅਦ ਇਹ ਤਸਵੀਰਾਂ ਨਵੀਂਆਂ ਬਣਵਾ ਕੇ ਮੁੜ ਤੋਂ ਕਲੀਨਿਕ 'ਤੇ ਸਸ਼ੋਭਿਤ ਕਰ ਦਿੱਤੀਆਂ ਗਈਆਂ ਹਨ।

ਅੱਜ ਖਟਕੜ ਕਲਾਂ ਦੇ ਆਮ ਆਦਮੀ ਕਲੀਨਿਕ ਵਿਖੇ ਸਰਦਾਰ ਭਗਤ ਸਿੰਘ, ਮਾਤਾ ਵਿਦਿਆਵਤੀ ਅਤੇ ਚਾਚਾ ਅਜੀਤ ਸਿੰਘ ਦੀਆਂ ਲੱਗੀਆਂ ਤਸਵੀਰ ਦੇਖਣ ਲਈ ਕੀਤੇ ਦੌਰੇ ਦੌਰਾਨ ਡੀ।ਸੀ। ਰੰਧਾਵਾ ਨੇ ਕਿਹਾ ਕਿ ਮੁਰੰਮਤ ਅਤੇ ਨਵੀਨੀਕਰਣ, ਜਿਸ ਵਿੱਚ ਇਮਾਰਤ ਦੀ ਸਫ਼ੈਦੀ ਵੀ ਸ਼ਾਮਿਲ ਸੀ, ਦੇ ਮੱਦੇਨਜ਼ਰ ਇੱਥੇ ਪਹਿਲਾਂ ਲੱਗੀਆਂ ਤਸਵੀਰਾਂ ਹਟਾ ਦਿੱਤੀਆਂ ਗਈਆਂ ਸਨ ਅਤੇ ਲੋਕ ਨਿਰਮਾਣ ਵਿਭਾਗ ਵੱਲੋਂ ਮੁਰੰਮਤ ਦਾ ਕੰਮ ਕੀਤਾ ਜਾ ਰਿਹਾ ਹੈ। ਕਿਉਂਜੋ ਮੁਰੰਮਤ ਅਤੇ ਨਵੀਨੀਕਰਣ ਦਾ ਕੰਮ ਅਜੇ ਵੀ ਜਾਰੀ ਹੈ ਅਤੇ ਇਹ ਇਮਾਰਤ 5 ਅਪ੍ਰੈਲ, 2023 ਤੱਕ ਸਿਹਤ ਵਿਭਾਗ ਨੂੰ ਸੌਂਪੀ ਜਾਣੀ ਹੈ, ਇਸ ਲਈ ਤਸਵੀਰਾਂ ਦੀ ਮੁੜ ਸਥਾਪਨਾ ਵਿੱਚ ਦੇਰੀ ਹੋਈ ਪਰੰਤੂ ਇਨ੍ਹਾਂ ਤਸਵੀਰਾਂ ਦੀ ਅਹਿਮੀਅਤ ਨੂੰ ਦੇਖਦੇ ਹੋਏ, ਅਧਿਕਾਰੀਆਂ ਵੱਲੋਂ ਕੀਤੀ ਗਈ ਦੇਰੀ ਲਈ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ।

ਡੀ ਸੀ ਰੰਧਾਵਾ ਨੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨੂੰ 20ਵੀਂ ਸਦੀ ਦੇ ਸੁਤੰਤਰਤਾ ਯੁੱਗ ਦਾ ਮਹਾਨ ਦੇਸ਼ ਭਗਤ ਦੱਸਦੇ ਹੋਏ, ਇਨ੍ਹਾਂ ਤਸਵੀਰਾਂ ਦੀ ਮੁੜ ਸਥਾਪਤੀ 'ਚ ਦੇਰੀ ਨਾਲ ਮਹਾਨ ਸ਼ਹੀਦਾਂ ਦੇ ਨਿਰਾਦਰ ਦੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕੀਤਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੇਸ਼ ਨੂੰ ਅੰਗਰੇਜ਼ ਹਕੂਮਤ ਦੇ ਜੂਲੇ ਚੋਂ ਮੁਕਤ ਕਰਵਾਉਣ ਲਈ ਆਪਣੀ ਜਾਨ ਨਿਛਾਵਰ ਕਰਨ ਵਾਲੇ ਮਹਾਨ ਆਜ਼ਾਦੀ ਘੁਲਾਟੀਆਂ ਦਾ ਬਹੁਤ ਸਤਿਕਾਰ ਕਰਦਾ ਹੈ ਅਤੇ ਰਾਸ਼ਟਰ ਦੀ ਆਜ਼ਾਦੀ ਲਈ ਕੀਤੇ ਗਏ ਸੰਘਰਸ਼ ਦੇ ਨਾਇਕ ਨੂੰ ਭੁੱਲਣਾ ਅਸੰਭਵ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ, 'ਮੁਰੰਮਤ ਅਤੇ ਨਵੀਨੀਕਰਣ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਇਮਾਰਤ ਤੋਂ ਹਟਾਈਆਂ ਗਈਆਂ ਤਸਵੀਰਾਂ ਦਾ ਰੰਗ ਪੁਰਾਣੀਆਂ ਹੋਣ ਕਾਰਨ ਫਿੱਕਾ ਪੈ ਗਿਆ ਸੀ ਅਤੇ ਕੰਮ ਕਰਵਾਉਣ ਵਾਲੀ ਏਜੰਸੀ ਨੂੰ ਨਵੀਆਂ ਤਸਵੀਰਾਂ ਦੁਬਾਰਾ ਬਣਵਾ ਕੇ ਲਗਾਉਣ ਲਈ ਕਿਹਾ ਗਿਆ ਸੀ।' ਉਨ੍ਹਾਂ ਦੱਸਿਆ ਕਿ ਇਨ੍ਹਾਂ ਤਸਵੀਰਾਂ 'ਚ ਸਰਦਾਰ ਭਗਤ ਸਿੰਘ ਤੋਂ ਇਲਾਵਾ ਪੰਜਾਬ ਮਾਤਾ, ਮਾਤਾ ਵਿਦਿਆਵਤੀ ਅਤੇ ਚਾਚਾ ਸ: ਅਜੀਤ ਸਿੰਘ ਦੀਆਂ ਤਸਵੀਰਾਂ ਸ਼ਾਮਿਲ ਹਨ।

ਇਸੇ ਦੌਰਾਨ ਇੱਥੇ ਵਾਪਰੀ ਇੱਕ ਹੋਰ ਘਟਨਾ ਨੂੰ ਅਤਿ ਮੰਦਭਾਗਾ ਦੱਸਦਿਆਂ, ਜਿਸ ਵਿੱਚ ਪਿਛਲੇ ਦਿਨੀਂ ਕੁਝ ਪ੍ਰਦਰਸ਼ਨਕਾਰੀਆਂ ਨੇ ਆਮ ਆਦਮੀ ਕਲੀਨਿਕ, ਖਟਕੜ ਕਲਾਂ ਦੇ ਸਾਈਨ ਬੋਰਡ ਨੂੰ ਰੰਗ ਨਾਲ ਖਰਾਬ ਕੀਤਾ ਸੀ, ਉਨ੍ਹਾਂ ਕਿਹਾ ਕਿ ਕਾਨੂੰਨ ਆਪਣੇ ਮੁਤਾਬਕ ਗਲਤੀ ਕਰਨ ਵਾਲਿਆਂ ਨਾਲ ਨਜਿੱਠੇਗਾ।

ਇਸੇ ਦੌਰਾਨ ਥਾਣਾ ਬੰਗਾ ਸਦਰ ਪੁਲਿਸ ਨੇ ਜ਼ਿਲ੍ਹਾ ਮੈਜਿਸਟ੍ਰੇਟ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਤਿੰਨ ਵਿਅਕਤੀਆਂ ਦੇ ਨਾਮ 'ਤੇ ਅਤੇ 5/7 ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡੀ।ਐਸ।ਪੀ। ਬੰਗਾ ਸਬ ਡਵੀਜ਼ਨ ਸਰਵਣ ਸਿੰਘ ਬੱਲ ਨੇ ਦੱਸਿਆ ਕਿ ਬਲਜੀਤ ਸਿੰਘ ਵਾਸੀ ਪਿੰਡ ਧਰਮਕੋਟ ਥਾਣਾ ਸਦਰ ਨਵਾਂਸ਼ਹਿਰ, ਰਾਜੂ ਖਾਨ ਵਾਸੀ ਬਰਨਾਲਾ ਥਾਣਾ ਸਿਟੀ ਨਵਾਂਸ਼ਹਿਰ ਅਤੇ ਕਮਲਦੀਪ ਵਾਸੀ ਪਿੰਡ ਮੱਲੂਪੋਤਾ ਥਾਣਾ ਸਦਰ ਬੰਗਾ ਨੂੰ ਆਈ ਪੀ ਸੀ ਦੀ ਧਾਰਾ 188 ਅਤੇ ਪੰਜਾਬ ਪ੍ਰੀਵੈਨਸ਼ਨ ਆਫ਼ ਡੀਫੇਸਮੈਂਟ ਆਰਡੀਨੈਂਸ ਐਕਟ 1997 ਦੀ ਧਾਰਾ 3 ਤਹਿਤ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਹੋਰ ਅਣਪਛਾਤੇ ਵਿਅਕਤੀਆਂ ਦੀ ਗ੍ਰਿਫ਼ਤਾਰੀ ਲਈ ਉਨ੍ਹਾਂ ਦੀ ਪਛਾਣ ਕੀਤੀ ਜਾ ਰਹੀ ਹੈ ਅਤੇ ਕਿਸੇ ਨੂੰ ਵੀ ਕਾਨੂੰਨ ਵਿਵਸਥਾ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

## 'ਧੀਆਂ ਦਾ ਰਾਖਾ' ਬਣ ਕੇ ਪੂਰੇ ਪੰਜਾਬ ਲਈ ਮਿਸਾਲ ਬਣਿਆ ਨਵਾਂਸ਼ਹਿਰ : ਡੀ ਸੀ ਰੰਧਾਵਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਸ਼ਹੀਦ ਭਗਤ ਸਿੰਘ ਨਗਰ ਨੇ ਲਿੰਗ ਅਨੁਪਾਤ 'ਚ ਪੰਜਾਬ ਦੇ ਮਾਡਲ ਜ਼ਿਲ੍ਹੇ ਵਜੋਂ ਉੱਭਰਦੇ ਹੋਏ 'ਧੀਆਂ ਦੇ ਰਾਖੇ' ਹੋਣ ਦਾ ਸਿਹਰਾ ਆਪਣੇ ਸਿਰ ਬੰਨ੍ਹਿਆ ਹੈ। ਮੁੰਡੇ-ਕੁੜੀਆਂ ਦੇ ਲਿੰਗ ਅਨੁਪਾਤ ਵਿਚ ਜ਼ਿਲ੍ਹਾ ਪੂਰੇ ਪੰਜਾਬ ਵਿੱਚ ਅੱਵਲ ਰਿਹਾ ਹੈ। ਇਸ ਵੱਡੀ ਪ੍ਰਾਪਤੀ 'ਤੇ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਜ਼ਿਲ੍ਹਾ ਸਿਹਤ ਵਿਭਾਗ ਦੀ ਪਿੱਠ ਥਪਥਪਾਉਂਦੇ ਹੋਏ ਸਿਹਤ ਸਟਾਫ ਸਣੇ ਗੈਰ-ਸਰਕਾਰੀ ਸੰਗਠਨਾਂ ਤੇ ਜ਼ਿਲ੍ਹਾ ਨਿਵਾਸੀਆਂ ਦੇ ਮਹੱਤਵਪੂਰਨ ਸਹਿਯੋਗ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ 'ਧੀਆਂ ਦਾ ਰਾਖਾ' ਬਣ ਕੇ ਪੂਰੇ ਪੰਜਾਬ ਲਈ ਇਕ ਵਿਲੱਖਣ ਮਿਸਾਲ ਕਾਇਮ ਕੀਤੀ ਹੈ।



ਡਿਪਟੀ ਕਮਿਸ਼ਨਰ ਨੇ ਪੀਸੀਪੀਐਨਡੀਟੀ ਐਕਟ ਤਹਿਤ ਸਿਹਤ ਵਿਭਾਗ ਵੱਲੋਂ ਕੀਤੇ ਗਏ ਕੰਮਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਦੇ ਸਾਂਝੇ ਉੱਦਮਾਂ ਨਾਲ ਕੰਨਿਆ ਭਰੂਣ ਹੱਤਿਆ ਨੂੰ ਰੋਕਣ ਲਈ ਅਲਟਰਾਸਾਊਂਡ ਸਕੈਨ ਸੈਂਟਰਾਂ ਦੀ ਨਿਰੰਤਰ ਕੀਤੀ ਜਾ ਰਹੀ ਨਿਗਰਾਨੀ ਰੰਗ ਲਿਆਈ ਹੈ। ਜ਼ਿਲ੍ਹੇ ਵਿੱਚ ਮੁੰਡੇ-ਕੁੜੀਆਂ ਦਾ ਲਿੰਗ ਅਨੁਪਾਤ (ਜਨਮ ਦੇ ਸਮੇਂ) ਸਾਲ 2022-23 ਵਿਚ ਸੁਧਰ ਕੇ 1000 ਮੁੰਡਿਆਂ ਪਿੱਛੇ 948 ਕੁੜੀਆਂ ਹੋ ਗਿਆ ਹੈ। ਇਹ ਅੰਕੜਾ ਸੂਬਾਈ ਔਸਤ ਤੋਂ ਵੀ ਕਾਫੀ ਵੱਧ ਹੈ। ਜ਼ਿਲ੍ਹਾ ਸੂਬਾਈ ਔਸਤ 926 ਤੋਂ 22 ਅੰਕਾਂ ਦੀ ਵੱਡੀ ਪੁਲਾਂਘ ਪੁੱਟਦੇ ਹੋਏ 948 'ਤੇ ਪਹੁੰਚ ਗਿਆ ਹੈ ਜੋ ਕਿ ਪੂਰੇ ਸੂਬੇ ਵਿਚ ਸਭ ਤੋਂ ਵੱਧ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਲਿੰਗ ਨਿਰਧਾਰਤ ਟੈਸਟਾਂ ਨੂੰ ਰੋਕਣ ਲਈ ਪੀ।ਸੀ।ਪੀ।ਐਨ।ਡੀ।ਟੀ। ਐਕਟ ਨੂੰ ਸਖਤੀ ਲਾਗੂ ਕਰਨ, ਟ੍ਰੈਕਿੰਗ ਸਿਸਟਮ ਵਿੱਚ ਲਿਆਉਣ ਲਈ ਪਹਿਲੀ ਤਿਮਾਹੀ ਵਿੱਚ ਗਰਭਵਤੀ ਔਰਤ ਨੂੰ ਰਜਿਸਟ੍ਰਡ ਕਰਨ, ਧੀਆਂ ਦੀ ਸਿਹਤ ਸੁਰੱਖਿਆ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੀਆਂ ਮੁਫ਼ਤ ਇਲਾਜ ਵਰਗੀਆਂ ਸਿਹਤ ਸਕੀਮਾਂ ਦਾ ਜਮੀਨੀ ਪੱਧਰ ਤੱਕ ਫਾਇਦਾ ਪਹੁੰਚਾਉਣ, ਬੇਟੀ ਬਚਾਓ-ਬੇਟੀ ਪੜ੍ਹਾਓ ਪ੍ਰੋਗਰਾਮ ਤਹਿਤ ਜਨ-ਜਾਗਰੂਕਤਾ ਅੰਦੋਲਨ ਵਿੱਢਣ, ਪੀ।ਸੀ।ਪੀ।ਐਨ।ਡੀ।ਟੀ। ਅਧੀਨ ਧੀਆਂ ਦੀ ਲੋਹੜੀ ਪਾਉਣ, ਨਵਰਾਤਰਿਆਂ ਵਿੱਚ ਤੋਹਫੇ ਦੇ ਕੇ ਧੀਆਂ ਨੂੰ ਸਨਮਾਨਿਤ ਕਰਨ, ਗੈਰ-ਸਰਕਾਰੀ ਸੰਗਠਨਾਂ ਤੇ ਜ਼ਿਲ੍ਹਾ ਨਿਵਾਸੀਆਂ ਦੇ ਸਿਹਤ ਵਿਭਾਗ ਦੇ ਹਰ ਉਪਰਾਲੇ ਵਿੱਚ ਭਰਪੂਰ ਸਹਿਯੋਗ ਸਦਕਾ ਜਨਮ ਦੇ ਸਮੇਂ ਮੁੰਡੇ-ਕੁੜੀਆਂ ਦੇ ਲਿੰਗ ਅਨੁਪਾਤ ਵਿੱਚ ਰਿਕਾਰਡ ਸੁਧਾਰ ਹੋਇਆ ਹੈ।

# ਗੁਰਦੁਆਰਾ ਰੋੜੀ ਸਾਹਿਬ, ਮੋੜ ਏਮਨਾਬਾਦ, ਜ਼ਿਲ੍ਹਾ ਗੁਜਰਾਂਵਾਲਾ


ਅੰਜੁਮ ਗਿੱਲ

ਉਂਝ ਤਾਂ ਸਾਰੇ ਗੁਰੂ ਘਰ ਬਹੁਤ ਸੋਹਣੇ ਨੇ ਪਰ ਅਜਿਹੀ ਜਗਾਹ ਤੇ ਆ ਕੇ ਇਕ ਵੱਖਰਾ ਜਿਹਾ ਅਹਿਸਾਸ ਹੁੰਦਾ ਹੈ । ਮੇਰੀ ਸਭ ਤੋਂ ਪਸੰਦ ਦੀ ਜਗਾਹ ਹੈ ਇਹ, ਕੀ ਕਮਾਲ ਦੇ ਲੋਕ ਹੋਣਗੇ ਉਹ ਜਿਨ੍ਹਾਂ ਨੇ ਇਸ ਅਸਥਾਨ ਦੀ ਇਮਾਰਤ ਦੀ  ਦੇ ਮੱਥੇ ਨੂੰ ਓਨਾ ਵੇਲਿਆਂ ਚ ਵੀ 3ਡੀ ਦੀ ਸਕਲ ਦਿੱਤੀ। ਇਸ ਅਸਥਾਨ ਤੇ ਜਾ ਕੇ ਜੀ ਕਰਦਾ ਵੀ ਸਾਰਾ ਦਿਨ ਬੈਠ ਕੇ ਵੇਖੀ ਜਾਵਾਂ ।

**ਗੁਰਦੁਆਰਾ ਰੋੜੀ ਸਾਹਿਬ, ਮੋੜ ਏਮਨਾਬਾਦ, ਜ਼ਿਲ੍ਹਾ ਗੁਜਰਾਂਵਾਲਾ**

ਗੁਰਦੁਆਰਾ ਰੋੜੀ ਸਾਹਿਬ ਮੌਜੂਦਾ ਐਮਨਾਬਾਦ ਤੋਂ 2 ਕਿਲੋਮੀਟਰ ਦੱਖਣ-ਪੂਰਬ ਵੱਲ ਅਤੇ ਤਾਲਾਬ ਨਾਮਕ ਪਿੰਡ ਦੇ ਕੇਂਦਰ ਤੋਂ ਡੇਢ ਕਿਲੋਮੀਟਰ ਉੱਤਰ-ਪੱਛਮ ਵੱਲ ਸਥਿਤ ਹੈ। ਏਮਨਾਬਾਦ, ਇੱਕ ਪੁਰਾਣਾ ਸ਼ਹਿਰ ਲਾਹੌਰ ਦੇ ਉੱਤਰ ਵਿੱਚ ਲਗਭਗ 55 ਕਿਲੋਮੀਟਰ ਅਤੇ ਗੁਜਰਾਂਵਾਲਾ ਤੋਂ 15 ਕਿਲੋਮੀਟਰ ਦੱਖਣ ਵਿੱਚ ਹੈ ਅਤੇ ਪੱਛਮੀ ਪੰਜਾਬ, ਪਾਕਿਸਤਾਨ ਵਿੱਚ ਗੁਜਰਾਂਵਾਲਾ ਜ਼ਿਲ੍ਹੇ ਦਾ ਇੱਕ ਮਸ਼ਹੂਰ ਸ਼ਹਿਰ ਹੈ। ਇਹ ਗ੍ਰੈਂਡ ਟਰੰਕ ਰੋਡ ਅਤੇ ਐਮਨਾਬਾਦ ਰੇਲਵੇ ਸਟੇਸ਼ਨ ਨਾਲ ਧਾਤੂ ਵਾਲੀ ਸੜਕ ਦੇ ਚਾਰ ਕਿਲੋਮੀਟਰ ਦੇ ਹਿੱਸੇ ਨਾਲ ਜੁੜਿਆ ਹੋਇਆ ਹੈ। ਇਸ ਇਲਾਕੇ ਵਿੱਚ ਸਿੱਖਾਂ ਦੇ ਤਿੰਨ ਮਹੱਤਵਪੂਰਨ ਇਤਿਹਾਸਕ ਗੁਰਦੁਆਰੇ ਹਨ- ਗੁਰਦੁਆਰਾ ਰੋੜੀ ਸਾਹਿਬ, ਗੁਰਦੁਆਰਾ ਚੱਕੀ ਸਾਹਿਬ ਅਤੇ ਗੁਰਦੁਆਰਾ ਖੂਹੀ ਭਾਈ ਲਾਲੋ।

ਗੁਰਦੁਆਰਾ ਰੋੜੀ ਸਾਹਿਬ ਉਹ ਪਵਿੱਤਰ ਅਸਥਾਨ ਹੈ ਜੋ ਉਸ ਸਥਾਨ ਦੀ ਨਿਸ਼ਾਨਦੇਹੀ ਕਰਦਾ ਹੈ ਜਿੱਥੇ, ਪਰੰਪਰਾ ਅਨੁਸਾਰ, ਗੁਰੂ ਨਾਨਕ ਦੇਵ ਜੀ ਨੇ ਨਗਰ ਦੀ ਤਬਾਹੀ ਤੋਂ ਬਾਅਦ ਭਾਈ ਲਾਲੋ ਨਾਲ ਠਹਿਰੇ ਸਨ। ਇੱਥੇ ਗੁਰੂ ਜੀ ਨੂੰ ਕੰਕਰਾਂ (ਛੋਟੇ ਪੱਥਰਾਂ) (ਪੰਜਾਬੀ ਵਿੱਚ ਰੋੜੀ) ਦੇ ਸਖ਼ਤ ਬਿਸਤਰੇ ਉੱਤੇ ਬੈਠਣਾ ਅਤੇ ਲੇਟਣਾ ਪਿਆ।


ਇਸ ਥਾਂ ਉੱਤੇ ਇੱਕ ਸ਼ਾਨਦਾਰ ਗੁਰਦੁਆਰਾ ਬਣਾਇਆ ਗਿਆ ਹੈ। ਇੱਕ ਵੱਡਾ ਤਾਲਾਬ ਅਤੇ ਹੋਰ ਇਮਾਰਤਾਂ ਇਸ ਨੂੰ ਹੋਰ ਸੁੰਦਰ ਬਣਾਉਂਦੀਆਂ ਹਨ। ਪਹਿਲਾਂ ਵਿਸਾਖੀ ਅਤੇ ਕੱਤਕ ਪੂਰਨਮਾਸ਼ੀ ਦੇ ਤਿਉਹਾਰ ਹੀ ਮਨਾਏ ਜਾਂਦੇ ਸਨ ਪਰ ਹੁਣ ਸਿਰਫ਼ ਵਿਸਾਖੀ ਦਾ ਤਿਉਹਾਰ ਹੀ ਮਨਾਇਆ ਜਾਂਦਾ ਹੈ ਜਿੱਥੇ ਗੁਜਰਾਂਵਾਲਾ ਅਤੇ ਇਸ ਦੇ ਨਾਲ ਲੱਗਦੇ ਇਲਾਕਿਆਂ ਦੇ ਲੋਕ ਧੂਮ-ਧਾਮ ਨਾਲ ਹਿੱਸਾ ਲੈਂਦੇ ਹਨ।

ਇਹ ਨਗਰ ਦਾ ਪ੍ਰਮੁੱਖ ਗੁਰਦੁਆਰਾ ਸੀ। ਇਸ ਦੀ ਕੇਂਦਰੀ ਇਮਾਰਤ ਕੱਟੀਆਂ ਹੋਈਆਂ ਇੱਟਾਂ ਦੇ ਕੰਮ ਦਾ ਤਿੰਨ ਮੰਜ਼ਿਲਾ ਸ਼ਾਨਦਾਰ ਢਾਂਚਾ ਹੈ, ਜਿਸ ਦੇ ਸਿਖਰ 'ਤੇ ਤਿੰਨ ਛੱਤਰੀ ਵਰਗੀਆਂ ਬਣਤਰਾਂ ਹਨ ਅਤੇ ਦੋਵੇਂ ਪਾਸੇ ਛੋਟੀਆਂ ਛੱਤਰੀਆਂ (ਗੁੰਬਦ-ਆਕਾਰ ਦੇ ਮੰਡਪ) ਦੇ ਨਾਲ ਇੱਕ ਵੱਡੇ ਕੇਂਦਰੀ ਗੁੰਬਦ ਨਾਲ ਢੱਕੀਆਂ ਹੋਈਆਂ ਹਨ।

ਪ੍ਰਵੇਸ਼ ਦੇ ਖੱਬੇ ਪਾਸੇ ਇੱਕ ਆਇਤਾਕਾਰ ਹਾਲ ਇਸ ਨੂੰ ਜੋੜਦਾ ਹੈ। ਇੱਕ ਵੱਡਾ ਸਰੋਵਰ, ਇਸਦੇ ਦੋ ਪਾਸਿਆਂ ਤੋਂ ਨੀਵੀਆਂ ਕੰਧਾਂ ਨਾਲ ਘਿਰਿਆ ਹੋਇਆ ਹੈ, ਜੋ ਕੇਂਦਰੀ ਪ੍ਰਵੇਸ਼ ਬੁਰਜ ਦੇ ਸੱਜੇ ਪਾਸੇ ਤਿਲਕਿਆ ਹੋਇਆ ਹੈ। ਕੰਪਲੈਕਸ ਦੇ ਪਿਛਲੇ ਪਾਸੇ ਇੱਕ ਕਮਰਾ ਹੈ ਜਿਸ ਦੇ ਸਿਖਰ 'ਤੇ ਇੱਕ ਖਾਸ ਤੌਰ 'ਤੇ ਸ਼ਾਨਦਾਰ ਰਿਬਡ ਚਿੱਟੇ ਕਮਲ ਦੇ ਗੁੰਬਦ ਦੇ ਨਾਲ ਇੱਕ ਪਰਿਕਰਮਾ ਵਾਲਾ ਵਰਾਂਡਾ ਹੈ। ਇਹ ਕਮਰਾ ਉਸ ਕੰਕਰ ਵਾਲੇ ਖੇਤਰ ਨੂੰ ਕਵਰ ਕਰਦਾ ਹੈ


ਵੰਡ ਤੋਂ ਪਹਿਲਾਂ, ਐਮਨਾਬਾਦ ਆਪਣੇ ਹਫ਼ਤਾ ਭਰ ਚੱਲਣ ਵਾਲੇ ਵਿਸਾਖੀ ਮੇਲੇ ਲਈ ਜਾਣਿਆ ਜਾਂਦਾ ਸੀ ਜਿਸ ਵਿੱਚ ਗੁਰਦੁਆਰਾ ਰੋੜੀ ਸਾਹਿਬ ਵਿੱਚ ਸਿੱਖਾਂ ਦੇ ਵੱਡੇ ਇਕੱਠ ਦੇ ਨਾਲ-ਨਾਲ ਆਮ ਮੌਜ-ਮਸਤੀ ਅਤੇ ਪਸ਼ੂ ਮੇਲਾ ਸ਼ਾਮਲ ਹੁੰਦਾ ਸੀ।


ਗੁਰਦੁਆਰੇ ਦੀ ਇਮਾਰਤ ਢਹਿ-ਢੇਰੀ ਹੋ ਰਹੀ ਸੀ ਪਰ ਪਾਕਿਸਤਾਨ ਸਰਕਾਰ ਨੇ ਹਜ਼ਾਰਾਂ ਰੁਪਏ ਦੀ ਲਾਗਤ ਨਾਲ ਇਸ ਦੀ ਚਾਰਦੀਵਾਰੀ ਬਣਾ ਕੇ ਸੜਨ ਨੂੰ ਰੋਕ ਦਿੱਤਾ।







# ਖੇਡਾਂ ਅਤੇ ਖਿਡਾਰੀਆਂ ਦਾ ਪ੍ਰਛਾਵਾਂ ਹੈ: ਜਗਰੂਪ ਸਿੰਘ ਜਰਖੜ

ਮੌਜੂਦਾ ਸਮੇਂ ਵਿਚ ਮਾਡਰਨ ਖੇਡਾਂ ਵਜੋਂ ਮਸਹੂਰ ਹੋਈਆਂ ਜਰਖੜ ਪਿੰਡ ਦੀਆਂ ਖੇਡਾਂ ਨੂੰ ਜੇਕਰ ਜਗਰੂਪ ਸਿੰਘ ਜਰਖੜ ਦੀਆਂ ਖੇਡਾਂ ਕਹਿ ਦੇਈਏ ਤਾਂ ਕੋਈ ਅੱਥਕਥਨੀ ਨਹੀਂ ਹੋਵੇਗੀ । ਕਿਉਂਕੇ ਇਹਨਾਂ ਖੇਡਾਂ ਨੂੰ ਸਾਲ 1986 ਤੋਂ , ਪਿੰਡ ਦੇ ਟੋਬੇ ਨੂੰ ਭਰਤ ਵਾਲੀ ਮਿੱਟੀ ਨਾਲ ਪੂਰਕੇ ਖੇਡ ਗਰਾਊਂਡ ਬਣਾਕੇ ਸ਼ੁਰੂ ਕਰਨ ਵਾਲਾ, ਖੇਡਾਂ ਨੂੰ ਅੱਗੇ ਤੋਰਨ ਵਾਲਾ ਤੇ ਇਹਨਾਂ ਖੇਡਾਂ ਦੀ ਦੇਸ਼-ਵਿਦੇਸ਼ ਵਿਚ ਭੱਲ ਬਣਾਉਣ ਵਾਲਾ ਬੰਦਾ ਜਗਰੂਪ ਸਿੰਘ ਜਰਖੜ ਹੀ ਹੈ । ਇਹਨਾਂ ਖੇਡਾਂ ਦੀ ਤਰੱਕੀ ਲਈ ਉਸਦੀ ਭੂਮਿਕਾ ਹਮੇਸ਼ਾ ਮੋਹਰੀਆਂ ਵਾਲੀ ਹੀ ਰਹੀ। ਜਰਖੜ ਪਿੰਡ ਦੀਆਂ ਮਾਡਰਨ ਖੇਡਾਂ ਬੀਤੇ 37 ਸਾਲ ਪਹਿਲਾਂ ਜਦੋਂ ਸ਼ੁਰੂ ਹੋਈਆਂ ਤਾਂ ਇਹਨਾਂ ਖੇਡਾਂ ਦਾ ਬਜਟ ਸਿਰਫ਼ ,ਹਜਾਰ-ਬਾਰਾਂ ਸੌ ਰੁਪਏ ਤੱਕ ਹੀ ਸੀ, ਜੋ ਮੌਜੂਦਾ ਸਮੇਂ ਚ ਵਧ ਕੇ 30 ਲੱਖ ਤਕ ਦਾ ਹੋ ਗਿਆ। ਕਦੇ ਇਹ ਕਿਹਾ ਜਾਂਦਾ ਸੀ ਕਿ," ਜਿਹਨੇ ਕਿਲਾ ਰਾਏਪੁਰ ਦੀਆਂ ਖੇਡਾਂ ਨੀ ਦੇਖੀਆਂ ਉਹ ਅਜੇ ਜੰਮਿਆ ਹੀ ਨੀ " ਪਰ ਹੁਣ ਇਹੋ ਗੱਲ ਜਰਖੜ ਖੇਡਾਂ ਤੇ ਵੀ ਢੁਕਣ ਲੱਗ ਪਈ ਹੈ । ਜਿਸ ਦਾ ਸਿਹਰਾ ਜਗਰੂਪ ਸਿੰਘ ਜਰਖੜ ਦੇ ਸਿਰ ਤੇ ਹੀ ਬੰਨਿਆ ਜਾਵੇਗਾ।

ਸੰਸਥਾਪਕ ਹੈ। ਖੇਡਾਂ ਅਤੇ ਖਿਡਾਰੀਆਂ ਬਾਰੇ ਉਹ ਪਿਛਲੇ 33 ਸਾਲਾਂ ਤੋਂ ਵੱਖ ਵੱਖ ਅਖਬਾਰਾਂ ਵਿਚ ਨਿਰਵਿਘਨ ਲਿਖਦਾ ਆ ਰਿਹਾ ਹੈ। ਉਸਨੇ ਕੌਮਾਂਤਰੀ ਖੇਡ ਪੱਤਰਕਾਰੀ ਕਰਦਿਆਂ ਉਲੰਪਿਕ ਖੇਡਾਂ ,ਵਿਸ਼ਵ ਕੱਪ ਹਾਕੀ, ਰਾਸ਼ਟਰਮੰਡਲ ਖੇਡਾਂ, ਏਸ਼ੀਆਈ ਖੇਡਾਂ ਅਤੇ ਅਨੇਕਾਂ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਖੇਡ ਮੁਕਾਬਲਿਆਂ ਦੀ ਬਤੌਰ ਮੀਡੀਆ ਨੁਮਾਂਇਦੇ ਵਜੋਂ ਕਵਰੇਜ਼ ਕੀਤੀ ਹੈ।

ਸਨਅਤੀ ਸ਼ਹਿਰ ਲੁਧਿਆਣਾ ਦੇ ਨਜ਼ਦੀਕ ਵਸੇ ਛੋਟੇ ਜਿਹੇ ਪਿੰਡ ਜਰਖੜ ਵਿਖੇ ਮਿਤੀ 1 ਜਨਵਰੀ 1964 ਨੂੰ ਪਿਤਾ ਹਰਨੇਕ ਸਿੰਘ ਦੇ ਘਰ ਮਾਤਾ ਨਛੱਤਰ ਕੌਰ ਦੀ ਕੁੱਖੋਂ ਜਨਮੇ ਜਗਰੂਪ ਸਿੰਘ ਨੇ ਬਚਪਨ ਵਿਚ ਗੁਰਬਤ ਨਾਲ ਆਢਾ ਲਾ ਕੇ ਜਵਾਨੀ ਨੂੰ ਸੁਹੁਲਤਾਂ ਜੋਗਾ ਕੀਤਾ । ਉਸਨੇ ਆਪਣੀ ਮੁੱਢਲੀ ਪੜ੍ਹਾਈ ਜਰਖੜ ਤੋਂ ਮੈਟ੍ਰਿਕ ਆਲਮਗੀਰ ਤੋਂ, ਤੇ ਬੀਏ ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹੇ ਤੋਂ ਕਰ ਸਰਕਾਰੀ ਕਾਲਜ ਮਲੇਰਕੋਟਲੇ ਜਾ ਕੇ ਐਮਏ ਅਰਥ ਸਾਸਤਰ ਵਿਚ ਦਾਖਲਾ ਲੈ ਲਿਆ, ਜੋ ਘਰ ਦੀ ਮਜ਼ਬੂਰੀ ਕਾਰਨ ਵਿਚੇ ਛੱਡਣੀ ਪਈ। ਬਚਪਨ ਵਿਚ ਉਸਦੀ ਹਾਕੀ ਖੇਡਣ ਦੀ ਚਾਹਤ ਸੀ ਪਰ ਘਰ ਦੀ ਆਰਥਿਕ ਤੰਗੀ ਕਾਰਨ ਉਹ ਹਾਕੀ ਨਾ ਖਰੀਦ ਸਕਿਆ। ਜਦੋਂ ਉਹ ਆਰਥਿਕ ਪੱਖੋਂ ਸਮਰੱਥ ਹੋਇਆ ਤਾਂ ਪੰਜ ਤੋਂ ਛੇ ਹਜ਼ਾਰ ਰੁਪਏ ਕੀਮਤ ਵਾਲੀਆਂ ਸੈਂਕੜੇ ਹਾਕੀਆਂ ਬੱਚਿਆਂ ਨੂੰ ਹਰ ਸਾਲ ਮੁਫ਼ਤੋ ਮੁਫ਼ਤੀ ਲੰਗਰ ਦੀ ਰਸਦ ਵਾਂਗ ਵੰਡੀ ਜਾ ਰਿਹੈ । ਤੇ ਇਸ ਕੰਮ ਲਈ ਉਹ ਰੱਬ ਦਾ ਸ਼ੁਕਰਾਨਾ ਵੀ ਨਾਲੋਂ ਨਾਲ ਕਰੀ ਜਾਂਦੈ। ਜਗਰੂਪ ਸਿੰਘ ਨੇ ਦੱਸਿਆ ਕਿ ਉਸਦੀ ਹਾਕੀ ਖੇਡ ਵਿਚ ਦਿਲਚਸਪੀ ਉਦੋਂ ਪੈਦਾ ਹੋਈ ਜਦੋਂ ਉਸਨੇ 1975 ਦੇ ਵਿਸ਼ਵ ਹਾਕੀ ਕੱਪ ਦੀ ਕਮੈਂਟਰੀ ਨੂੰ ਕਮੈਂਟੇਟਰ ਜਸਦੇਵ ਸਿੰਘ ਦੀ ਆਵਾਜ਼ ਵਿਚ ਰੇਡੀਓ ਤੋਂ ਸੁਣਿਆ। ਕਮੈਂਟਰੀ ਸੁਣ ਉਹਦੇ ਦਿਲ ਵਿਚ ਵੀ ਹਾਕੀ ਖੇਡਣ ਦਾ ਉਬਾਲ ਜਿਹਾ ਉਠਿਆ। ਉਸਨੇ ਸਕੂਲ ਪੱਧਰ ਤੋਂ ਹਾਕੀ ਖੇਡਣੀ ਸ਼ੁਰੂ ਕੀਤੀ ਤੇ ਸਟੇਟ, ਅੰਤਰ ਯੂਨੀਵਰਸਿਟੀ ਪੱਧਰ ਤੱਕ ਖੇਡੀ, ਵਿੱਚੇ ਉਹ ਜਿਲ੍ਹਾ ਪੱਧਰ ਦੇ ਨੈਸ਼ਨਲ ਸਟਾਈਲ ਕਬੱਡੀ ਮੁਕਾਬਲਿਆਂ ਵਿਚ ਰੇਡਾਂ ਪਾਉਂਦਾ ਰਿਹਾ । ਲੇਕਿੰਨ ਹਾਕੀ ਖੇਡ ਵਿਚ ਕਮਾਏ ਖੇਡ ਸਰਟੀਫਿਕੇਟਾਂ ਨੇ ਉਸਨੂੰ ਬਿਜਲੀ ਬੋਰਡ ਵਿਚ ਨੌਕਰੀ ਦਿਵਾਈ ਤੇ ਰੋਟੀ ਜੋਗਾ ਕੀਤਾ। ਬਾਅਦ ਵਿਚ ਜਗਰੂਪ ਸਿੰਘ ਨੇ ਲੋਕ ਸੰਪਰਕ ਅਫ਼ਸਰ ਦੀ ਨੌਕਰੀ ਵੀ ਕੀਤੀ ਜੋ ਉਸਨੇ ਛੱਡ ਦਿੱਤੀ। ਮੁੜ ਰਾਜਨੀਤੀ ਵੱਲ ਰੁੱਖ ਕੀਤਾ ਤਾਂ ਆਪ ਪਾਰਟੀ ਦਾ ਮੁੱਢਲਾ

ਵਰਕਰ ਬਣ ਸਮਾਜ ਸੇਵਾ ਕਰ ਹਲਕੇ ਵਿਚ ਚੰਗੀ ਭੱਲ ਬਣਾਈ ਤੇ ਉਦੋਂ ਲੋਕਾਂ ਨੇ ਕਿਹਾ ਕਿ ਪਾਰਟੀ ਟਿਕਟ ਜਗਰੂਪ ਸਿੰਘ ਨੂੰ ਮਿਲਣੀ ਚਾਹੀਦੀ ਹੈ । ਪਰ ਸਾਧ ਬਿਰਤੀ ਇਸ ਬੰਦੇ ਨੇ ਲੋਕ ਸੇਵਾ ਨੂੰ ਹੀ ਪਹਿਲ ਦਿੱਤੀ।

ਕੋਈ ਵਿਅਕਤੀ ਜਦੋਂ ਚੰਗਾ ਕੰਮ ਸ਼ੁਰੂ ਕਰਦੈ ਤਾਂ ਵਿਰੋਧ ਕਰਨ ਵਾਲੇ ਵੀ ਉੱਠ ਖੜ੍ਹਦੇ ਨੇ। ਜਗਰੂਪ ਸਿੰਘ ਨਾਲ ਵੀ ਏਦਾਂ ਹੀ ਹੋਇਆ । ਉਹਨੇ ਵੀ ਇਹਨਾਂ ਖੇਡਾਂ ਦੇ ਸ਼ੁਰੂ ਹੋਣ ਤੋਂ ਲੈ ਕੇ ਵੱਖ ਵੱਖ ਸਮੇਂ ਤਕ ਕਈ ਆਰਥਿਕ, ਸਮਾਜਿਕ, ਰਾਜਸੀ ਅੜਚਨਾਂ ਅਤੇ ਜ਼ਿੰਦਗੀ ਨੂੰ ਖਤਰੇ ਚ ਪਾਉਣ ਵਾਲੀਆਂ ਕਈ ਔਕੜਾਂ ਦਾ ਸਾਹਮਣਾ ਕੀਤਾ । ਗਾਇਕ ਸੰਦੀਲੇ ਦੇ ਗੀਤ ਵਾਂਗੂ ," ਉਹ ਸੀਪ ਲਾਉਣ ਨੂੰ ਫਿਰਦੇ ਸੀ ਉਹਨੇ ਖੋਹ ਕੇ ਤਾਂਸ ਹੀ ਪਾੜ ਦਿੱਤੀ"।

ਜਗਰੂਪ ਸਿੰਘ ਨੇ ਮਿਹਨਤ ਕਰ ਜਰਖੜ ਖੇਡਾਂ ਨੂੰ ਤਰੱਕੀ ਵੱਲ ਤੋਰਿਆ ਤੇ ਸਾਰੇ ਵਿਰੋਧੀਆਂ ਦੇ ਮੂੰਹ ਬੰਦ ਕਰਵਾ ਦਿੱਤੇ । ਇਹਨਾਂ ਖੇਡਾਂ ਨੂੰ ਉਪਰ ਚੁੱਕਣ ਵਿਚ ਜਗਰੂਪ ਸਿੰਘ ਦਾ ਸਾਥ ਦਿੱਤਾ ਪਿੰਡ ਦੇ ਸਰਪੰਚ ਮੇਜਰ ਸਿੰਘ ਨੇ ਅਤੇ ਬੀਬੀ ਸੁਰਜੀਤ ਕੌਰ ਨੇ ਜੋ ਗੁਰਦਵਾਰਾ ਮਾਤਾ ਸਾਹਿਬ ਸਾਹਿਬ ਕੌਰ ਮੰਜੀ ਸਾਹਿਬ ,ਜਰਖੜ ਦੀ ਮੁੱਖ ਸੇਵਾਦਾਰ ਹੈ। ਜਗਰੂਪ ਸਿੰਘ ਨੇ ਆਪਣੀ ਅਪਣੱਤ ਨਾਲ ਸਾਬਕਾ ਡੀ। ਜੀਪੀ ਸ੍ਰ ਰਾਜਦੀਪ ਸਿੰਘ ਗਿੱਲ ਅਤੇ ਸ੍ਰ ਨਰਿੰਦਰਪਾਲ ਸਿੰਘ "ਰੂਬੀ ਸਿੱਧੂ" ਹੋਰਾਂ ਤੋਂ ਵੀ ਇਹਨਾਂ ਖੇਡਾਂ ਦੀ ਭਲਾਈ ਲਈ ਸਹਿਯੋਗ ਨੂੰ ਲੰਬਾ ਸਮਾਂ ਮਾਣਿਆ।



ਪ੍ਰੋ ਹਰਦੀਪ ਸਿੰਘ ਸੰਗਰੂਰ
91-94174-60316

ਕਰ ਕੰਮ ਚਲਾ ਰਿਹਾ ਹੈ । ਉਸਨੇ ਆਪਣੀ ਸਰਕਾਰੀ ਨੌਕਰੀ ਦੀ ਰਿਟਾਇਰਮੈਂਟ ਵੇਲੇ ਮਿਲੀ ਸਾਰੀ ਪੂੰਜੀ ਵੀ ਖੇਡ ਸਟੇਡੀਅਮ ਦੀ ਉਸਾਰੀ ਤੇ ਲਗਾ ਦਿੱਤੀ ਤੇ ਖੇਡ ਸਟੇਡੀਅਮ ਨੂੰ ਸੋਹਣੀ ਦਿੱਖ ਪ੍ਰਦਾਨ ਕੀਤੀ । ਲੋਕਾਂ ਨੇ ਬਥੇਰਾ ਕਿਹਾ ਓ ਭਾਈ , ਕੁਝ ਆਪਣੇ ਬੱਚਿਆਂ ਲਈ ਵੀ ਬਚਾ ਲੈ ਤਾਂ ਜਗਰੂਪ ਸਿੰਘ ਨੇ ਕਿਹਾ , ਖੇਡ ਮੈਦਾਨ ਵਿਚ ਖੇਡਣ ਵਾਲੇ ਸਾਰੇ ਬੱਚੇ ਵੀ ਮੇਰੇ ਬੱਚਿਆਂ ਵਾਂਗ ਹੀ ਨੇ ।"

ਜਰਖੜ ਦਾ ਖੇਡ ਸਟੇਡੀਅਮ ਪਹਿਲਾ ਅਜਿਹਾ ਖੇਡ ਸਟੇਡੀਅਮ ਬਣ ਗਿਆ ਹੈ ਜਿਥੇ ਦੌੜਾਕ ਮਿਲਖਾ ਸਿੰਘ, ਹਾਕੀ ਖਿਡਾਰੀ ਧਿਆਨ ਚੰਦ, ਪਿਰਥੀਪਾਲ ਸਿੰਘ, ਊਧਮ ਸਿੰਘ, ਸੁਰਜੀਤ ਸਿੰਘ ਅਤੇ ਸੀਨੀਅਰ ਬਲਬੀਰ ਸਿੰਘ ਹੋਰਾਂ ਦੇ ਆਦਮ ਕਦ ਬੁੱਤ ਸਥਾਪਿਤ ਕੀਤੇ ਗਏ ਨੇ । ਇਸ ਤੋਂ ਇਲਾਵਾ ਜਰਖੜ ਖੇਡ ਮੇਲੇ ਉਪਰ ਹਰ ਸਾਲ ਉੱਘੀਆਂ ਖੇਡ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ । ਇਸ ਸਾਲ ਦੇ ਖੇਡ ਮੇਲੇ ਵਿਚ ਖੇਡ ਸਾਹਿਤ ਰਚਣ ਵਾਲੇ ਲੇਖਕਾਂ ਲਈ ਵੀ ਸਨਮਾਨ ਸ਼ੁਰੂ ਕੀਤਾ ਗਿਆ ਹੈ ਤੇ ਇਹ ਸਨਮਾਨ "ਖੇਡ ਲੇਖਣੀ ਦੇ ਬਾਬਾ ਬੋਹੜ" ਪ੍ਰਿੰਸੀਪਲ ਸਰਵਣ ਸਿੰਘ ਨੂੰ ਦੇ ਕੇ ਚੰਗੀ ਸ਼ੁਰੂਆਤ ਕੀਤੀ ਗਈ ਹੈ।









ਦਿੱਖ ਪੱਖੋਂ ਉਹ ਜਮਾ ਹੀ ਯੋਗੀ ਲਗਦੈ, ਰਮਤਾ ਯੋਗੀ, ਜਿਵੇਂ ਹੁਣੇ ਪਹਾੜੋਂ ਉੱਤਰ ਕੇ ਆਇਆ ਹੋਵੇ । ਉਹਦਾ ਨਾਂ ਜਗਰੂਪ ਸਿੰਘ ਜਮੀਂ ਉਹਦੇ ਸੁਭਾਅ ਨਾਲ ਮੇਲ ਖਾਂਦੈ ਕਿਉਂਕਿ ਉਹ ਜੱਗ ਨਾਲ ਵਿਚਰਦਾ ਵੀ ਜੱਗ ਦਾ ਰੂਪ ਬਣਕੇ ਹੀ ਹੈ। ਜਿਹਨੂੰ ਵੀ ਮਿਲਦੈ ਪੂਰੀ ਅਪਣੱਤ ਨਾਲ, ਜਿਵੇਂ ਉਸਨੂੰ ਅਗਾਊਂ ਹੀ ਜਾਣਦਾ ਹੋਵੇ । ਉਹ ਕਦੇ ਵੀ ਵਿਹਲਾ ਨੀ ਦਿਸਦਾ ,ਹਮੇਸ਼ਾ ਰੁਝੇਵੇਂ ਤੇ ਤੋਰੇ ਫੇਰੇ ਚ ਰਹਿੰਦਾ। ਕਦੇ ਉਹ ਆਪਣੇ ਪਿੰਡ ਜਰਖੜ ਦੇ ਸਟੇਡੀਅਮ ਵਿਚ ਪ੍ਰੈਕਟਿਸ ਕਰ ਰਹੇ ਖਿਡਾਰੀਆਂ ਕੋਲ ਹੁੰਦੈ, ਕਦੇ ਕਿਸੇ ਖੇਡ ਮੇਲੇ ਜਾਂ ਟੂਰਨਾਮੈਂਟ ਦੀ ਖੇਡ ਪੱਤਰਕਾਰ ਵਜੋਂ ਕਵਰੇਜ਼ ਕਰਦਾ ਹੋਇਆ ਨਜ਼ਰ ਆਉਂਦੈ, ਕਦੇ ਖੇਡ ਮੇਲੇ ਦੀ ਕੁਮੈਂਟਰੀ ਕਰਦਾ ਦਿਸਦੈ ,ਕਦੇ ਕਿਸੇ ਉੱਘੇ ਖਿਡਾਰੀ ਦੀ ਇੰਟਰਵਿਊ ਲੈਂਦਾ ਨਜ਼ਰੀ ਪੈਂਦੈ ਤੇ ਕਦੇ ਕਿਸੇ ਖੇਡ ਸੈਮੀਨਾਰ ਵਿਚ ਸਿਰਕਤ ਕਰ ਰਿਹਾ ਹੁੰਦੈ। ਗੱਲ ਕੀ, ਉਹ ਹਮੇਸ਼ਾ ਖੇਡਾਂ ਤੇ ਖਿਡਾਰੀਆਂ ਦਾ ਪ੍ਰਛਾਵਾਂ ਬਣ ਵਿਚਰਦੈ । ਉਹਦਾ ਹਰੇਕ ਪਲ ਹਰੇਕ ਦਿਨ ਖੇਡਾਂ ਤੇ ਖਿਡਾਰੀਆਂ ਲਈ ਹੈ। ਜਗਰੂਪ ਸਿੰਘ ਜਰਖੜ ਇਕੋ ਵੇਲੇ ਖੇਡ ਪ੍ਰੋਮੋਟਰ, ਖੇਡ ਲੇਖਕ ,ਖੇਡ ਪੱਤਰਕਾਰ, ਖੇਡ ਕਮੈਂਟੇਟਰ ਅਤੇ ਆਨ ਲਾਈਨ ਖੇਡ ਮੈਗਜ਼ੀਨ "ਖੇਡ ਮੈਦਾਨ ਬੋਲਦਾ ਹੈ" ਦਾ

ਸ਼ੁਰੂ ਵਿਚ ਜਰਖੜ ਦਾ ਖੇਡ ਮੈਦਾਨ ਬੜਾ ਛੋਟਾ ਤੇ ਮਿੱਟੀ ਵਾਲਾ ਸੀ ਜੋ ਅੱਜ ਇੱਕ ਵਿਸ਼ਾਲ ਖੇਡ ਕੰਪਲੈਕਸ ਦਾ ਰੂਪ ਲੈ ਚੁੱਕਾ ਹੈ ,ਜਿਸ ਵਿਚ ਇੱਕੋ ਸਮੇਂ ਫਲੱਡ ਲਾਈਟਾਂ ਵਾਲੇ ਨੀਲੇ ਐਸਟਰੋਟਰਫ ਤੇ ਹਾਕੀ , ਵੱਖੋ ਵੱਖਰੇ ਖੇਡ ਮੈਦਾਨਾਂ ਉਪਰ ਕੱਬਡੀ ,ਹੈਂਡਬਾਲ ,ਬਾਸਕਿਟਬਾਲ ,ਕੁਸ਼ਤੀ, ਵਾਲੀਬਾਲ ਖੇਡਾਂ ਹੋ ਸਕਦੀਆਂ ਨੇ ਅਤੇ ਮੁੱਕੇਬਾਜ਼ੀ ਲਈ ਰਿੰਗ ਵੀ ਉਪਲੱਬਧ ਹੈ।

ਜਰਖੜ ਦੀ ਹਾਕੀ ਅਕੈਡਮੀ ਸੈਂਕੜੇ ਹਾਕੀ ਖਿਡਾਰੀ ਨੈਸ਼ਨਲ ਖੇਡਾਂ ਅਤੇ ਅੰਤਰ ਵਰਸਿਟੀ ਖੇਡ ਮੁਕਾਬਲੇ ਖੇਡ ਨਾਮਣਾ ਖੱਟ ਚੁੱਕੇ ਨੇ । ਇੰਨ੍ਹਾ ਵਿਚੋਂ ਅਨੇਕਾਂ ਸਰਕਾਰੀ ਨੌਕਰੀ ਵੀ ਪ੍ਰਾਪਤ ਕਰ ਚੁੱਕੇ ਹਨ । ਹਰ ਸਾਲ ਜਰਖੜ ਹਾਕੀ ਅਕੈਡਮੀ ਤੇ 20 ਤੋਂ 22 ਲੱਖ ਰੁਪਏ ਦਾ ਖਰਚਾ ਆਉਂਦਾ ਹੈ ਜਿਸ ਨੂੰ ਉਹ ਦੇਸ਼ ਵਿਦੇਸ਼ ਦੇ ਦਾਨੀ ਸੱਜਣਾ ਕੋਲੋਂ ਇਕੱਤਰ

ਖੇਡਾਂ ਅਤੇ ਖਿਡਾਰੀਆਂ ਦੀ ਬਿਹਤਰੀ ਲਈ ਜਗਰੂਪ ਸਿੰਘ ਜਰਖੜ ਆਖਦਾ ਹੈ ਕਿ ਪ੍ਰਮਾਤਮਾ ਨੇ ਉਸਨੂੰ ਜਿੰਨ੍ਹੇ ਸੁਆਸ ਦਿੱਤੇ ਨੇ ਉਹਨਾਂ ਦੀ ਆਖਰੀ ਲੜੀ ਤਕ ਉਹ ਆਪਣੇ ਯਤਨ ਜਾਰੀ ਰੱਖੇਗਾ। ਉਸਦਾ ਹਰ ਇਕ ਪਲ ਜਰਖੜ ਖੇਡ ਮੈਦਾਨਾਂ ਅਤੇ ਇਹਨਾਂ ਮੈਦਾਨਾਂ ਤੇ ਖੇਡ ਰਹੇ ਖਿਡਾਰੀਆਂ ਨੂੰ ਸਮਰਪਿਤ ਹੁੰਦੈ । ਵਾਹਿਗੁਰੂ ਅੱਗੇ ਅਰਦਾਸ ਹੈ ਕਿ ਖਿਡਾਰੀਆਂ ਦੇ ਇਸ ਫ਼ਰਿਸ਼ਤੇ ਨੂੰ ਤੰਦਰੁਸਤੀ ਅਤੇ ਚੜ੍ਹਦੀ ਕਲਾ ਬਖਸੇ।

******

# ਭਾਸ਼ਾ ਵਿਭਾਗ ਨੇ ਮਨਾਇਆ ਵਿਸ਼ਵ ਰੰਗ—ਮੰਚ ਦਿਵਸ

## ਬਹੁ—ਰੰਗੇ ਨੁੱਕੜ ਨਾਟਕ ਅਤੇ ਪੁਸਤਕ ਪ੍ਰਦਰਸ਼ਨੀ ਰਹੇ ਖਿੱਚ ਦਾ ਕੇਂਦਰ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਉਚੇਰੀ ਸਿੱਖਿਆ ਅਤੇ ਭਾਸ਼ਾ ਦੇ ਸਕੱਤਰ ਜਸਪ੍ਰੀਤ ਤਲਵਾੜ ਅਤੇ ਸੰਯੁਕਤ ਡਾਇਰੈਕਟਰ ਡਾ ਵੀਰਪਾਲ ਕੌਰ ਭਾਸ਼ਾ ਵਿਭਾਗ, ਪੰਜਾਬ ਦੀਆਂ ਹਦਾਇਤਾਂ ਅਤੇ ਡਾ। ਜਸਵੰਤ ਰਾਏ ਖੋਜ ਅਫ਼ਸਰ ਭਾਸ਼ਾ ਵਿਭਾਗ ਦਫ਼ਤਰ ਹੁਸ਼ਿਆਰਪੁਰ ਦੀ ਅਗਵਾਈ ਵਿੱਚ ਪੋਸਟ ਗ੍ਰੈਜੁਏਟ ਪੰਜਾਬੀ ਵਿਭਾਗ ਡੀਏਵੀ ਕਾਲਜ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਵਿਸ਼ਵ ਰੰਗ—ਮੰਚ ਦਿਵਸ ਮਨਾਇਆ ਗਿਆ। ਜੀ ਆਇਆਂ ਸ਼ਬਦ ਮੁਖੀ ਪੰਜਾਬੀ ਵਿਭਾਗ ਡਾ। ਸ਼ਰਨਜੀਤ ਕੌਰ ਨੇ ਆਖੇ। ਡਾ ਕੁਲਵੰਤ ਸਿੰਘ ਰਾਣਾ ਨੇ ਰੰਗ-ਮੰਚ ਦਿਵਸ ਨੂੰ ਸਮਰਪਿਤ ਆਪਣੇ ਭਾਸ਼ਣ ਦੀ ਤਕਰੀਰ ਵਿੱਚ ਵਿਸ਼ਵ ਰੰਗ—ਮੰਚ ਅਤੇ ਪੰਜਾਬੀ ਨਾਟਕ ਇੱਕ ਅਧਿਐਨ ਵਿਸ਼ੇ ’ਤੇ ਬਹੁਤ ਭਾਵਪੂਰਤ ਗੱਲਾਂ ਕੀਤੀਆਂ।

ਡਾ ਜਸਵੰਤ ਰਾਏ ਨੇ ਭਾਸ਼ਾ ਵਿਭਾਗ ਦੀਆਂ ਗਤੀਵਿਧੀਆਂ ਅਤੇ ਪੁਸਤਕ ਸਭਿਆਚਾਰ ਨੂੰ ਲੈ ਕੇ ਕੀਤੇ ਜਾ ਰਹੇ ਤਰੱਦਦ ਪ੍ਰਤੀ ਵਿਦਿਆਰਥੀਆਂ ਨਾਲ ਸਾਂਝ ਵਿਅਕਤ ਕੀਤੀ । ਉਨ੍ਹਾਂ ਕਿਹਾ ਕਿ ਭਾਸ਼ਾ ਵਿਭਾਗ ਵਲੋਂ ਚਲਾਏ ਜਾ ਰਹੇ ਮੁਫ਼ਤ ਉਰਦੂ ਆਮੋਜ਼ ਕੋਰਸ ਦਾ ਵੀ ਤੁਸੀਂ ਲਾਭ ਲੈ ਸਕਦੇ ਹੋ।

ਇਸ ਮੌਕੇ ਲੇਖਕ ਅਤੇ ਡਾਇਰੈਕਟਰ ਅਸ਼ੋਕ ਪੁਰੀ ਵਲੋਂ ਲਿਖਿਆ ਤੇ ਨਿਰਦੇਸ਼ਤ ਕੀਤਾ ਨੁੱਕੜ ਨਾਟਕ ’ਬਹੁ—ਰੰਗੇ’ ਦੀ ਬਹੁਤ ਸ਼ਿੱਦਤ ਨਾਲ ਪੇਸ਼ਕਾਰੀ ਹੋਈ। ਇਸ ਤੋਂ ਪਹਿਲਾਂ ਅਸ਼ੋਕ ਪੁਰੀ ਨੇ ਹੁਸ਼ਿਆਰਪੁਰ ਦੇ ਹੋਏ ਨਾਟਕਕਾਰਾਂ ਦੀਆਂ ਰਚਨਾਵਾਂ ਅਤੇ ਕੰਮਾਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਜੁਗਲ ਕਿਸ਼ੋਰ ਵਲੋਂ ਡੀਏਵੀ ਕਾਲਜ ਦੀ ਲਾਇਬ੍ਰੇਰੀ ਵਿੱਚ ਲਗਾਈ ਗਈ ਪੁਸਤਕ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਰਹੀ। ਪ੍ਰਿੰ ਡਾ ਵਿਨੇ ਕੁਮਾਰ ਨੇ ਧੰਨਵਾਦੀ ਸ਼ਬਦ ਆਖਦਿਆਂ ਭਾਸ਼ਾ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਨਾਟਕਾਂ, ਕੋਰੀਓਗ੍ਰਾਫੀਆਂ ਰਾਹੀਂ ਦਿੱਤਾ ਜਾਂਦਾ ਗਿਆਨ ਚਿਰ ਸਥਾਈ ਹੁੰਦਾ ਹੈ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ। ਜਸਵੰਤ ਰਾਏ ਤੇ ਮੈਡਮ ਸੁਰਜੀਤ ਕੌਰ ਨੇ ਸਾਂਝੇ ਤੌਰ ’ਤੇ ਨਿਭਾਈ।

# ਜ਼ਿਲ੍ਹਾ ਪ੍ਰੀਸ਼ਦ ਹੁਸ਼ਿਆਰਪੁਰ ਅਤੇ ਪੰਚਾਇਤ ਸੰਮਤੀਆਂ ਦਾ ਬਜਟ ਸਰਬਸੰਮਤੀ ਨਾਲ ਪਾਸ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਜ਼ਿਲ੍ਹਾ ਪ੍ਰੀਸਦ ਹੁਸ਼ਿਆਰਪੁਰ ਦੇ ਹਾਊਸ ਦੀ ਮੀਟਿੰਗ ਅੱਜ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਦੇਵਰਾਜ ਸਿੰਘ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰੀਸਦ ਮੀਟਿੰਗ ਹਾਲ ਵਿਖੇ ਹੋਈ। ਇਸ ਦੌਰਾਨ ਜ਼ਿਲ੍ਹਾ ਪ੍ਰੀਸ਼ਦ ਹੁਸ਼ਿਆਰਪੁਰ ਅਤੇ ਪੰਚਾਇਤ ਸੰਮਤੀਆਂ ਜ਼ਿਲ੍ਹਾ ਹੁਸ਼ਿਆਰਪੁਰ ਦਾ ਸਾਲ 2023-24 ਦਾ ਵੱਖ-ਵੱਖ ਮੱਦਾਂ ਅਧੀਨ ਅਨੁਮਾਨਿਤ ਬਜਟ ਹਾਊਸ ਵਲੋਂ ਸਰਬਸੰਮਤੀ



ਨਾਲ ਪਾਸ ਕੀਤਾ ਗਿਆ। ਇਸ ਦੌਰਾਨ ਜ਼ਿਲ੍ਹਾ ਪ੍ਰੀਸ਼ਦ ਹੁਸ਼ਿਆਰਪੁਰ ਦਾ 54,45,58,855 ਰੁਪਏ ਦਾ ਅਨੁਮਾਨਿਤ ਬਜਟ ਪਾਸ ਕੀਤਾ ਗਿਆ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਰਬਾਰਾ ਸਿੰਘ ਰੰਧਾਵਾ, ਉਪ ਮੁੱਖ ਕਾਰਜਕਾਰੀ ਅਫ਼ਸਰ ਜ਼ਿਲ੍ਹਾ ਪ੍ਰੀਸ਼ਦ ਹੁਸ਼ਿਆਰਪੁਰ ਜਗਜੀਤ ਸਿੰਘ ਬੱਲ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜਸਵੰਤ ਸਿੰਘ ਰੰਧਾਵਾ, ਜਸਵਿੰਦਰ ਸਿੰਘ, ਰਜਨੀਸ਼ ਕੌਸ਼ਲ, ਗਗਨਦੀਪ, ਮੈਡਮ ਮੋਨਿਕਾ ਤੋਂ ਇਲਾਵਾ ਪੰਚਾਇਤ ਸੰਮਤੀ ਭੂੰਗਾ ਦੇ ਚੇਅਰਮੈਨ ਬਿਸ਼ਨੂੰ ਕੁਮਾਰ, ਪੰਚਾਇਤ ਸੰਮਤੀ ਹੁਸ਼ਿਆਰਪੁਰ-1 ਦੇ ਚੇਅਰਮੈਨ ਅਜੀਤ ਸਿੰਘ, ਜ਼ਿਲ੍ਹੇ ਦੇ ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ, ਲੇਖਾਕਾਰ ਜ਼ਿਲ੍ਹਾ ਪ੍ਰੀਸ਼ਦ, ਡੀਪੀਐਮ, ਜ਼ਿਲ੍ਹਾ ਕੋਆਰਡੀਨੇਟਰ ਪੀ।ਐਮ।ਏ।ਵਾਈ (ਜੀ), ਮੈਨੇਜਰ ਆਈਟੀ ਮਗਨਰੇਗਾ ਆਦਿ ਹਾਜ਼ਰ ਸਨ।

# ਗੁਰਮਤਿ ਵਿਚਾਰਧਾਰਾ ਵਿਚ ਕਿਰਤ ਦਾ ਸੰਕਲਪ



ਡਾ ਨਿਸ਼ਾਨ ਸਿੰਘ ਰਾਠੌਰ
91-90414-98009

ਅੱਜ ਦਾ ਯੁੱਗ ਤਕਨੀਕ ਦਾ ਯੁੱਗ ਹੈ। ਇਸ ਸਮੇਂ ਬਹੁਤ ਸਾਰੀਆਂ ਤਕਨੀਕੀ ਕਾਢਾਂ ਮਨੁੱਖੀ ਜੀਵਨ ਨੂੰ ਸੁਖਾਲਾ ਅਤੇ ਆਰਾਮਦਾਇਕ ਬਣਾ ਰਹੀਆਂ ਹਨ ਅਤੇ ਭੱਵਿਖ ਵਿਚ ਹੋਰ ਜ਼ਿਆਦਾ ਸੁਖਾਲਾ ਬਣਾਉਣ ਲਈ ਨਵੀਂਆਂ ਕਾਢਾਂ ਕੱਢੀਆਂ ਵੀ ਜਾ ਰਹੀਆਂ ਹਨ। ਅਜੋਕੇ ਦੌਰ ਵਿਚ ਮਸ਼ੀਨਾਂ ਦਾ ਬੋਲਬਾਲਾ ਵੱਧ ਰਿਹਾ ਹੈ। ਖ਼ਬਰੇ! ਇਸੇ ਕਰਕੇ ਅੱਜ ਦਾ ਮਨੁੱਖ ਨੈਤਿਕ ਕਦਰਾਂ ਕੀਮਤਾਂ ਤੋਂ ਦੂਰ ਹੁੰਦਾ ਦਿਖਾਈ ਦੇ ਰਿਹਾ ਹੈ। ਅਜ ਨੌਜਵਾਨ ਤਬਕਾ ਕਰਮ/ ਧਰਮ ਨੂੰ ਸਿਰਫ਼ ਪਾਖੰਡ ਸਮਝਣ ਲੱਗਾ ਹੈ। ਇਸ ਦਾ ਮੂਲ ਕਾਰਨ ਇਹ ਹੈ ਕਿ ਅੱਜ ਧਰਮ ਦੀ ਪਰਿਭਾਸ਼ਾ ਕੇਵਲ ਬਾਹਰੀ ਸਰੂਪ ਨੂੰ ਸੰਭਾਲਣ/ ਪ੍ਰਚਾਰਨ ਤੱਕ ਸੀਮਤ ਹੋ ਕੇ ਰਹਿ ਗਈ ਹੈ। ਧਰਮ ਦੇ ਅਸਲੀ ਅਰਥ ਨੂੰ ਸਮਝਿਆ ਹੀ ਨਹੀਂ ਜਾ ਰਿਹਾ ਹੈ/ਪ੍ਰਚਾਰਿਆ ਹੀ ਨਹੀਂ ਜਾ ਰਿਹਾ। ਖ਼ੈਰ!

ਸਾਡੇ ਹੱਥਲੇ ਲੇਖ ਦਾ ਮੂਲ ਵਿਸ਼ਾਂ 'ਗੁਰਮਤਿ ਵਿਚਾਰਧਾਰਾ ਵਿਚ ਕਿਰਤ ਦਾ ਸੰਕਲਪ' ਵਿਸ਼ੇ ਨਾਲ ਸੰਬੰਧਤ ਹੈ। ਇਸ ਲਈ ਗੁਰਮਤਿ ਵਿਚਾਰਧਾਰਾ ਅਨੁਸਾਰ ਮਨੁੱਖ ਨੂੰ ਕਿਰਤ/ ਮਿਹਨਤ ਕਰਨ ਲਈ ਦਿੱਤੀਆਂ ਸਿੱਖਿਆਵਾਂ/ ਧਰਮ ਦਾ ਅਸਲ ਅਰਥ / ਮਨੋਰਥ ਆਦਿਕ ਨੂੰ ਅਧਿਐਨ ਦਾ ਹਿੱਸਾ ਬਣਾਇਆ ਜਾਵੇਗਾ। ਜਗਤ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਤਿੰਨ ਸ਼ਾਹਕਾਰ ਨਿਯਮ ਹਨ।

(1) ਕਿਰਤ ਕਰੋ। (2) ਨਾਮ ਜਪੋ। (3) ਵੰਡ ਛਕੋ।

ਇਹਨਾਂ ਨਿਯਮਾਂ ਦਾ ਅਧਿਐਨ ਕਰਨ ਤੋਂ ਪਹਿਲਾਂ ਜਿਹੜਾ ਪ੍ਰਭਾਵ ਮਨੁੱਖੀ ਮਨ ਉੱਪਰ ਸਭ ਤੋਂ ਪਹਿਲਾਂ ਅਸਰ ਕਰਦਾ ਹੈ ਉਹ ਇਹ ਹੈ ਕਿ ਗੁਰੂ ਸਾਹਿਬਾਨ ਨੇ ਕਿਰਤ ਕਰਨ ਦੇ ਸੰਕਲਪ ਨੂੰ ਸਰਵੋਤਮ ਥਾਂ 'ਤੇ ਰੱਖਿਆ ਹੈ। ਸਭ ਤੋਂ ਪਹਿਲਾਂ ਕਿਰਤ ਕਰੋ। ਫੇਰ ਨਾਮ ਜਪੋ ਅਤੇ ਆਖ਼ਰ 'ਚ ਵੰਡ ਛਕੋ। ਕਿਉਂਕਿ ਜਿਹੜਾ ਮਨੁੱਖ ਕਿਰਤ / ਮਿਹਨਤ ਕਰਦਾ ਹੈ ਉਹੀ ਦੂਜੇ ਲੋਕਾਂ ਨਾਲ ਵੰਡ ਕੇ ਛੱਕ ਸਕਦਾ ਹੈ। ਜਿਹੜਾ ਖ਼ੁਦ ਹੀ ਮੰਗ ਕੇ ਖਾ ਰਿਹਾ ਹੈ ਉਸਦੇ ਮਨ ਵਿਚ ਵੰਡ ਕੇ ਛਕਣ ਦਾ ਵਿਚਾਰ ਉਤਪੰਨ ਹੀ ਨਹੀਂ ਹੋ ਸਕਦਾ। ਦੂਜਾ; ਪਰਮਾਤਮਾ ਦਾ ਨਾਮ ਵੀ ਉਹੀ ਮਨੁੱਖ ਸ਼ੁੱਧ ਹਿਰਦੇ ਨਾਲ/ ਅੰਤਰ ਮਨ ਨਾਲ ਜੱਪ ਸਕਦਾ ਹੈ / ਸਿਮਰ ਸਕਦਾ ਹੈ ਜਿਹੜਾ ਹੱਥੀਂ ਕਿਰਤ ਕਰਨ ਦੇ ਸੰਕਲਪ ਉੱਪਰ ਚੱਲਦਾ ਹੋਵੇਗਾ।

ਗੁਰੂ ਨਾਨਕ ਦੇਵ ਜੀ ਨੇ ਜਿੱਥੇ ਆਪਣੀਆਂ ਰਚ-ਨਾਵਾਂ ਵਿਚ ਕਿਰਤ ਨੂੰ ਸਰਵੋਤਮ ਥਾਂ ਦਿੱਤੀ ਹੈ ਉੱਥੇ ਹੀ ਹੱਥੀਂ ਖੇਤੀ ਕਰਕੇ ਲੋਕਾਈ ਨੂੰ ਕਿਰਤ ਦੇ ਰਾਹ ਪਾਉਣ ਦਾ ਯਤਨ ਵੀ ਕੀਤਾ ਹੈ। ਗੁਰਮਤਿ ਵਿਚਾਰਧਾਰਾ ਵਿਚ ਮਨੁੱਖ ਨੂੰ ਜੀਵਨ ਵਿਚ ਉੱਦਮ / ਕਿਰਤ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਗੁਰੂ ਸਾਹਿਬਾਨ ਨੇ ਜੰਗਲਾਂ ਵਿਚ ਜਾ ਕੇ ਪ੍ਰਭੂ ਦੀ ਭਗਤੀ ਕਰਨ, ਪੁੱਠੇ ਲਟਕਣ, ਘਰੋਂ ਭੱਜ ਜਾਣ ਅਤੇ ਸੰਸਾਰਕ ਤਿਆਗ ਨੂੰ ਮੂਲੋਂ ਹੀ ਰੱਦ ਕੀਤਾ ਹੈ। ਜੀਵਨ ਵਿਚ ਮਨੁੱਖ ਨੂੰ ਪਰਮਾਤਮਾ ਦੇ ਮਿਲਾਪ ਦੇ ਯਤਨ ਕਰਨੇ ਚਾਹੀਦੇ ਹਨ। ਪਰੰਤੂ ਸੰਸਾਰਕ ਜ਼ਿੰਮੇਵਾਰੀਆਂ ਦਾ ਪਾਲਣ ਵੀ ਕਰਨਾ ਚਾਹੀਦਾ। ਗ੍ਰਹਿਸਥ ਜੀਵਨ ਜਿਉਂਦਿਆਂ ਪਤਨੀ, ਬੱਚਿਆਂ ਦਾ ਪਾਲਣ-ਪੋਸ਼ਣ ਵੀ ਕਰਨਾ ਹੈ ਅਤੇ ਪਰਮਾਤਮਾ ਨੂੰ ਪਾਉਣ ਦੇ ਯਤਨ ਵੀ ਕਰਨੇ ਹਨ;

'ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥



ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 1421)

ਗੁਰੂ ਸਾਹਿਬ ਤਾਂ ਆਪਣੇ ਕੰਮ ਆਪ ਕਰਨ ਦਾ ਸੰਦੇਸ਼ ਦਿੰਦੇ ਹਨ। ਗੁਰਮਤਿ ਅਨੁਸਾਰ ਜਿਸ ਮਨੁੱਖ ਨੂੰ ਪਰਮਾਤਮਾ ਨੇ ਤੰਦਰੁਸਤ ਸਰੀਰ ਦਿੱਤਾ ਹੈ ਉਸਨੂੰ ਦੂਜਿਆਂ ਉੱਪਰ ਨਿਰਭਰ ਨਹੀਂ ਰਹਿਣਾ ਚਾਹੀਦਾ। ਉਸਨੂੰ ਆਲਸ ਦਾ ਤਿਆਗ ਕਰਕੇ ਆਪਣੇ ਕਾਰਜ ਆਪ ਕਰਨੇ ਚਾਹੀਦੇ ਹਨ;

'ਆਪਣ ਹੱਥੀ ਆਪਣਾ ਆਪੇ ਹੀ ਕਾਜੁ ਸਵਾਰੀਏ॥' (ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 474)

ਭਾਵ ਆਪਣੇ ਕੰਮ ਆਪ ਕਰਕੇ ਆਲਸ ਦਾ ਤਿਆਗ ਕਰਨਾ ਚਾਹੀਦਾ ਹੈ। ਕਿਰਤ ਕਰਦੇ ਹੋਏ/ ਸੰਸਾਰਕ ਜੀਵਨ ਜਿਉਂਦੇ ਹੋਏ/ ਪਰਮਾਤਮਾ ਨੂੰ ਸੱਚੇ ਅਤੇ ਸ਼ੁੱਧ ਹਿਰਦੇ ਨਾਲ ਚੇਤੇ ਰੱਖਦੇ ਹੋਏ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਕੋਈ ਹੋਰ ਰਾਹ ਨਹੀਂ ਹੈ।

'ਜਿਨਿ ਪ੍ਰੇਮਿ ਕੀਏ ਤਿਨੁ ਹੀ ਪ੍ਰਭਿ ਪਾਇਓ॥' (ਸ਼੍ਰੀ ਗੁਰੂ ਗੋਬਿੰਦ ਸਿੰਘ ਜੀ)

ਗੁਰਮਤਿ ਵਿਚਾਰਧਾਰਾ ਮਨੁੱਖ ਨੂੰ ਸੰਸਾਰਕ ਜੀਵਨ ਜਿਉਣ ਲਈ ਪ੍ਰੇਰਿਤ ਕਰਦੀ ਹੈ। ਜਿਸ ਵਕਤ ਮਨੁੱਖ ਸੰਸਾਰਕ ਜੀਵਨ ਜਿਉਂਦਾ ਹੈ ਤਾਂ ਉਸਨੂੰ ਕਿਰਤ ਦੇ ਸੰਕਲਪ ਤੋਂ ਵਾਂਝਾ ਨਹੀਂ ਰੱਖਿਆ ਜਾ ਸਕਦਾ। ਜਦੋਂ ਮਨੁੱਖ ਗ੍ਰਹਿਸਥ ਜੀਵਨ ਬਤੀਤ ਕਰਦਾ ਹੈ ਤਾਂ ਉਸਨੂੰ ਬਹੁਤ ਸਾਰੀਆਂ ਸੰਸਾਰਕ ਵਸਤੂਆਂ ਦੀ ਜ਼ਰੂਰਤ ਹੁੰਦੀ ਹੈ। ਇਹਨਾਂ ਜ਼ਰੂਰਤਾਂ ਨੂੰ ਪੂਰਾ ਕਰਨ ਹਿੱਤ ਉਹ ਕਿਰਤ ਦੇ ਰਾਹ ਤੁਰੇਗਾ। ਇਹੀ ਰਾਹ ਗੁਰਮਤਿ ਵਿਚਾਰਧਾਰਾ ਦਾ 'ਸ਼ਾਹਕਾਰ ਨਿਯਮ' ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਧਿਐਨ ਕਰਦਿਆਂ ਜਦੋਂ ਇਹ ਵਾਕ ਦ੍ਰਿਸ਼ਟੀਗੋਚਰ ਹੁੰਦੇ ਹਨ ਤਾਂ ਸਹਿਜੇ ਹੀ ਕਿਰਤ/ ਮਿਹਨਤ ਦਾ ਮਹੱਤਵ ਸਮਝਿਆ ਜਾ ਸਕਦਾ ਹੈ।

'ਘਾਲ ਖਾਇ ਕਿੱਛੁ ਹੱਥੋ ਦੇਇ॥
ਨਾਨਕ ਰਾਹ ਪਛਾਣੈ ਸੇਇ॥' (ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 1245)

ਇੱਥੇ 'ਘਾਲ ਖਾਇ' ਦਾ ਮੂਲ ਭਾਵ ਪ੍ਰਯੋਜਨ ਕਿਰਤ/ ਮਿਹਨਤ ਕਰਨ ਦਾ ਹੈ। ਕਿਰਤ/ ਮਿਹਨਤ ਕਰਕੇ ਹੀ ਮਨੁੱਖ ਨੂੰ ਖਾਣਾ ਚਾਹੀਦਾ ਹੈ/ ਜੀਵਨ ਜਿਉਣਾ ਚਾਹੀਦਾ ਹੈ। ਇਹੀ ਗੁਰਮਤਿ ਵਿਚਾਰਧਾਰਾ ਦਾ ਮੂਲ ਸਿਧਾਂਤ ਹੈ।

'ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥' (ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 522)

ਗੁਰਮਤਿ ਵਿਚਾਰਧਾਰਾ ਦੇ ਅੰਤਰਗਤ ਕਿਰਤ ਦੇ ਸੰਕਲਪ ਨੂੰ ਤਵੱਜੋਂ ਦਿੰਦੇ ਹੋਏ ਗੁਰੂ ਸਾਹਿਬਾਨ ਨੇ ਧਰਮ ਦੇ ਨਾਮ 'ਤੇ ਹੁੰਦੇ ਵਹਿਮਾਂ- ਭਰਮਾਂ, ਪਾਖੰਡਾਂ ਅਤੇ ਆਡੰਬਰਾਂ ਨੂੰ ਵੀ ਭੰਡਿਆ ਹੈ ਤਾਂ ਕਿ ਇਹਨਾਂ ਤੋਂ ਬਚਿਆ ਜਾ ਸਕੇ ਅਤੇ ਮਨੁੱਖ ਦਾ ਜੀਵਨ ਸੁਖਾਲਾ ਅਤੇ ਪ੍ਰੇਮ-ਪੂਰਵਕ ਬਤੀਤ ਹੋ ਸਕੇ। ਗੁਰੂ ਸਾਹਿਬਾਨ ਨੇ ਮਨੁੱਖ ਨੂੰ ਸਾਦਾ ਅਤੇ ਨੇਕ ਜੀਵਨ ਜਿਉਣ ਦੀ ਤਾਕੀਦ ਕੀਤੀ ਹੈ।

ਉਹਨਾਂ ਅਨੁਸਾਰ ਮਨੁੱਖ ਦਾ ਜਨਮ ਬਹੁਤ ਭਾਗਾਂ ਦੀ ਨਿਸ਼ਾਨੀ ਹੈ। ਇਸਨੂੰ ਅਜਾਈਂ ਨਹੀਂ ਗੁਆਉਣਾ ਚਾਹੀਦਾ। ਇਸ ਮਨੁੱਖਾ ਦੇਹੀ ਦਾ ਮੂਲ ਪ੍ਰਯੋਜਨ ਪਰਮਾਤਮਾ ਦਾ ਮਿਲਾਪ ਹੈ ਅਤੇ ਇਹ ਮਿਲਾਪ ਗ੍ਰਹਿਸਥ ਜੀਵਨ ਬਤੀਤ ਕਰਦਿਆਂ ਸੰਭਵ ਹੈ।

ਅੰਤ ਵਿਚ ਉੱਪਰ ਕੀਤੀ ਗਈ ਵਿਚਾਰ-ਚਰਚਾ ਦੇ ਆਧਾਰ'ਤੇ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਗੁਰਮਤਿ ਵਿਚਾਰਧਾਰਾ ਵਿਚ 'ਕਿਰਤ ਦੇ ਸੰਕਲਪ' ਨੂੰ ਮਹਤੱਵਪੂਰਨ ਸਥਾਨ ਪ੍ਰਦਾਨ ਕੀਤਾ ਗਿਆ ਹੈ। ਕਿਰਤ/ ਮਿਹਨਤ ਕਰਨ ਨਾਲ ਮਨੁੱਖ ਜਿੱਥੇ ਸਰੀਰਿਕ ਰੂਪ ਵਿਚ ਤੰਦਰੁਸਤ ਰਹਿੰਦਾ ਹੈ ਉੱਥੇ ਹੀ ਮਾਨਸਿਕ ਰੂਪ ਵਿਚ ਵੀ ਸੁੱਖ ਦੀ ਅਨੁਭੂਤੀ ਪ੍ਰਾਪਤ ਹੁੰਦੀ ਹੈ। ਕਿਰਤ ਦੇ ਸੰਕਲਪ ਦੁਆਰਾ ਆਦਰਸ਼ਕ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ ਜਿਹੜੀ ਕਿ ਅੱਜ ਦੇ ਸਮੇਂ ਦੀ ਸਭ ਤੋਂ ਮਹਤੱਵਪੂਰਨ ਜ਼ਰੂਰਤ ਹੈ।

## ਜ਼ੁਲਮਾਂ ਹੇਠ ਨਾ ਦੱਬਿਆ

ਮੈਂ ਕਈ ਥਾਵਾਂ ਬਰਬਾਦੀ ਸੁਣੀ ਕਈ ਥਾਵਾਂ ਨਾ ਖੇਤ,
ਹੱਕ ਲਈ ਜੋ ਇਨਸਾਨ ਅੱਗੇ ਵਧਿਆ ਉਹ ਉਸ ਥਾਂ ਸੀ ਢੇਰ।
ਮੇਰੇ ਹੀ ਫ਼ੈਸਲੇ ਜੰਗ ਕੁਰਬਾਨ ਹੋਣ ਚੱਲੇ ਸੀ,
ਤਾਂਕਿ ਹਿੰਦੁਸਤਾਨ ਪੰਜਾਬ ਨਾ ਹੋਵੇ ਕਦੇ ਮੁੱਠ-ਭੇੜ।
ਨਾਮ ਭਗਤ ਕਾਮ ਜਗਤ ਲੱਗੀ ਰਾਤੋਂ ਰਾਤ ਛੇੜ,
ਜ਼ੁਲਮਾਂ ਹੇਠ ਨਾ ਦੱਬਿਆ ਬਾਗ਼ੀ ਭਗਤ ਸਿੰਘ ਸੀ ਸ਼ੇਰ।

ਲੋਕਾਂ ਵਾਅਦੇ ਮੰਗ ਪੂਰੇ ਨਾ ਸਰਕਾਰ ਦੇ,
ਕਿਉਂ ਚਾਨਣ ਪਾ ਦਿਖਾਏ ਤਾਰੇ ਤੁਸਾਂ ਦਿਨ ਫੇਰ।
ਤੂੰ ਜ਼ੁਲਮ ਕਰ ਪੰਜਾਬ ਅੱਧਾ ਡੋਬ ਦਿੱਤਾ,
ਰੱਲ ਅੰਗ੍ਰੇਜ਼ਾਂ ਥਾਈਂ ਵੀ ਤੁਸਾਂ ਕਸਰ ਨਾ ਛੱਡੀ ਮੁੜ ਕਹਿਰ।
ਨਾਮ ਭਗਤ ਕਾਮ ਜਗਤ ਲੱਗੀ ਰਾਤੋਂ ਰਾਤ ਛੇੜ,
ਜ਼ੁਲਮਾਂ ਹੇਠ ਨਾ ਦੱਬਿਆ ਬਾਗ਼ੀ ਭਗਤ ਸਿੰਘ ਸੀ ਸ਼ੇਰ।

ਲੱਗੀ ਨਜਰ ਮੇਰੇ ਸੋਹਣੇ ਪੰਜਾਬ ਨੂੰ,
ਅੱਖੀ ਵੇਖਿਆ ਖ਼ੂਨੀ ਦਹਾਕਿਆਂ ਦਾ ਇੱਕ ਪਹਿਰ।
ਖ਼ੂਨ ਖੋਲ੍ਹ ਉੱਠਦਾ ਸੀ ਮੇਰੇ ਸਰਾਭੇ ਭਾਅ ਉਦੋਂ,
ਕਰਤਾਰ ਸਿੰਘ ਕਹਿੰਦਾ ਅਸੀ ਛੱਡਣਾ ਨਹੀਂ ਦੇਸ਼ ਧ੍ਰੋਹ ਗ਼ੈਰ।
ਨਾਮ ਭਗਤ ਕਾਮ ਜਗਤ ਲੱਗੀ ਰਾਤੋਂ ਰਾਤ ਛੇੜ,
ਜ਼ੁਲਮਾਂ ਹੇਠ ਨਾ ਦੱਬਿਆ ਬਾਗ਼ੀ ਭਗਤ ਸਿੰਘ ਸੀ ਸ਼ੇਰ।

ਮਰ ਮੁੱਕਣ ਦਾ ਡਰ ਨਹੀਂ ਸੀ ਰੱਖਿਆ,
ਨਿੱਕੀ ਉਮਰ ਮੈ ਭਗਤ ਕਹਾਉਂ ਤਾਂ ਹੁਣ ਕਿਸਦੀ ਹੈ ਦੇਰ।
ਨਿਸ਼ਾਨੇ ਕੱਸੇ ਵੰਗਾਰ ਦੇ ਉਛਾਲੀ ਫਿਰ ਮੌਕਾ ਲੱਭਿਆ,
ਰਾਜਗੁਰੂ ਸਾਥ ਦਿੱਤਾ ਕਰਤਾਰ ਤੁਰਿਆ ਭਗਤ ਸਿੰਘ ਸੀ ਨੇੜ੍ਹ।
ਨਾਮ ਭਗਤ ਕਾਮ ਜਗਤ ਲੱਗੀ ਰਾਤੋਂ ਰਾਤ ਛੇੜ,
ਜ਼ੁਲਮਾਂ ਹੇਠ ਨਾ ਦੱਬਿਆ ਬਾਗ਼ੀ ਭਗਤ ਸਿੰਘ ਸੀ ਸ਼ੇਰ।

ਇੱਕ ਉੱਚ ਅਹੁਦੇ ਦਾ ਗੋਰਾ ਮਾਰ ਸੁੱਟਿਆ,
ਬੰਦ ਦੀਵਾਰਾਂ ਲੋਕ ਆਵਾਜ 'ਇਨਕਲਾਬ ਜ਼ਿੰਦਾਬਾਦ' ਨਾ ਜੇਲ੍ਹ।



ਗੌਰਵ ਦੱਸ ਰੱਸਾ ਚੁੰਮਣ 'ਤੇ ਫਾਸੀਂ ਲਾ ਮਿਲ ਗਈ,
ਅੱਜ ਭਗਤ ਸਿੰਘ ਨਾਮ ਜਿਊਂਦਾ ਮੁੜ ਦਿੱਸੇ ਹਰ ਵੇਲ।
ਨਾਮ ਭਗਤ ਕਾਮ ਜਗਤ ਲੱਗੀ ਰਾਤੋਂ ਰਾਤ ਛੇੜ,
ਜ਼ੁਲਮਾਂ ਹੇਠ ਨਾ ਦੱਬਿਆ ਬਾਗ਼ੀ ਭਗਤ ਸਿੰਘ ਸੀ ਸ਼ੇਰ।

**- ਗੌਰਵ ਧੀਮਾਨ**
**91-76268-18016**



## ਜ਼ਿਲ੍ਹਾ ਸਿਹਤ ਅਫ਼ਸਰ ਨੇ ਹੁਸ਼ਿਆਰਪੁਰ ਦੀਆਂ ਵੱਖ-ਵੱਖ ਥਾਵਾਂ ਤੋਂ ਲਏ ਵੱਖ-ਵੱਖ ਵਸਤਾਂ ਦੇ 12 ਸੈਂਪਲ

### ਹਰ ਛੋਟੇ ਤੋਂ ਵੱਡੇ ਫੂਡ ਬਿਜਨੈਸ ਓਪਰੇਟਰ ਲਈ ਰਜਿਸਟਰੇਸ਼ਨ ਜਾਂ ਲਾਇਸੰਸ ਜ਼ਰੂਰੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੇ ਨਿਰਦੇਸ਼ਾਂ 'ਤੇ ਜ਼ਿਲ੍ਹੇ ਵਿਚ ਲੋਕਾਂ ਨੂੰ ਮਿਲਾਵਟ ਮੁਕਤ ਖਾਣ-ਪੀਣ ਵਾਲੇ ਪਦਾਰਥ ਉਪਲਬੱਧ ਕਰਵਾਉਣ ਲਈ ਜ਼ਿਲ੍ਹਾ ਸਿਹਤ ਅਫ਼ਸਰ ਡਾ। ਲਖਵੀਰ ਸਿੰਘ ਨੇ ਅੱਜ ਹੁਸ਼ਿਆਰਪੁਰ ਵਿਖੇ ਵੱਖ-ਵੱਖ ਥਾਵਾਂ 'ਤੇ ਖਾਧ ਪਦਾਰਥਾਂ ਦੇ 12 ਸੈਂਪਲ ਲਏ। ਉਨ੍ਹਾਂ ਕਿਹਾ ਕਿ ਮਿਲਾਵਟਖੋਰੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਮਿਲਾਵਟਖੋਰਾਂ ਖਿਲਾਫ਼ ਫੂਡ ਸੇਫਟੀ ਅਤੇ ਸਟੈਂਡਰਡ ਐਕਟ-2006 ਤਹਿਤ ਸਖਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ, ਤਾਂ ਜੋ ਪੰਜਾਬ ਸਰਕਾਰ ਦੇ ਰੰਗਲੇ ਅਤੇ ਸਿਹਤਮੰਦ ਪੰਜਾਬ ਦੇ ਸੁਪਨੇ ਨੂੰ ਪੂਰੀ ਤਰ੍ਹਾਂ ਨਾਲ ਕਾਮਯਾਬ ਕੀਤਾ ਜਾ ਸਕੇ।



ਜ਼ਿਲ੍ਹਾ ਸਿਹਤ ਅਫ਼ਸਰ ਨੇ ਦੱਸਿਆ ਕਿ ਉਨ੍ਹਾਂ ਹੁਸ਼ਿਆਰਪੁਰ ਵਿਖੇ ਮੋਰ ਰਿਟੇਲ ਲਿਮਟਡ ਤੋਂ ਚਾਵਲ, ਚਿੱਟੇ ਛੋਲੇ, ਛੋਲਿਆਂ ਦੀ ਦਾਲ, ਹਲਦੀ ਪਾਊਡਰ, ਚਾਹ ਪੱਤੀ, ਬੀਕਾਨੇਰ ਸਵੀਟਸ ਐਂਡ ਬੇਕਰੀ ਤੋਂ ਨਮਕੀਲ ਅਤੇ ਬਰਫ਼ੀ, ਚੌਧਰੀ ਬੇਕਰੀ ਅਤੇ ਨਮਕੀਨ ਤੋਂ ਡਰਾਈ ਕੇਕ, ਪੇਸਟੀ, ਬਿਸਕੁਟ, ਡਾ ਡੀਓਜ਼ ਪੀਜ਼ਾ ਐਂਡ ਕੈਫੇ ਤੋਂ ਬਰਗਰ ਅਤੇ ਪੀਜ਼ਾ ਦੇ ਸੈਂਪਲ ਲਏ। ਉਨ੍ਹਾਂ ਕਿਹਾ ਕਿ ਇਸ ਸਾਰੇ ਸੈਂਪਲ ਫੂਡ ਟੈਸਟਿੰਗ ਲੈਬਾਰਟਰੀ ਖਰੜ ਵਿਚ ਜਾਂਚ ਲਈ ਭੇਜੇ ਜਾ ਰਹੇ ਹਨ ਅਤੇ ਇਸ ਦੀ ਰਿਪੋਰਟ ਆਉਣ ਤੋਂ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਖਾਣ-ਪੀਣ ਵਾਲੇ ਸਾਫ਼-ਸੁਥਰੇ ਅਤੇ ਸ਼ੁੱਧ ਪਦਾਰਥਾਂ ਦੀ ਉਪਲਬੱਧਤਾ ਨੂੰ ਯਕੀਨੀ ਬਣਾਉਣਾ ਸਮੇਂ ਦੀ ਮੁੱਖ ਮੰਗ ਹੈ।

ਉਨ੍ਹਾਂ ਜ਼ਿਲ੍ਹੇ ਅੰਦਰ ਖਾਣ-ਪੀਣ ਵਾਲੇ ਪਦਾਰਥਾਂ ਦੀ ਵਿਕਰੀ ਕਰਨ ਅਤੇ ਇਨ੍ਹਾਂ ਪਦਾਰਥਾਂ ਨੂੰ ਤਿਆਰ ਕਰਨ ਵਾਲਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਲੋਕ ਹਿੱਤ ਦੇ ਮੱਦੇਨਜ਼ਰ ਸ਼ੁੱਧ, ਮਿਆਰੀ ਤੇ ਕੁਆਲਿਟੀ ਪਦਾਰਥਾਂ ਦੀ ਵਿਕਰੀ ਨੂੰ ਯਕੀਨੀ ਬਣਾਉਣ ਅਤੇ ਕਿਸੇ ਵੀ ਤਰ੍ਹਾਂ ਦੇ ਬੇਹੇ ਜਾਂ ਮਿਲਾਵਟੀ ਪਦਾਰਥਾਂ ਦੀ ਵਿਕਰੀ ਨਾ ਕਰਨ।

ਡਾ। ਲਖਵੀਰ ਸਿੰਘ ਨੇ ਦੱਸਿਆ ਕਿ ਹਰ ਛੋਟੇ ਅਤੇ ਵੱਡੇ ਫੂਡ ਬਿਜ਼ਨੈਸ ਆਪਰੇਟਰ (ਐਫਬੀਓ) ਲਈ ਰਜਿਸਟਰੇਸ਼ਨ ਜਾਂ ਲਾਇਸੰਸ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਲ ਵਿਚ 12 ਲੱਖ ਰੁਪਏ ਤੋਂ ਘੱਟ ਸੇਲ ਕਰਨ ਵਾਲੇ ਐਫਬੀਓਜ਼ ਲਈ 100 ਰੁਪਏ ਸਾਲਾਨਾ ਰਜਿਸਟਰੇਸ਼ਨ ਜ਼ਰੂਰੀ ਹੈ, ਜਦਕਿ ਸਾਲ ਵਿਚ 12 ਲੱਖ ਰੁਪਏ ਤੋਂ ਵੱਧ ਸੇਲ ਕਰਨ ਵਾਲੇ ਐਫਬੀਓਜ਼ ਲਈ 2 ਹਜ਼ਾਰ ਰੁਪਏ ਸਾਲਾਨਾ ਲਾਇਸੰਸ ਫੀਸ ਜਮ੍ਹਾਂ ਕਰਵਾਉਣੀ ਜ਼ਰੂਰੀ ਹੈ। ਉਨ੍ਹਾਂ ਐਫਬੀਓਜ਼ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਨ੍ਹਾਂ ਦੀ ਰਜਿਸਟਰੇਸ਼ਨ ਜਾਂ ਲਾਇਸੰਸ ਫੀਸ ਰੀਨਿਊ ਕਰਨ ਵਾਲੀ ਹੈ, ਉਹ ਆਪਣੀ ਫੀਸ ਜਮ੍ਹਾਂ ਕਰਵਾਉਣ ਅਤੇ ਜਿਨ੍ਹਾਂ ਨੇ ਹੁਣ ਤੱਕ ਰਜਿਸਟਰੇਸ਼ਨ ਜਾਂ ਲਾਇਸੰਸ ਨਹੀਂ ਲਏ, ਉਹ ਜਲਦ ਇਸ ਪ੍ਰਕਿਰਿਆ ਨੂੰ ਪੂਰਾ ਕਰਨ।

# ਬਹੁਜਨ ਸਮਾਜ ਦੇ ਕਰਤਾ ਧਰਤਾ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਸੰਬੰਧੀ ਦੋ ਸ਼ਬਦ

ਬਹੁਜਨ ਸਮਾਜ ਦੇ ਕਰਤਾ ਧਰਤਾ ਜਾਣਕਾਰੀ ਬਹੁਜਨ ਸਮਾਜ ਦੇ ਸਭ ਕੁਝ ਬਾਮਸੇਫ,ਡੀ,ਐਸ,ਫੋਰ ਅਤੇ ਬਸਪਾ ਦੇ ਬਾਨੀ, ਸਿਰਜਨਹਾਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਹਨ। ਅੱਜ ਮੈਂ ਉਨ੍ਹਾਂ ਦੇ ਜਨਮ ਦਿਨ ਤੇ ਉਨ੍ਹਾਂ ਪੱਖੀ ਦੋ ਸ਼ਬਦ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਸਾਹਿਬ ਕਾਸ਼ੀ ਰਾਮ ਜੀ ਜੀ ਉਹ ਮਸੀਹਾ ਹਨ ਜਿਨ੍ਹਾਂ ਨੇ ਬਹੁਜਨ ਸਮਾਜ ਖਾਤਰ ਭੁਚਾਲ ਲਿਆ ਦਿੱਤਾ ਸੀ ਹੇਠਾਂ ਦੀ ਉਪਰ ਕਰ ਦਿੱਤੀ ਅਤੇ ਉਪਰਲੀ ਹੇਠਾਂ ਕਰ ਦਿੱਤੀ ਸੀ



## ਚਰਨਜੀਤ ਸੱਲ੍ਹਾਂ (91-81460-91035)

ਉਹ ਇੰਨੇ ਮਹਾਂਨ ਮਹਾਂਪੁਰਖ, ਗੁਰੂਆ ਦੇ ਸਿਧਾਂਤ ਨੂੰ ਸਮਝ ਕੇ ਲਾਗੂ ਕਰਾਉਣ ਵਾਲੇ,ਮਹਾਨ ਤਪ-ਸਵੀ, ਮਹਾਨ ਤਿਆਗੀ, ਮਹਾਨ ਕ੍ਰਾਂਤੀਕਾਰੀ ਰਹਿਬਰ, ਮਹਾਨ ਯੋਧਾ, ਮਹਾਨ ਹਸਤੀ, ਨੀਵਿਆ ਨੂੰ ਚੱਕ ਕੇ ਰਾਜ ਤੇ ਬੈਠਾਉਣ ਵਾਲੇ, ਜਾਤਾਂ ਨੂੰ ਤੋੜ ਕੇ ਬਹੁਜਨ ਸਮਾਜ ਬਣਾਉਣ ਵਾਲੇ, ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਦੂਜਾ ਨਾਂਅ ਕਹਿਲਾਉਣ ਵਾਲੇ, ਇਤਿਹਾਸ ਨੂੰ ਪੜਕੇ ਇਤਿਹਾਸ ਬਣਾਉਣ ਵਾਲੇ ਅਤੇ ਚਾਰ ਚਾਰ ਵਾਰੀ ਸਭ ਤੋਂ ਵੱਡੇ ਸੂਬੇ ਤੇ ਰਾਜ ਕਰਨ ਵਾਲੇ ਕਦੇ ਵੀ ਅਸਲੀ ਇਤਿਹਾਸ ਨੂੰ ਲੋਕਾਂ ਸਾਹਮਣੇ ਪੇਸ਼ ਕਰਨ ਵਾਲੇ ਮਸੀਹਾ ਦੇ ਜਿੰਨੇ ਮਰਜੀ ਨਾਮ ਲਈ ਜਾਵਾ ਉਹ ਨਾਮ ਮੁੱਕ ਜਾਣਗੇ ਪਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਸਿਫ਼ਤ ਨਹੀਂ ਮੁੱਕਣੀ। ਜਿਨ੍ਹਾਂ ਵਾਰੇ ਲਿਖਣਾ ਬਹੁਤ ਔਖਾਂ ਹੈ ਪਰ ਫਿਰ ਵੀ ਤੁਸ ਜਿਹਾ ਲਿਖ ਰਿਹਾ ਹਾਂ ਕਿਉਂਕਿ ਮੇਰੇ ਕੋਲੋ ਰਿਹਾ ਨਹੀਂ ਜਾ ਰਿਹਾ।

ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਕਿੰਨੀਂ ਸੋਹਣੀ ਜ਼ਿੰਦਗੀ, ਕਿੰਨੀ ਚੰਗੀ ਜਾਂ ਕਿੰਨੀ ਠਾਠ ਵਾਲੀ ਨੌਕਰੀ ਕਰ ਰਹੇ ਸਨ ।ਜ਼ੋ ਕਿ ਬਹੁਜਨ ਸਮਾਜ ਦੀ ਖਾਤਰ ਆਪਣੀ ਨੌਕਰੀ ਤਿਆਗ ਕੇ ਦਰ ਦਰ ਦੇ ਧੱਕੇ, ਹਰੇਕ ਪਿੰਡ, ਮੁਹੱਲੇ, ਬਸਤੀਆਂ, ਕੂਚੇ, ਹਰੇਕ ਸ਼ਹਿਰ ਦਾ ਕੋਨਾ, ਕੋਨਾ ਛਾਣ ਮਾਰਿਆ ਬਹੁਜਨ ਸਮਾਜ ਨੂੰ ਸਮਝਾਉਣ ਲਈ ਉਹ ਕਿਹਾ ਸੀ ਜ਼ੋ ਉਨ੍ਹਾਂ ਨੇ ਪਹਿਲਾਂ ਆਪ ਇਤਿਹਾਸ ਪੜ੍ਹ ਕੇ ਉਸ ਨੇ ਬਹੁਜਨ ਸਮਾਜ ਦੇ ਇਤਿਹਾਸ ਨੂੰ ਜਾਣਿਆ, ਸਭ ਤੋਂ ਪਹਿਲਾਂ ਉਨ੍ਹਾਂ ਨੇ,।,ਜਾਤ ਪਾਤ ਦਾ ਬੀਜ ਨਾਸ,, ਕਿਤਾਬ ਨੂੰ ਪੜਿਆ ਇੱਕ ਵਾਰ ਨਹੀਂ,ਦੋ ਵਾਰ ਨਹੀਂ, ਤਿੰਨ ਵਾਰ ਨਹੀਂ ਜਦੋਂ ਤੱਕ ਉਨ੍ਹਾਂ ਨੂੰ ਅਸਲੀ ਵਿਚਾਰਧਾਰਾ ਸਮਝ ਨਹੀਂ ਪਈ ਉਦੋਂ ਤੱਕ ਕਿਤਾਬ ਪੜੀ ਗਏ । ਬੱਸ ਉਸ ਦਿਨ ਤੋਂ ਹੀ ਬਾਬਾ ਸਾਹਿਬ ਡਾ, ਅੰਬੇਡਕਰ ਜੀ ਉਨ੍ਹਾਂ ਦੇ ਰੋਮ ਰੋਮ ਵਿਚ ਰਚ ਗਏ ਸਨ। ਉਨ੍ਹਾਂ ਤੋਂ ਬਾਅਦ ਤਥਾਗਤ ਬੁੱਧ, ਗੁਰੂ ਗ੍ਰੰਥ ਸਾਹਿਬ ਜੀ, ਗੁਰੂ ਰਵਿਦਾਸ ਮਹਾਰਾਜ ਜੀ, ਗੁਰੂ ਕਬੀਰ ਸਾਹਿਬ ਜੀ, ਗੁਰੂ ਨਾਮਦੇਵ ਜੀ, ਗੁਰੂ ਨਾਨਕ ਦੇਵ ਤੋ ਲੈਕੇ ਗੁਰੂ ਗੋਬਿੰਦ ਸਿੰਘ ਜੀ, ਮਹਾਤਮਾ ਜੋਤੀ ਰਾਓ ਫੂੱਲੇ, ਮਾਤਾ ਸਵਿੱਤਰੀ ਬਾਈ ਫੂੱਲੇ, ਬੀਬੀ ਫਾਤਮਾ ਜੀ, ਸਮਰਾਟ ਅਸ਼ੋਕ ਜੀ, ਭੀਮਾ ਬਾਈ ਸਾਰੇ ਸਰਬੱਤ ਦਾ ਭਲਾ ਚਾਹੁਣ ਵਾਲਿਆਂ ਦਾ ਇਤਿਹਾਸ, ਹਿੰਦੂਆ ਦੀਆਂ ਸਭ ਕਿਤਾਬਾ ਅਤੇ ਹਰੇਕ ਧਰਮ ਵਾਰੇ ਉਨ੍ਹਾਂ ਨੇ ਜਾਣਕਾਰੀ ਲਈ। ਉਨ੍ਹਾਂ ਨੇ ਹਰੇਕ ਧਰਮ ਵਾਰੇ ਬਹੁਜਨ ਸਮਾਜ ਨੂੰ ਜਾਣੂੰ ਕਰਵਾਇਆ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਤੁਹਾਡੇ ਪੱਖ ਦੀ ਗੱਲ ਕਿਹੜੀ ਵਿਚਾਰਧਾਰਾ ਕਰਦੀ ਹੈ, ਅਤੇ ਤੁਹਾਡੇ ਵਿਰੋਧ ਵਿੱਚ ਕੌਣ ਹੈ। ਉਨ੍ਹਾਂ ਨੇ ਬਾਬਾ ਸਾਹਿਬ ਜੀ ਦੀ ਸੋਚ ਨੂੰ ਘਰ ਘਰ ਪਹੁਚਾਇਆ ਜ਼ੋ ਕਿ ਅੱਜ ਹਰੇਕ ਇਨਸਾਨ ਤੱਕ ਪਹੁੰਚ ਗਈ ਹੈ ਉਹ ਚਾਹੇ ਵਿਰੋਧੀ ਹੋਵੇ ਚਾਹੇ ਪੱਖ ਵਿੱਚ ਹੋਵੇ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਬਹੁਤ ਵੱਡੇ ਤਿਆਗ ਕੀਤੇ ਉਨ੍ਹਾਂ ਨੇ ਨੌਕਰੀ ਦਾ ਤਿਆਗ, ਵਿਆਹ ਨਾਂ ਕਰਾਉਣ ਦਾ ਤਿਆਗ, ਠਾਠ ਬਾਠ ਵਾਲੀ ਜ਼ਿੰਦਗੀ ਜਿਉਣ ਦਾ ਤਿਆਗ, ਸਾਧਾਂ ਜ਼ਿੰਦਗੀ, ਸਾਧਾਂ ਖਾਣ ਪੀਣ ਅਤੇ ਸਾਧਾ ਪਹਿਨਣ ਅਤੇ ਕਈ ਕਈ ਦਿਨ ਭੁੱਖੇ ਰਹਿ ਕੇ ਸਿਰਫ਼ ਪਾਣੀ ਪੀ ਪੀ ਕੇ



ਬਹੁਜਨ ਸਮਾਜ ਲਈ ਸੰਘਰਸ਼ ਕਰਦੇ ਰਹੇ ਸਨ ਉਹ ਯੋਧੇ, ਉਨ੍ਹਾਂ ਨੇ ਪੈਦਲ ਚੱਲ ਕੇ ਅਤੇ ਸਾਇਕਲ ਯਾਤਰਾ ਕਰਕੇ ਦੱਬੇ ਕੁੱਚਲੇ ਲੋਕਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਨੇ ਆਪਣੀ ਸੂਝ ਬੂਝ ਨਾਲ ਮੰਨੂਵਾਦੀ ਪਾਰਟੀਆਂ ਨੂੰ ਜੜ੍ਹੋਂ ਹਲਾ ਕੇ ਰੱਖ ਦਿੱਤੀਆਂ ਸਨ ਉਹ ਜਾਤ ਪਾਤ ਦੇ ਵਿਰੁੱਧ ਸਨ ਅਤੇ ਊਚ ਨੀਚ ਦੇ ਬਹੁਤ ਖਿਲਾਫ ਸਨ।

ਅੱਜ ਤਦ ਹੀ ਤਾਂ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਨਾਂ ਦੀ ਚਰਚਾ ਹੈ ਜਾਂ ਬਾਬਾ ਸਾਹਿਬ ਜੀ ਦੀ ਫੋਟੋ ਲਗਾਏ ਕੋਈ ਵੀ ਸਰਕਾਰ ਨਹੀਂ ਚਲਦੀ। ਚਾਹੇ ਉਹ ਮੰਨੂਵਾਦੀ ਪਾਰਟੀਆਂ ਹੋਣ ਜਾਂ ਕੋਈ ਹੋਰ ਪਾਰਟੀਆਂ ਇਹ ਸਭ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਕਰਕੇ ਹੋਣਾ ਸੰਭਵ ਹੋ ਸਕਿਆ। ਪਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਆਪਣੇ ਤਿਆਗ ਦੀ ਭਾਵਨਾ ਨਹੀਂ ਛੱਡੀ ਉਹਨਾਂ ਕੋਲ ਅਡਵਾਨੀ ਜੀ ਐਂਡ ਪਾਰਟੀ ਦੇ ਸੀਨੀਅਰ ਆਗੂ ਆਏ ਉਨ੍ਹਾਂ ਨੂੰ ਭਾਰਤ ਦੇਸ਼ ਦਾ ਰਾਸ਼ਟਰਪਤੀ ਬਣਾਉਣਾ ਚਾਹੁੰਦੇ ਸਨ ਪਰ ਉਸ ਤਿਆਗੀ ਮਹਾਨ ਮਹਾਂਪੁਰਸ਼ ਨੇ ਕਿਹਾ ਕਿ ਤੁਸੀਂ ਮੈਨੂੰ ਸਦਾ ਲਈ ਚੁੱਪ ਕਰਾਉਣਾ ਚਾਹੁੰਦੇ ਹੋ ਇਸ ਲਈ ਮੈਂ ਤੁਹਾਡਾ ਪ੍ਰਸਤਾਵ ਨਹੀਂ ਸਵੀਕਾਰ ਕਰਾਂਗਾ। ਉਨ੍ਹਾਂ ਨੂੰ ਕਿਸ ਕਿਸ ਤਰ੍ਹਾਂ ਦੇ ਆਫਰ ਆਉਂਦੇ ਸਨ ਪਰ ਉਹ ਮਹਾਨ ਤਿਆਗੀ ਸਨ ਉਹ ਬਹੁਜਨ ਸਮਾਜ ਦੇ ਵਾਸਤੇ ਕੋਈ ਵੀ ਤਿਆਗ ਕਰਨ ਨੂੰ ਤਿਆਰ ਸਨ।

ਪਰ ਉਨ੍ਹਾਂ ਦੇ ਬਾਲਗੇ ਉਨ੍ਹਾਂ ਦੇ ਆਗੂ ਜਿਹੜੇ ਪਾਰਟੀ ਨੂੰ ਛੱਡ ਕੇ ਚਲੇ ਜਾਂਦੇ ਹਨ ਉਨ੍ਹਾਂ ਦੀ ਹਾਲਤ ਦੇਖ ਕੇ ਬਹੁਤ ਦੁੱਖ ਹੁੰਦਾ ਹੈ ਉਹ ਮੰਨੂਵਾਦੀ ਪਾਰਟੀਆਂ ਦੇ ਪਿੰਡ ਦੇ ਆਗੂ, ਪਿੰਡ ਦੇ ਸਰਪੰਚ, ਪਿੰਡ ਦੇ ਪੰਚ ਜਾ ਸੁੱਕੀ ਚੌਧਰ ਖਾਤਰ ਆਪਣੀ ਨਾਲ ਧੋਖਾ ਕਰਦੇ ਹਨ। ਜਿਨਾਂ ਪਾਰਟੀਆਂ ਨੇ ਬਹੁਜਨ ਸਮਾਜ ਦੇ ਪੱਲੇ ਕੁਝ ਨਹੀਂ ਪਾਇਆ ਉਨ੍ਹਾਂ ਪਾਰਟੀਆਂ ਦੇ ਵਿੱਚ ਜਾ ਕੇ ਬੜਦੇ ਹਨ।

ਅੱਜ ਉਨ੍ਹਾਂ ਦਾ ਜਨਮ ਦਿਨ ਹੈ ਜਿਸ ਤੇ ਸਾਨੂੰ ਸਾਰਿਆਂ ਨੂੰ ਤਿਆਗ ਭਾਵਨਾ ਨਾਲ ਪਾਰਟੀ ਦਾ ਕੰਮ ਕਰਨਾ ਚਾਹੀਦਾ ਹੈ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਕਿਹਾ ਸੀ ਕਿ ਮੇਰੇ ਮਰਨ ਤੋਂ ਬਾਅਦ ਤੁਸੀਂ ਰੋਣਾ ਨਹੀਂ ਮੇਰੇ ਮਰਨ ਤੋਂ ਬਾਅਦ ਤੁਸੀਂ ਇਮਾਨਦਾਰੀ ਨਾਲ ਮਿਸ਼ਨ ਦੀ ਖਾਤਰ ਕੰਮ ਕਰਨਾ ਹੈ ਤੱਦ ਹੀ ਸਮਝਿਆ ਜਾਵੇਗਾ ਕਿ ਤੁਹਾਡੇ ਵਿੱਚ ਵੀ ਤਿਆਗ ਭਾਵਨਾ ਹੈ। ਆਪਣੀ ਪਾਰਟੀ ਨੂੰ ਅੱਜ ਲੋੜ ਹੈ ਅੱਗੇ ਵਿਧਾਉਣ ਦੀ ਤੱਦ ਹੀ ਤੁਹਾਨੂੰ ਇਹ ਕਹਿਣਗੇ ਕਿ ਇਹ ਉਸ ਮਹਾਨ ਮਹਾਂਪੁਰਸ਼ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਵਰਕਰ ਜਾਂ ਉਨ੍ਹਾਂ ਦੀ ਸੰਤਾਨ ਹਨ।



## ਗੁਰਗੱਦੀ ਦਿਵਸ ’ਤੇ ਵਿਸ਼ੇਸ਼

# ਗੁਰੂ ਤੇਗ ਬਹਾਦਰ ਜੀ ਦੀਆਂ ਪ੍ਰਚਾਰ ਯਾਤਰਾਵਾਂ

ਗੁਰੂ ਤੇਗ ਬਹਾਦਰ ਜੀ ਦਾ ਜਨਮ 1 ਅਪਰੈਲ 1621 ਈਸਵੀ (5 ਵਿਸਾਖ 1678 ਬਿਕਰਮੀ) ਨੂੰ ਗੁਰੂ ਹਰਿਗੋਬਿੰਦ ਜੀ ਅਤੇ ਮਾਤਾ ਨਾਨਕੀ ਦੇ ਘਰ ਅੰਮ੍ਰਿਤਸਰ ਵਿਚ ਹੋਇਆ। ਉਨ੍ਹਾਂ ਦਾ ਬਚਪਨ ਵਿਚ ਨਾਮ ਤਿਆਗ ਮੱਲ ਸੀ। ਛੋਟੇ ਹੁੰਦਿਆਂ ਤੋਂ ਹੀ ਉਹ ਈਸ਼ਵਰ ਦੀ ਭਗਤੀ ਵਿਚ ਦਿਲਚਸਪੀ ਰੱਖਦੇ ਸਨ। ਭਾਈ ਲਾਲ ਚੰਦ ਦੀ ਸਪੁੱਤਰੀ ਮਾਤਾ ਗੁਜਰੀ ਨਾਲ ਉਨ੍ਹਾਂ ਦਾ ਵਿਆਹ ਹੋਇਆ। 1644 ਈ। ਵਿਚ ਉਹ ਆਪਣੀ ਪਤਨੀ ਅਤੇ ਮਾਤਾ ਨਾਲ ਬਕਾਲਾ ਪਿੰਡ ਵਿਚ ਆ ਵਸੇ। 20 ਮਾਰਚ 1665 ਈ। ਨੂੰ 43 ਵਰ੍ਹਿਆਂ ਦੀ ਉਮਰ ਵਿਚ ਉਹ ਗੁਰੂ-ਗੱਦੀ ’ਤੇ ਬੈਠੇ। ਗੁਰੂ ਸਾਹਿਬ ਨੇ 1656 ਵਿਚ ਪ੍ਰਚਾਰ ਯਾਤਰਾਵਾਂ ਆਰੰਭ ਕੀਤੀਆਂ ਅਤੇ ਪ੍ਰਚਾਰ ਦੌਰਾਨ ਭੁੱਲੇ-ਭਟਕੇ ਲੋਕਾਂ ਦਾ ਮਾਰਗ ਦਰਸ਼ਨ ਕਰਨ ਦੇ ਨਾਲ-ਨਾਲ ਸਮਾਜਿਕ ਤੇ ਲੋਕ-ਭਲਾਈ ਦੇ ਕਾਰਜ ਵੀ ਨੇਪਰੇ ਚਾੜ੍ਹੇ।

**ਪੰਜਾਬ ਦੀ ਯਾਤਰਾ :** ਗੁਰੂ ਤੇਗ ਬਹਾਦਰ ਜੀ ਨੇ ਸਭ ਤੋਂ ਪਹਿਲਾਂ ਅੰਮ੍ਰਿਤਸਰ ਦੀ ਯਾਤਰਾ ਆਰੰਭ ਕੀਤੀ।

ਡਾ ਆਤਮਾ ਸਿੰਘ

ਬਾਬੇ ਬਕਾਲੇ ਤੋਂ ਸਿੱਧਾ ਉਹ ਕਾਲੇਕੇ ਪਹੁੰਚੇ। ਉਪਰੰਤ ਗੋਇੰਦਵਾਲ ਤੋਂ ਹੁੰਦੇ ਹੋਏ ਤਰਨ ਤਾਰਨ ਦੀ ਯਾਤਰਾ ਕਰ ਕੇ ਗੁਰੂ ਸਾਹਿਬ ਅੰਮ੍ਰਿਤਸਰ ਪਹੁੰਚੇ। ਇੱਥੇ ਆ ਕੇ ਇਸ਼ਨਾਨ ਕੀਤਾ ਪਰ ਪੁਜਾਰੀਆਂ ਨੇ ਉਨ੍ਹਾਂ ਨੂੰ ਹਰਿਮੰਦਰ ਸਾਹਿਬ ਨਾ ਜਾਣ ਦਿੱਤਾ। ਉਸ ਵੇਲੇ ਹਰਿਮੰਦਰ ਸਾਹਿਬ ਉੱਪਰ ਪ੍ਰਿਥੀ ਚੰਦ ਦੇ ਲੜਕੇ ਮਿਹਰਬਾਨ ਦੀ ਪੀੜ੍ਹੀ ਦਾ ਕਬਜ਼ਾ ਸੀ। ਗੁਰੂ ਜੀ ਕੁਝ ਸਮਾਂ ਅਕਾਲ ਤਖ਼ਤ ਦੇ ਨਜ਼ਦੀਕ ਠਹਿਰੇ, ਭੋਰਾ ਸਾਹਿਬ ਬਣਾਇਆ ਤੇ ਬਾਅਦ ਵਿਚ ਵੱਲਾ ਪਿੰਡ ਆ ਗਏ। ਜਦੋਂ ਅੰਮ੍ਰਿਤਸਰ ਦੀ ਸੰਗਤ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਵੱਲਾ ਪਿੰਡ ਪਹੁੰਚ ਕੇ ਗੁਰੂ ਜੀ ਤੋਂ ਭੁੱਲ ਬਖਸ਼ਾਈ। ਵੱਲਾ ਪਿੰਡ ਤੋਂ ਬਾਅਦ ਗੁਰੂ ਜੀ ਘੁੱਕੇਵਾਲੀ ਪਹੁੰਚੇ। ਗੁਰੂ ਸਾਹਿਬ ਦੀ ਕਿਰਪਾ ਨਾਲ ਇਸ ਪਿੰਡ ਦਾ ਨਾਮ ਗੁਰੂ ਕਾ ਬਾਗ ਪ੍ਰਚੱਲਿਤ ਹੋਇਆ।

ਬਾਬਾ ਬਕਾਲਾ ਤੋਂ ਹੁੰਦੇ ਹੋਏ ਗੁਰੂ ਜੀ ਕੀਰਤਪੁਰ ਨੂੰ ਚੱਲ ਪਏ। ਰਸਤੇ ਵਿਚ ਉਹ ਕਰਤਾਰਪੁਰ ਠਹਿਰੇ। ਮਗਰੋਂ ਚੱਕ ਗੁਰੂ (ਬੰਗਾ), ਨਵਾਂ ਸ਼ਹਿਰ, ਦੁਰਗਾਪੁਰ ਤੋਂ ਹੁੰਦੇ ਹੋਏ ਗੁਰੂ ਜੀ ਕੀਰਤਪੁਰ ਸਾਹਿਬ ਪਹੁੰਚੇ। ਕੀਰਤਪੁਰ ਸਾਹਿਬ ਰਹਿੰਦਿਆਂ ਉਨ੍ਹਾਂ ਨੇ ਨਜ਼ਦੀਕ ਹੀ ਮਾਖੋਵਾਲ ਵਿਚ ਜਗ੍ਹਾ ਦੀ ਚੋਣ ਕਰ ਕੇ 19 ਜੂਨ 1665 ਈ। ਨੂੰ ‘ਚੱਕ ਨਾਨਕੀ’ ਨਗਰ ਦੀ ਸਥਾਪਨਾ ਕੀਤੀ। ਬਾਅਦ ਵਿਚ ਇਸ ਨਗਰ ਦਾ ਨਾਮ ਆਨੰਦਪੁਰ ਸਾਹਿਬ ਪ੍ਰਸਿੱਧ ਹੋਇਆ। ਇੱਥੇ ਗੁਰੂ ਤੇਗ ਬਹਾਦਰ ਜੀ ਨਾਲ ਸਬੰਧਿਤ ਗੁਰਦੁਆਰਾ ਗੁਰੂ ਕੇ ਮਹਿਲ, ਗੁਰਦੁਆਰਾ ਸੀਸ ਗੰਜ, ਗੁਰਦੁਆਰਾ ਭੋਰਾ ਸਾਹਿਬ ਅਤੇ ਗੁਰਦੁਆਰਾ ਮੰਜੀ ਸਾਹਿਬ ਸੁਸ਼ੋਭਿਤ ਹਨ।

**ਮਾਲਵੇ ਦੀ ਯਾਤਰਾ :** ਆਨੰਦਪੁਰ ਸਾਹਿਬ ਤੋਂ ਧਮਤਾਣ ਤਕ ਗੁਰੂ ਜੀ ਕੀਰਤਪੁਰ, ਭਰਤਪੁਰ, ਘਨੌਲੀ, ਰੋਪੜ, ਭੱਠਾ ਸਾਹਬਿ, ਮੋਰਿੰਡਾ, ਟਹਲਿਪੁਰਾ, ਸਰਹੰਦ, ਹਰਪਾਲਪੁਰ, ਆਕੜ, ਨਥਾਣਾ, ਮਕਾਰੋਂਪੁਰ, ਆਨੰਦਪੁਰ, ਉਗਾਣੀ, ਧਰਮਗੜ੍ਹ, ਮੰਗਵਾਲ, ਉਡਨੀ, ਮਨੀਮਾਜਰਾ, ਹਸਨਪੁਰ, ਭਗੜਾਣਾ, ਸੈਫਾਬਾਦ, ਧਰਮਗੜ੍ਹ, ਨਰੜੂ, ਮੋਤੀਬਾਗ ਪਟਿਆਲਾ, ਸੀਂਭੜੋਂ, ਅਗੋਲ, ਭਵਾਨੀਗੜ੍ਹ, ਢੋਡੇ, ਫਗੂਵਾਲਾ, ਨਾਗਰਾ, ਕਰਹਾਲੀ, ਘਨੌੜ ਜੱਟਾਂ, ਬਾਉੜ ਹਾਈ, ਰਾਜੋਮਾਜਰਾ, ਮੂਲੋਵਾਲ, ਸੇਖਾ, ਕਟੂ, ਫਰਵਾਹੀ, ਹੰਢਿਆਇਆ, ਗੁਰੂਸਰ, ਧੌਲਾ, ਜੋਗਾ ਅਲੀਸ਼ਰ, ਜੋਧੇਕੋ, ਭੰਦੇਰ, ਭੋਪਾਲੀ, ਮੌੜ ਕਲਾਂ, ਭੈਣੀ ਬਾਘੇ ਕੀ, ਘੁੰਮਣ ਸਾਬੋ ਕੇ ਮੋੜ, ਡਿੱਖ, ਕੁੱਬੇ, ਟਾਹਲਾ ਸਾਹਿਬ, ਕੋਟ ਗੁਰੂ ਬਾਜਲ, ਜੱਸੀ, ਤਲਵੰਡੀ ਸਾਬੋ ਕੀ, ਮਈਸ-ਰਖਾਨਾ, ਬਠਿੰਡਾ, ਖੀਵਾ ਕਲਾਂ, ਸਮਾਓ, ਭੀਖੀ, ਦਲੇਓ, ਕਣਕਵਾਲ ਕਲਾਂ, ਕੋਟ ਧਰਮੂ, ਸੂਲੀਸਰ, ਬਰਾ ਬਛੋਆਣਾ, ਗੋਬਿੰਦਗੜ੍ਹ, ਗੰਢੂ, ਗਾਗ ਮੂਣਕ, ਗੁਰਨੇ ਕਲ੍ਹਾਂ, ਸ਼ਾਹਪੁਰ ’ਚੋਂ ਦੀ ਗੁਜ਼ਰੇ। ਫਿਰ ਧਮਤਾਣ ਵਿੱਚ ਗੁਰੂ ਸਾਹਿਬ ਨੂੰ ਕੈਦ ਕੀਤਾ ਗਿਆ।



**ਹਰਿਆਣੇ ਦੀ ਯਾਤਰਾ** : ਇਸ ਤੋਂ ਇਲਾਵਾ ਗੁਰੂ ਜੀ ਨੇ ਬਸੀ ਪਠਾਣਾਂ, ਚੰਨਣਾ, ਸੋਢਲ-ਸੋਢੈਲ, ਤੰ-ਦੋਵਾਲ, ਲਖਨੌਰ, ਮਕਾਰਪੁਰ, ਕਬੂਲਪੁਰ, ਨਨਹੇੜੀ, ਗੜ੍ਹੀ ਗੁਹਲਾ, ਭਾਗਲ, ਕਰਹਾਲੀ, ਚੀਕਾ, ਬੁੱਧਪੁਰ, ਸੱਯਦਾਂ, ਸਮਾਣਾ, ਕਰ੍ਹਾ, ਬੀਬੀਪੁਰ, ਖਾਰਕ, ਖਟਕੜ, ਜੀਂਦ, ਲਾਖਣ ਮਾਜਰਾ, ਰੋਹਤਕ, ਮਕਰੋੜ, ਖਨੌਰ, ਬਹਰ ਜੱਖ, ਕੈਂਥਲ, ਬਾਰਨਾ, ਥਾਨੇਸਰ, ਬਨੀ, ਬਦਰ-ਪੁਰ, ਕਰਨਾਲ, ਕੜਾ ਮਾਨਕਪੁਰ, ਗੜ੍ਹੀ ਨਜ਼ੀਰ, ਰਾਇਪੁਰ ਹੇੜੀ, ਤਰਾਉੜੀ, ਖੜਕਪੁਰਾ ਆਦਿ ਦੀ ਯਾਤਰਾ ਕੀਤੀ।

ਪੂਰਬ ਦੀ ਯਾਤਰਾ : ਗੁਰੂ ਤੇਗ ਬਹਾਦਰ ਜੀ ਦੀ ਪ੍ਰਚਾਰ ਯਾਤਰਾ ਸਮੇਂ ਗੁਰੂ ਜੀ ਨੂੰ 8 ਨਵੰਬਰ, 1665 ਨੂੰ ਬੰਦੀ ਬਣਾ ਕੇ ਦਿੱਲੀ ਲਿਆਂਦਾ ਗਿਆ ਤਾਂ ਰਾਜਾ ਮਾਨ ਸਿੰਘ ਨੇ ਗੁਰੂ ਜੀ ਨੂੰ ਰਿਹਾਅ ਕਰਵਾ ਲਿਆ। ਇਸ ਪਿੱਛੋਂ ਗੁਰੂ ਜੀ ਰਾਜਾ ਮਾਨ ਸਿੰਘ ਦੀ ਹਵੇਲੀ ਵਿਚ ਹੀ ਬਿਰਾਜਮਾਨ ਹੋਏ ਤੇ ਕੁੱਝ ਦਿਨ ਇੱਥੇ ਰਹਿਣ ਪਿੱਛੋਂ ਉਹ ਮਥੁਰਾ, ਆਗਰਾ, ਇਟਾਵਾ, ਕਾਨ੍ਹਪੁਰ, ਲਖਨਊ, ਫ਼ਤਹਿਪੁਰ ਆਦਿ ਸ਼ਹਿਰਾਂ ’ਚੋਂ ਹੁੰਦੇ ਹੋਏ ਦਸੰਬਰ 1665 ਨੂੰ ਅਲਾਹਾਬਾਦ ਪਹੁੰਚ ਕੇ ਅਜੋਕੇ ਗੁਰਦੁਆਰਾ ਪੱਕੀ ਸੰਗਤ ਵਾਲੀ ਥਾਂ ’ਤੇ ਦਸੰਬਰ 1665 ਤੋਂ ਮਾਰਚ 1666 ਤੱਕ ਚਾਰ ਮਹੀਨੇ ਰਹੇ।

ਅਲਾਹਾਬਾਦ ਪਿੱਛੋਂ ਮਿਰਜ਼ਾਪੁਰ ਹੁੰਦੇ ਹੋਏ ਬਨਾਰਸ ਪਹੁੰਚੇ ਜਿੱਥੇ ਦੋ ਹਫਤੇ ਰਹੇ। ਬਨਾਰਸ ਤੋਂ ਸਾਸਾਰਾਮ ਤੇ ਬੋਧ ਗਯਾ ਹੁੰਦੇ ਹੋਏ ਮਈ 1666 ਵਿੱਚ ਪਟਨਾ ਪਹੁੰਚੇ। ਗੁਰੂ ਸਾਹਿਬ ਅਕਤੂਬਰ 1666 ਵਿੱਚ ਢਾਕੇ ਪਹੁੰਚੇ। 22 ਦਸੰਬਰ 1666 ਨੂੰ ਜਦ ਬਾਲ ਗੋਬਿੰਦ ਦਾ ਜਨਮ ਹੋਇਆ ਤਾਂ ਗੁਰੂ ਜੀ ਨੂੰ ਭਾਈ ਮਿਹਰ ਚੰਦ ਤੇ ਭਾਈ ਕਲਿਆਣ ਦਾਸ ਰਾਹੀਂ ਇਹ ਸੂਚਨਾ ਢਾਕੇ ਹੀ ਮਿਲੀ। ਪਟਨੇ ਤੋਂ ਢਾਕੇ ਉਹ ਮੁੰਘੇਰ, ਭਾਗਲਪੁਰ, ਕੋਲਗਾਂਵ, ਰਾਜ ਮਹਿਲ, ਸੰਤ ਨਗਰ, ਮਾਲਦਾ, ਰਾਜਧਾਨੀ ਤੇ ਪਬਨਾ ਆਦਿ ਹੁੰਦੇ ਹੋਏ ਪਹੁੰਚੇ। ਨਾਮ ਪ੍ਰਚਾਰ ਹਿੱਤ ਢਾਕਾ ਤੋਂ ਗੁਰੂ ਜੀ ਸਿਲਹਟ ਗਏ ਜਿੱਥੇ ਚੌਮਾਸਾ ਕੱਟਿਆ। ਇਸ ਪਿੱਛੋਂ ਗੁਰੂ ਸਾਹਿਬ ਚਿੱਟਾਗਾਉਂ ਪਹੁੰਚੇ, ਜਿੱਥੇ 1667 ਦੇ ਅਖੀਰ ਤੱਕ ਠਹਿਰੇ। ਸੰਨ 1668 ਦੀ ਜਨਵਰੀ ਨੂੰ ਗੁਰੂ ਜੀ ਫਿਰ ਢਾਕਾ ਪਰਤੇ, ਜਿੱਥੇ ਉਨ੍ਹਾਂ ਨਾਮ ਪ੍ਰਚਾਰ ਕੀਤਾ।

ਢਾਕਾ ਤੋਂ ਦਸੰਬਰ 1668 ਵਿੱਚ ਰਾਜਾ ਰਾਮ ਸਿੰਘ ਨਾਲ ਅਸਾਮ ਗਏ ਤੇ ਫਰਵਰੀ 1669 ਨੂੰ ਢੂੱਬਰੀ ਪਹੁੰਚੇ। ਰਾਜਾ ਚਕਰਧਵਜ ਸਿੰਘ ਦੇ ਸੱਦੇ ’ਤੇ ਗੁਰੂ ਜੀ ਗੋਹਾਟੀ ਤੇ ਤੇਜਪੁਰ ਗਏ। ਗੁਰੂ ਜੀ ਅਜੇ ਅਸਾਮ ਵਿਚ ਹੀ ਸਨ ਜਦ 9 ਅਪਰੈਲ 1669 ਨੂੰ ਔਰੰਗਜ਼ੇਬ ਦਾ ਫੁਰਮਾਨ ਜਾਰੀ ਹੋਇਆ ਕਿ ਗੈਰ-ਮੁਸਲਮਾਨਾਂ ਦੇ ਮੰਦਰ ਢਾਹ ਦਿੱਤੇ ਜਾਣ। ਗੁਰੂ ਜੀ ਵਾਪਸ ਪਰਤੇ ਤੇ ਢਾਕੇ ਕਲਕੱਤੇ, ਮਿਦਨਾਪੁਰ, ਬਾਲੇਸ਼ਵਰ, ਰੂਪਸਾ, ਕਟਕ, ਭੁਵਨੇਸ਼ਵਰ, ਜਗਨਨਾਥ ਪੁਰੀ, ਵਿਸ਼ਨੂੰਪੁਰ, ਬਾਂਕੁਰਾ, ਗੋਮੋਹ ਤੋਂ ਗਯਾ ਰਾਹੀਂ ਦੁਬਾਰਾ ਪਟਨਾ ਪਹੁੰਚੇ। ਪਰਿਵਾਰ ਨੂੰ ਪੰਜਾਬ ਪਰਤਣ ਲਈ ਆਖ ਆਪ ਗੰਗਾ ਦੇ ਉੱਤਰੀ ਕੰਢੇ ਵਲੋਂ ਦੀ ਜੌਨਪੁਰ, ਅਯੁਧਿਆ, ਲਖਨਊ, ਸ਼ਾਹਜਾਨਪੁਰ, ਮੁਰਾਦਾਬਾਦ ਹੁੰਦੇ ਹੋਏ 1670 ਈ: ਨੂੰ ਦਿੱਲੀ ਪਹੁੰਚੇ। ਉਪਰੰਤ ਗੁਰੂ ਸਾਹਿਬ ਕੜਾਮਾਨਕਪੁਰ, ਸਢੋਲ, ਬਾਨਿਕਪੁਰ, ਰੋਹਤਕ, ਤਰਾਵੜੀ, ਬਣੀ ਬਦਰਪੁਰ, ਮੁਨੀਰਪੁਰ, ਅਜਰਾਣਾ ਕਲਾਂ, ਰਾਇਪੁਰ ਹੋੜੀ, ਝੀਉਰ ਹੇੜੀ, ਰੋਹੜਾ, ਥਾਨ ਤੀਰਥ, ਡੱਢੀ, ਬੁੱਧਪੁਰ, ਸਿਆਣਾ ਸਯਦਾਂ, ਥਾਨੇਸਰ, ਬਰਨਾ, ਸਰਸਵਤੀ, ਕੈਥਲ, ਚੀਕਾ, ਭਾਗਲ, ਗੂਲ੍ਹਾ, ਗੜ੍ਹੀ ਨਜ਼ੀਰ, ਸਮਾਣਾ ਆਦਿ ਹੁੰਦੇ ਹੋਏ ਸੈਫਾਬਾਦ ਰਾਹੀਂ ਵਾਪਸ ਆਨੰਦਪੁਰ ਸਾਹਿਬ ਮਾਰਚ 1671 ਵਿਚ ਪਹੁੰਚੇ।

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਦੀਆਂ ਸਭ ਤੋਂ ਵਧੇਰੇ ਪ੍ਰਚਾਰ ਯਾਤਰਾਵਾਂ ਦੇਖਣ ਨੂੰ ਮਿਲਦੀਆਂ ਹਨ ਜਿਹੜੀਆਂ ਕਿ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਅਸਾਮ ਅਤੇ ਬੰਗਲਾਦੇਸ਼ ਤੱਕ ਫੈਲੀਆਂ ਹੋਈਆਂ ਹਨ। ਇਨ੍ਹਾਂ ਅਸਥਾਨਾਂ ’ਤੇ ਗੁਰੂ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨ ਮੌਜੂਦ ਹਨ। ਗੁਰੂ ਜੀ ਦੀਆਂ ਇਨ੍ਹਾਂ ਯਾਤਰਾਵਾਂ ਦਾ ਮਨੋਰਥ ਮਨੁੱਖਤਾ ਨੂੰ ਪ੍ਰਭੂ-ਮੁਖੀ ਅਤੇ ਸਦਾਚਾਰੀ ਜੀਵਨ-ਜਾਚ ਵੱਲ ਪ੍ਰੇਰਿਤ ਕਰਨਾ ਸੀ ਪਰ ਇਸ ਦੇ ਨਾਲ ਹੀ ਗੁਰੂ ਜੀ ਆਮ ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਜੁ-ੜੀਆਂ ਹੋਈਆਂ ਸਮੱਸਿਆਵਾਂ ਦਾ ਵੀ ਹੱਲ ਕਰਦੇ ਨਜ਼ਰ ਆਉਂਦੇ ਹਨ ਜਿਵੇਂ ਗੁਰੂ ਜੀ ਦੀਆਂ ਪ੍ਰਚਾਰ ਯਾਤਰਾਵਾਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਛੱਪੜ ਸਾਫ਼ ਕਰਾਉਣ ਅਤੇ ਖੂਹ ਲਵਾਉਣ ਵਿਚ ਵਿਸ਼ੇਸ਼ ਰੁਚੀ ਲੈਂਦੇ ਸਨ। ਪਾਣੀ ਦੀ ਪੂਰਤੀ ਲਈ ਖੂਹ ਲਵਾਉਣਾ ਇਕ ਵੱਡਾ ਕੰਮ ਸੀ ਜਿਹੜਾ ਕੋਈ ਹਾਰ-ਸਾਰੀ ਨਹੀਂ ਕਰ ਸਕਦਾ ਸੀ। ਆਮ ਲੋਕਾਂ ਲਈ ਪਾਣੀ ਦੀ ਪੂਰਤੀ ਇਨ੍ਹਾਂ ਖੂਹਾਂ ਤੋਂ ਹੀ ਹੁੰਦੀ ਸੀ। ਇਸ ਲਈ ਜਿਹੜੇ ਪਿੰਡ ਵਿਚ ਜਿਹੜਾ ਵੀ ਵਿਅਕਤੀ ਖੂਹ ਲਵਾਉਣ ਦੀ ਇੱਛਾ ਰੱਖਦਾ ਸੀ, ਗੁਰੂ ਜੀ ਉਸ ਨੂੰ ਉਤਸ਼ਾਹ ਅਤੇ ਪ੍ਰੇਰਨਾ ਬਖ਼ਸ਼ਦੇ ਸਨ। ਨਵੇਂ ਖੂਹ ਲਵਾਉਣ ਦੇ ਨਾਲ-ਨਾਲ ਪੁਰਾਤਨ ਖੂਹਾਂ ਦੇ ਪਾਣੀ ਨੂੰ ਵਰਤੋਂ ਯੋਗ ਬਣਾਉਣ ਵਿਚ ਗੁਰੂ ਜੀ ਦਾ ਵਿਸ਼ੇਸ਼ ਯੋਗਦਾਨ ਸੀ।

ਗੁਰੂ ਜੀ ਦੀਆਂ ਜੀਵਨ ਯਾਤਰਾਵਾਂ ’ਚੋਂ ਖਿਮਾ ਕਰਨ ਦਾ ਗੁਣ ਬਹੁਤ ਉਭਰ ਕੇ ਸਾਹਮਣੇ ਆਉਂਦਾ ਹੈ। ਜਦੋਂ ਕਿਸੇ ਪਿੰਡ ਵਿਚ ਕੋਈ ਵਿਅਕਤੀ ਉਨ੍ਹਾਂ ਲਈ ਮੁਸ਼ਕਿਲਾਂ ਪੈਦਾ ਕਰਦੇ ਤਾਂ ਉਹ ਕਿਸੇ ਨੂੰ ਕੁੱਝ ਕਹੇ ਬਗ਼ੈਰ ਅੱਗੇ ਚਲੇ ਜਾਂਦੇ ਹਨ। ਜਦੋਂ ਪਿੰਡ ਵਾਸੀਆਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਗੁਰੂ ਜੀ ਤੋਂ ਮੁਆਫੀ ਮੰਗਣ ਲਈ ਉਨ੍ਹਾਂ ਦੇ ਪਿੱਛੇ ਅਗਲੇ ਪਿੰਡ ਚਲੇ ਆਉਂਦੇ ਹਨ। ਪਿੰਡ ਵਾਸੀਆਂ ਨੂੰ ਉਨ੍ਹਾਂ ਦੀ ਗਲਤੀ ਦਾ ਅਹਿਸਾਸ ਹੋਇਆ ਦੇਖ ਕੇ ਗੁਰੂ ਜੀ ਉਨ੍ਹਾਂ ਨੂੰ ਖਿਮਾ ਕਰ ਦਿੰਦੇ ਹਨ। ਗੁਰੂ ਤੇਗ ਬਹਾਦਰ ਜੀ ਨੇ ਆਪਣੀਆਂ ਯਾਤਰਾਵਾਂ ਦੌਰਾਨ ਸ਼ਾਂਤੀ, ਸਾਂਝ, ਸਦਭਾਵਨਾ, ਸੇਵਾ ਤੇ ਸਰਬੱਤ ਦੇ ਭਲੇ ਵਾਲਾ ਸੰਦੇਸ਼ ਦਿੱਤਾ। ਗੁਰੂ ਜੀ ਨੇ ਮਨੁੱਖ ਦੇ ਬਣਾਏ ਵਖਰੇਵਿਆਂ ਤੋਂ ਉੱਪਰ ਉੱਠ ਕੇ ਸਰਬ-ਸਾਂਝੇ ਧਰਮ ਅਰਥਾਤ ਮਾਨਵਤਾ, ਅਹਿੰਸਾ, ਅਮਨ ਤੇ ਅਖੰਡਤਾ ਦੇ ਰਸਤੇ ਉੱਪਰ ਤੁਰਨ ਦਾ ਸੰਦੇਸ਼ ਦਿੱਤਾ।

# ਵਿਲੱਖਣ ਪੈੜਾਂ ਸਿਰਜ ਗਿਆ ਭਾਸ਼ਾ ਵਿਭਾਗ, ਪਠਾਨਕੋਟ ਦਾ ‘ਵਿਸ਼ਵ ਰੰਗਮੰਚ ਦਿਵਸ’

**ਪਠਾਨਕੋਟ 28 ਮਾਰਚ (ਰਾਜਿੰਦਰ ਸਿੰਘ ਰਾਜਨ)** ਭਾਸ਼ਾ ਵਿਭਾਗ ਪੰਜਾਬ ਦੀ ਰਹਿਨੁਮਾਈ ਅਤੇ ਅਗਵਾਈ ਅਧੀਨ ਜ਼ਿਲ੍ਹਾ ਭਾਸ਼ਾ ਦਫ਼ਤਰ, ਪਠਾਨਕੋਟ ਵੱਲੋਂ ‘ਵਿਸ਼ਵ ਰੰਗਮੰਚ ਦਿਵਸ’ ਨੂੰ ਸਮਰਪਿਤ ਸਮਾਰੋਹ ਐਸ। ਐਮ ਡੀ ਆਰ ਐਸ ਡੀ ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਵਿਖੇ ਕਰਵਾਇਆ ਗਿਆ । ਇਸ ਮੀਨਾਕਸ਼ੀ ਵਿੱਗ ਹੋਰਾਂ ਨੇ ਸਵਾਗਤੀ ਬੋਲਾਂ ਰਾਹੀਂ ਸਭ ਨੂੰ ਜੀ ਆਇਆਂ ਨੂੰ ਕਿਹਾ। ਇਸ ਉਪਰੰਤ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ। ਸੁਰੇਸ਼ ਮਹਿਤਾ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਵਿਸ਼ਵ ਰੰਗਮੰਚ ਦਿਵਸ ਦੀ ਸਭ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਨੇ ਵਿਭਾਗ ਦੇ ਕੀਤੇ ਜਾ ਰਹੇ ਕੰਮਾਂ ’ਤੇ ਵੀ ਰੋਸ਼ਨੀ ਪਾਈ। ਡਾ ਸੂਖਮ ਬਿੰਦੂਆਂ ’ਤੇ ਚਰਚਾ ਕੀਤੀ ਜਦ ਕਿ ਡਾ ਕੇਵਲ ਕ੍ਰਿਸ਼ਨ, ਯਸ਼ਪਾਲ ਸ਼ਰਮਾ ਹੋਰਾਂ ਨੇ ਵਿਸ਼ਵ ਰੰਗਮੰਚ ਦਿਵਸ ਤੇ ਭਾਸ਼ਾ ਵਿਭਾਗ ਦੇ ਕੀਤੇ ਜਾ ਰਹੇ ਕੰਮਾਂ ’ਤੇ ਰੋਸ਼ਨੀ ਪਾਈ। ਪਰਸ਼ੋਤਮ ਸਿੰਘ ਲੱਲੀ ਨੇ ਆਪਣੀ ਨਾਟ-ਪੁਸਤਕ ਸੰਬੰਧੀ ਸੰਖੇਪ ਜਾਣਕਾਰੀ ਦਰਸ਼ਕਾਂ ਨਾਲ ਸਾਂਝੀ ਕੀਤੀ। ਇਸ ਸਮਾਰੋਹ ਵਿੱਚ ਹੈ। ਡਾ ਲੇਖ ਰਾਜ ਸ਼ਰਮਾ, ਗੋਪਾਲ ਸ਼ਰਮਾ ਫਿਰੋਜ਼ਪੁਰੀ, ਇਪਟਾ ਜੰਮੂ ਤੋਂ ਅਨਿਲ ਅਰੋੜਾ, ਪ੍ਰੋ ਕ੍ਰਿਸ਼ਨਾ ਸ਼ਰਮਾ, ਪ੍ਰੋ ਸੁਸ਼ਮਾ ਤੇ ਹੋਰ ਬਹੁਤ ਸਾਰੇ ਲੋਕ ਵਿਸ਼ੇਸ਼ ਤੌਰ ’ਤੇ ਪਹੁੰਚੇ ਹੋਏ ਸਨ। ਪ੍ਰੋ ਅਮਰਜੀਤ ਸਿੰਘ ਸਹੋਤਾ ਦਾ ਮੰਚ ਸੰਚਾਲਨ ਵੀ ਕਮਾਲ ਦਾ ਰਿਹਾ। ਸਮੁੱਚੇ ਸਮਾਰੋਹ ਦੇ ਪ੍ਰਬੰਧ ਲਈ ਖੋਜ ਅਫ਼ਸਰ ਰਾਜੇਸ਼





ਸਮਾਰੋਹ ਦੀ ਖ਼ਾਸੀਅਤ ਇਹ ਰਹੀ ਕਿ ਇਹ ਨਾਟਕਕਾਰਾਂ, ਰੰਗਕਰਮੀਆਂ ਤੇ ਸਾਹਿਤ ਪ੍ਰੇਮੀਆਂ ਦਾ ਮੇਲਾ ਹੋ ਨਿਬੜਿਆ ਤੇ ਵਿਲੱਖਣ ਪੈੜਾਂ ਸਿਰਜ ਗਿਆ। ਇਸ ਸਮਾਰੋਹ ਵਿੱਚ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ ਜੰਮੂ ਕਸ਼ਮੀਰ ਦੇ ਪ੍ਰਧਾਨ ਸ਼੍ਰੀ ਹਰਦੀਪ ਸਿੰਘ ਦੀਪ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ ਜਦ ਕਿ ਨਾਟਕਕਾਰ ਡਾ। ਦਰਸ਼ਨ ਤ੍ਰਿਪਾਠੀ ਅਤੇ ਸਾਹਿਤਕਾਰ ਤੇ ਰੰਗਕਰਮੀ ਡਾ ਬਾਂਕਾ ਬਹਾਦਰ ਅਰੋੜਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਰੋਹ ਦਾ ਆਗਾਜ਼ ਵਿਭਾਗੀ ਧੁਨੀ ਨਾਲ ਕੀਤਾ ਗਿਆ ਤੇ ਇਸ ਉਪਰੰਤ ਕਾਲਜ ਦੇ ਪ੍ਰਿੰਸੀਪਲ ਡਾ ਸੰਦੀਪ ਕੌਰ ਤੇ ਸਰਬਜੀਤ ਕੌਰ ਵੱਲੋਂ ਪੰਜਾਬੀ ਨਾਟਕ ਤੇ ਰੰਗਮੰਚ ਦੀ ਅਜੋਕੀ ਸਥਿਤੀ ਤੇ ਵਿਸ਼ਵ ਰੰਗਮੰਚ ਦਿਵਸ ਦੇ ਇਤਿਹਾਸ ਤੇ ਮਹੱਤਵ ਵਿਸ਼ੇ ’ਤੇ ਬਹੁਤ ਭਾਵਪੂਰਤ ਤੇ ਵਿਦਵਤਾ ਭਰਪੂਰ ਪੇਪਰ ਪੜ੍ਹੇ ਗਏ। ਲੈਫਟੀਨੈਂਟ ਕਮਾਂਡਰ ਪਰਸ਼ੋਤਮ ਸਿੰਘ ਲੱਲੀ ਦੀ ਲਘੂ ਨਾਟਕਾਂ ਦੀ ਪੁਸਤਕ ‘ਬੰਤੋ ਦਾ ਗੁਨਾਹਗਾਰ’ ਲੋਕ ਅਰਪਣ ਕੀਤੀ ਗਈ । ਸਤੀਸ਼ ਵਸ਼ਿਸ਼ਠ ਹੋਰਾਂ ਨੇ ਸੰਗੀਤ ਰਾਹੀਂ, ਡਾ। ਬਾਂਕਾ ਬਹਾਦਰ ਅਰੋੜਾ ਨੇ ਅਤੇ ਸੰਦੇਸ਼ ਭੱਲਾ ਨੇ ਅਦਾਕਾਰੀ ਦੇ ਰੰਗ ਬਿਖੇਰ ਕੇ ਦਰਸ਼ਕਾਂ ਨੂੰ ਕੀਲ ਦਿੱਤਾ। ਡਾ ਦਰਸ਼ਨ ਤ੍ਰਿਪਾਠੀ ਹੋਰਾਂ ਨੇ ਨਾਟਕਕਾਰੀ ਦੇ ਡਾ ਸੋਮਪਾਲ ਹੀਰਾ ਦਾ ਲਿਖਿਆ ਨਾਟਕ ‘ਭਾਸ਼ਾ ਵਹਿੰਦਾ ਦਰਿਆ’ ਜੋ ਕਿ ਅਦਾਕਾਰ ਤੇ ਡਾਇਰੈਕਟਰ ਪ੍ਰਿਤਪਾਲ ਸਿੰਘ ਹੋਰਾਂ ਦੀ ਨਿਰਦੇਸ਼ਨਾ ’ਚ ਖੇਡਿਆ ਗਿਆ ਖਿੱਚ ਦਾ ਕੇਂਦਰ ਬਣਿਆ ਰਿਹਾ ਤੇ ਦਰਸ਼ਕ ਸਾਹ ਰੋਕ ਕੇ ਦੇਖਦੇ ਰਹੇ। ਮੁੱਖ ਮਹਿਮਾਨ ਹਰਦੀਪ ਸਿੰਘ ਦੀਪ ਹੋਰਾਂ ਨੇ ਅੱਜ ਦੇ ਇਸ ਸਮਾਰੋਹ ਨੂੰ ਯਾਦਗਾਰੀ ਤੇ ਸਿਖ਼ਰ ਦਾ ਸਮਾਰੋਹ ਕਹਿੰਦਿਆਂ ਨਿੱਘੇ ਸੱਦੇ ਲਈ ਭਾਸ਼ਾ ਵਿਭਾਗ, ਪਠਾਨਕੋਟ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਭਾਸ਼ਾ ਵਿਭਾਗ ਦੀਆਂ ਸਰਗਰਮੀਆਂ ਦੀ ਗੂੰਜ ਲਾਗਲੇ ਸੂਬਿਆਂ ’ਚ ਵੀ ਪੈ ਰਹੀ ਤੇ ਇਹ ਭਾਸ਼ਾ ਵਿਭਾਗ ਦੀ ਪ੍ਰਾਪਤੀ ਕੁਮਾਰ ਸਭ ਨੇ ਤਾਰੀਫ਼ ਕੀਤੀ। ਵਿਭਾਗ ਵੱਲੋਂ ਇਸ ਮੌਕੇ ਲਗਾਈ ਗਈ ਪੁਸਤਕ ਪ੍ਰਦਰਸ਼ਨੀ ਵੀ ਖਿੱਚ ਦਾ ਕੇਂਦਰ ਰਹੀ ਅਤੇ ਖੋਜ ਅਫ਼ਸਰ ਰਾਜੇਸ਼ ਕੁਮਾਰ ਹੋਰਾਂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਸਮਾਰੋਹ ਨੂੰ ਨੇਪਰੇ ਚਾੜ੍ਹਨ ਤੇ ਸਫ਼ਲਤਾ ਦੀਆਂ ਸਿਖ਼ਰਾਂ ਤੱਕ ਪਹੁੰਚਾਣ ਲਈ ਕਾਲਜ ਪ੍ਰਿੰਸੀਪਲ, ਸਟਾਫ਼ ਅਤੇ ਮੈਨਜਮੈਂਟ ਦਾ ਵਿਸ਼ੇਸ਼ ਸਹਿਯੋਗ ਰਿਹਾ। ਸਮਾਰੋਹ ਦੇ ਅੰਤ ’ਤੇ ਜ਼ਿਲ੍ਹਾ ਭਾਸ਼ਾ ਦਫ਼ਤਰ ਵੱਲੋਂ ਸਨਮਾਨ ਚਿੰਨ੍ਹ, ਪੁਸਤਕਾਂ ਦੇ ਕੇ ਆਏ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ।

# ਸਿੱਖ ਸੋਸਾਇਟੀ ਵਲੋਂ ਗੁਰਦੁਆਰਾ ਸਾਹਿਬ ਬਰਾਡਸ਼ਾਅ ਵਿਖੇ ਕੱਢੇ ਗਏ ਵਿਸ਼ਾਲ ਨਗਰ ਕੀਰਤਨ ਦੀਆਂ ਕੁਝ ਝਲਕੀਆਂ

















All pictures by P. K. Chumber # Desh Doaba


# ਸਿੱਖ ਸੋਸਾਇਟੀ ਵਲੋਂ ਗੁਰਦੁਆਰਾ ਸਾਹਿਬ ਬਰਾਡਸ਼ਾਅ ਵਿਖੇ ਕੱਢੇ ਗਏ ਵਿਸ਼ਾਲ ਨਗਰ ਕੀਰਤਨ ਦੀਆਂ ਕੁਝ ਝਲਕੀਆਂ













'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



# ਡਾਕਟਰ ਅੰਬੇਦਕਰ ਨੂੰ ਭਾਰਤੀ ਸੰਵਿਧਾਨ ਦਾ ਨਿਰਮਾਤਾ ਕਿਉਂ ਕਿਹਾ ਜਾਂਦਾ ਹੈ




ਪ੍ਰੋਫ਼ੈਸਰ ਮਨਜੀਤ ਤਿਆਗੀ
'ਸਟੇਟ ਐਵਾਰਡੀ'
91-98140-96108

ਸੰਵਿਧਾਨ ਕਿਸੇ ਵੀ ਦੇਸ਼ ਦਾ ਸਰਵ ਉੱਚ ਦਸਤਾਵੇਜ ਹੁੰਦਾ ਹੈ। ਇਸ ਵਿਚ ਉਹ ਸਾਰੇ ਸਿਧਾਂਤ ਅਸੂਲ, ਨੀਤੀਆਂ ਅਤੇ ਨਿਰਦੇਸ਼ ਹੁੰਦੇ ਹਨ, ਜਿਨ੍ਹਾਂ ਦੇ ਆਧਾਰ ਤੇ ਦੇਸ਼ ਦੀ ਸਰਕਾਰ ਤੇ ਚੱਲਣਾ ਹੁੰਦਾ ਹੈ ਤਾਂ ਜੋ ਕਿ ਦੇਸ਼ ਦੇ ਲੋਕ ਹਰ ਪਹਿਲੂ ਤੇ ਤਰੱਕੀ, ਵਿਕਾਸ ਅਤੇ ਖੁਸ਼ਹਾਲੀ ਪ੍ਰਾਪਤ ਕਰਕੇ ਸੁੱਖ-ਸ਼ਾਂਤੀ ਦਾ ਜੀਵਨ ਮਾਣ ਸਕਣ। ਭਾਰਤ ਦਾ ਸੰਵਿਧਾਨ 1935 ਦੇ ਗੋਰਮਿੰਟ ਆਫ਼ ਇੰਡੀਆ ਐਕਟ 'ਤੇ ਅਧਾਰਿਤ ਹੈ, ਪਰ ਇਸ ਨੂੰ ਸੰਪੂਰਨ ਕਰਨ ਲਈ ਡਾਕਟਰ ਅੰਬੇਦਕਰ ਦਾ ਯੋਗਦਾਨ ਬਹੁਤ ਮੱਤਵਪੂਰਣ ਹੈ। ਸੰਸਾਰ ਦੇ ਸਾਰੇ ਲੋਕਰਾਜੀ ਪ੍ਰਬੰਧ ਵਾਲੇ ਦੇਸ਼ਾਂ ਵਿੱਚ ਭਾਰਤ ਦਾ ਸੰਵਿਧਾਨ ਇਕੱਲਾ ਹੈ ਜਿਸਦੇ ਨਿਰਮਾਤਾ, ਪਿਤਾਮਾ ਜਾਂ ਲੇਖਕ ਦੇ ਰੂਪ ਵਿੱਚ ਡਾ. ਅੰਬੇਦਕਰ ਵਰਗੇ ਇੱਕ ਵਿਅਕਤੀ ਦਾ ਨਾਂ ਜੁੜਿਆ ਹੋਇਆ ਹੈ। ਬਾਕੀ ਹੋਰ ਸੰਵਿਧਾਨ ਜਾਂ ਤਾਂ ਇੱਕ ਲੰਬੀ ਪ੍ਰਕ੍ਰਿਆ ਵਿੱਚ ਵਿਕਸਿਤ ਹੋਏ ਹਨ ਜਾਂ ਕਾਨੂੰਨ ਦਾਨਾਂ ਦੇ ਸਮੂਹਾਂ ਨੇ ਬਣਾਏ ਹਨ। ਭਾਰਤੀ ਸੰਵਿਧਾਨ ਵਿਚ ਡਾਕਟਰ ਅੰਬੇਦਕਰ ਦੇ ਯੋਗਦਾਨ ਨੂੰ ਸਮਝਣ ਲਈ ਪ੍ਰਾਚੀਨ ਭਾਰਤ ਦੀ ਸਮਾਜਿਕ ਵਿਵਸਥਾ ਅਤੇ ਇਤਿਹਾਸ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ।

ਭਾਰਤ ਦਾ ਸਮਾਜਿਕ ਢਾਂਚਾ ਜਾਤ ਅਧਾਰਤ ਹੋਣ ਕਰਕੇ ਸ਼ੁਰੂ ਤੋਂ ਹੀ ਇਤਿਹਾਸਕ ਭੁੱਲਾਂ ਹੁੰਦੀਆਂ ਰਹੀਆਂ ਹਨ। ਜਿਵੇਂ ਕਿ ਜਾਤੀ ਵਿਵਸਥਾ ਨੂੰ ਸਮਾਜਿਕ ਢਾਂਚਾ ਮੰਨ ਕੇ ਸਿਰਫ਼ ਉਸ ਦੀਆਂ ਸਮਾਜਿਕ ਸਮੱਸਿਆਵਾ ਤੇ ਧਿਆਨ ਕੇਂਦਰਤ ਕਰਨਾ ਜਦੋ ਕਿ ਜਾਤੀ ਵਿਵਸਥਾ ਸਮਾਜਿਕ ਆਰਥਿਕ ਢਾਂਚਿਆਂ ਦੇ ਆਧਾਰ ਤੇ ਹੋਂਦ ਵਿੱਚ ਆਈ ਹੈ ਭਾਵ ਭਾਰਤ ਦੀ ਜਾਤੀ ਵਿਵਸਥਾ ਦੀ ਪੈਦਾਇਸ਼ ਦਾ ਮੁੱਢਲਾ ਸੋਮਾਂ ਉਸਦੇ ਸਮਾਜਿਕ-ਆਰਥਿਕ ਢਾਂਚੇ ਵਿੱਚ ਮੌਜੂਦ ਹੈ। ਉਹ ਸਿਰਫ਼ ਸਮਾਜਿਕ ਢਾਂਚਾ ਹੀ ਨਹੀਂ ਹੈ, ਆਰਥਿਕ ਢਾਂਚਾ ਵੀ ਹੈ। ਇਸ ਤੋਂ ਇਲਾਵਾ ਭਾਰਤ ਵਿਚ ਪ੍ਰਯੋਗ ਅਤੇ ਪ੍ਰੈਕਟੀਕਲ ਨੂੰ ਇਕੱਠਾ ਨਹੀਂ ਹੋਣ ਦਿੱਤਾ ਗਿਆ। ਜਿਹੜੇ ਲੋਕਾਂ ਕੋਲ ਪ੍ਰਯੋਗ ਸੀ ਉਨ੍ਹਾਂ ਕੋਲ ਪ੍ਰੈਕਟੀਕਲ ਨਹੀਂ ਸੀ ਤੇ ਜਿਨ੍ਹਾਂ ਕੋਲ ਪ੍ਰੈਕਟੀਕਲ ਸੀ ਉਨ੍ਹਾਂ ਕੋਲ ਪ੍ਰਯੋਗ ਨਹੀਂ ਸੀ। ਜਿਨ੍ਹਾਂ ਕੋਲ ਹਥਿਆਰ ਸੀ ਉਹ ਲੜ ਨਹੀਂ ਸੀ ਸਕਦੇ ਤੇ ਜਿਹੜੇ ਲੜ ਸਕਦੇ ਸਨ ਉਨ੍ਹਾਂ ਨੂੰ ਹਥਿਆਰਾਂ ਚਲਾਉਣਾ ਤਾਂ ਦੂਰ, ਹਥਿਆਰ ਰੱਖਣ ਦੀ ਵੀ ਮਨ੍ਹਾਹੀ ਸੀ। ਦੇਸ਼ ਵਿਚ ਗੁਲਾਮੀ, ਅਸਮਾਨਤਾ, ਭੇਦ-ਭਾਵ ਅਤੇ ਅਨਿਆ ਦਾ ਬੋਲਬਾਲਾ ਸੀ। ਸਮਾਜ ਦੇ ਮੁੱਠੀ ਭਰ ਲੋਕ ਸੱਤਾ ਸੰਪਤੀ ਦਾ ਸੁੱਖ ਭੋਗ ਰਹੇ ਸਨ। ਇਹ ਅਜਿਹੀ ਸਮਾਜਿਕ ਵਿਵਸਥਾ ਸੀ ਜੋ ਮਨੁੱਖਾਂ ਦੇ ਦਿਲ ਵਿਚ ਪ੍ਰੇਮ ਪੈਦਾ ਕਰਕੇ ਦੂਜੇ ਮਨੁੱਖਾਂ ਨਾਲ ਜੋੜਦੀ ਨਹੀਂ, ਸਗੋਂ ਮਨੁੱਖਾਂ ਵਿਚ ਨਫ਼ਰਤ ਪੈਦਾ ਕਰਕੇ ਸਮਾਜ ਨਾਲੋਂ ਤੋੜਦੀ ਸੀ। ਇਹ ਹਕੀਕਤ ਹੈ ਕਿ ਇਸ ਕਰੋੜਾਂ ਦੇ ਸਮੂਹ ਨੂੰ ਨਾ ਕੇਵਲ ਸਮਾਜਿਕ ਅਤੇ ਆਰਥਿਕ ਪੱਧਰ ਤੇ ਨਜ਼ਰ ਅੰਦਾਜ ਕੀਤਾ ਗਿਆ ਬਲਕਿ ਉਨ੍ਹਾਂ ਨੂੰ ਅਛੂਤ, ਚੰਡਾਲ, ਜਿਹੇ ਘ੍ਰਿਣਿਤ ਨਾਮ ਦੇ ਕੇ ਕੁੱਤਿਆਂ ਬਿੱਲਿਆਂ ਤੋਂ ਵੀ ਭੈੜਾ ਜੀਵਨ ਜਿਉਣ ਲਈ ਮਜ਼ਬੂਰ ਕਰ ਦਿੱਤਾ ਗਿਆ ਅਤੇ ਇਹ ਸਿਲਸਿਲਾ ਕੁਝ ਸਾਲਾਂ ਤੋਂ ਨਹੀਂ ਸਗੋਂ ਹਜ਼ਾਰਾਂ ਸਾਲਾਂ ਤੋਂ ਚੱਲਿਆ ਆ ਰਿਹਾ ਸੀ। ਬੇਆਸ ਅਤੇ ਲਾਚਾਰ ਲੋਕਾਂ ਨੂੰ ਕਿਸੇ ਮਸੀਹਾ ਕਿਸੇ ਜਾਂ ਨਵੀਂ ਲਹਿਰ ਦੀ ਤਾਂਘ ਸੀ ਜੋ ਗੁਲਾਮੀ ਦੀਆਂ ਜੰਜ਼ੀਰਾਂ ਕੱਟ ਕੇ ਉਹਨਾਂ ਨੂੰ ਅਜ਼ਾਦ ਕਰਵਾ ਦੇਵੇ। ਦੇਸ਼ ਨੂੰ ਸਮੁੱਚੇ ਤੌਰ ਤੇ ਸਦੀਆਂ ਤੱਕ ਬਦੇਸ਼ੀ ਧਾੜਵੀਆਂ ਦਾ ਗੁਲਾਮ ਬਣਾਉਣ ਦਾ ਵੱਡਾ ਕਾਰਨ ਵੀ ਇਹੀ ਅਮਾਨਵੀ ਵਿਵਸਥਾ ਬਣੀ। ਇਸ ਦਾ ਨਤੀਜ਼ਾ ਬਹੁਤ ਭਿਆਨਕ ਨਿਕਲਿਆ ਕਿਉਂਕਿ 326 ਈ. ਪੂ. ਵਿੱਚ ਸਿੰਕਦਰ, 712 ਈ. ਵਿਚ ਮੁਹੰਮਦ ਬਿਨ ਕਾਸਮ, 1026ਈ. ਵਿਚ ਮਹਿਮੂਦ ਗਜ਼ਨਵੀ, 1181 ਈ. ਵਿੱਚ ਮੁਹੰਮਦ ਗੌਰੀ, 1526 ਈ. ਵਿਚ ਬਾਬਰ ਵਰਗੇ ਬਦੇਸ਼ੀ ਹਮਲਾਵਰਾਂ ਨੇ ਜਦ ਭਾਰਤ ਦੇ ਬੜੇ ਬੜੇ ਸ਼ਹਿਰਾਂ, ਕਿਲ੍ਹਿਆਂ ਅਤੇ ਮੰਦਰਾਂ ਤੇ ਹਮਲੇ ਕਰਕੇ ਕਤਲੇਆਮ ਅਤੇ ਲੁੱਟਮਾਰ ਕੀਤੀ। ਉਸ ਸਮੇਂ ਇਥੋਂ ਦਾ ਕੋਈ ਵੀ ਸੂਰਮਾ, ਉਨ੍ਹਾਂ ਨੂੰ ਪਿੱਛੇ ਭਾਜਣਾ ਤਾਂ ਇਕ ਪਾਸੇ, ਮੁਕਾਬਲੇ ਵਿਚ ਲੋਹਾ ਹੀ ਨਹੀਂ ਲੈ ਸਕਿਆ। ਜੋ ਕੁਝ ਇਨ੍ਹਾਂ ਬਾਹਰੀ ਹਮਲਾਵਾਰਾਂ ਨੇ ਦੇਸ਼ ਅਤੇ ਦੇਸ਼ ਵਾਸੀਆਂ ਨਾਲ ਕੀਤਾ ਉਹ ਇਕ ਲਗਾਤਾਰ ਹਾਰਾਂ, ਪਤਨ ਅਤੇ ਗੁਲਾਮੀ ਦੀ ਸ਼ਰਮਨਾਕ ਦਾਸਤਾਨ ਹੈ।

ਸੰਵਿਧਾਨ ਘਾੜੇ ਵੀ ਉਪਰੋਕਤ ਅਸਮਾਨਤਾ ਤੇ ਅਧਾਰਿਤ ਗ਼ੈਰ ਅਮਾਨਵੀ ਇਸ ਦੁੱਖਮਈ ਵਿਵਸਥਾ ਤੋਂ ਚਿੰਤਤ ਸਨ ਇਸ ਲਈ ਇਸ ਵਿਵਸਥਾ ਨੂੰ ਬਦਲ ਕੇ ਨਵੀਂ ਵਿਕਾਸ਼ਵਾਦੀ ਤੇ ਆਦਰਸ਼ ਸਮਾਜਿਕ ਵਿਵਸਥਾ ਲਈ 1946 ਵਿਚ ਸੰਵਿਧਾਨ ਸਭਾ ਦੀ ਚੋਣ ਹੋਈ। ਸੰਵਿਧਾਨ ਖਰੜਾ ਕਮੇਟੀ ਦੇ ਸੱਤ ਮੈਂਬਰ ਸਨ। 1. ਬੀ. ਐਲ. ਮਿੱਤਰ, 2. ਕੇ. ਐਮ. ਮੁਨਸ਼ੀ, 3. ਡੀ. ਪੀ. ਖੇਤਾਨ, 4. ਅਲਾਦੀ ਕ੍ਰਿਸ਼ਨਾ ਸਵਾਮੀ ਆਇਰ 5. ਸੱਯਦ ਮੁਹੰਮਦ ਸਾਦਦੁੱਲਾ 6. ਐਨ. ਗੋਪਾਲਾ ਸਵਾਮੀ ਆਇੰਗਰ 7. ਡਾਕਟਰ ਬੀ. ਆਰ. ਅੰਬੇਦਕਰ (ਚੇਅਰਮੈਨ)। ਇਥੇ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਡਾਕਟਰ ਅੰਬੇਦਕਰ ਨੂੰ ਸੰਵਿਧਾਨ ਖਰੜਾ ਕਮੇਟੀ ਦਾ ਚੇਅਰਮੈਨ ਬਣਨ ਤੱਕ ਕਿਨਾ ਸੰਘਰਸ਼ ਕਰਨਾ ਪਿਆ। ਉਸ ਸਮੇਂ ਕਾਂਗਰਸ ਨੇ ਪੂਰਾ ਜ਼ੋਰ ਲਾਇਆ ਕਿ ਡਾ. ਅੰਬੇਦਕਰ ਸੰਵਿਧਾਨ ਅਸੈਂਬਲੀ ਵਿਚ ਚੁਣ ਕੇ ਨਾ ਆ ਸਕੇ ਤਾਂ ਡਾਕਟਰ ਅੰਬੇਦਕਰ ਨੂੰ ਭਾਰਤ ਦੀ ਸੀਮਾ ਵਾਲੇ ਜੈਸੋਰ ਅਤੇ ਖੁਲਨਾ ਇਲਾਕਾ ਜਿਹੜਾ ਅੱਜ ਬੰਗਲਾ ਦੇਸ਼ ਵਿੱਚ ਹੈ ਵੱਲੋਂ ਸੰਵਿਧਾਨ ਸਭਾ ਵਿੱਚ ਚੁਣ ਕੇ ਗਏ। ਸਰਕਾਰ ਦੁਆਰਾ ਡਾਕਟਰ ਅੰਬੇਦਕਰ ਨੂੰ ਜਿਤਾਉਣ ਵਾਲਾ ਸਾਰਾ ਇਲਾਕਾ ਬੰਗਲਾਦੇਸ਼ ਨੂੰ ਸੌਂਪ ਦੇਣ ਉਪਰੰਤ ਵੀ ਉਹ ਡਾ. ਅੰਬੇਦਕਰ ਨੂੰ ਪਾਕਿਸਤਾਨੀ ਨਹੀਂ ਬਣਾ ਸਕੇ ਸਨ। ਸਗੋਂ ਡਾ. ਅੰਬੇਦਕਰ ਨੂੰ ਜਿੱਤਾ ਕੇ ਮੁੜ ਸੰਵਿਧਾਨ ਅਸੈਂਬਲੀ ਵਿੱਚ ਲਿਆਉਣ ਅਤੇ ਸੰਵਿਧਾਨ ਘੜਨੀ ਕਮੇਟੀ ਦਾ ਚੈਅਰਮੈਨ ਬਣਾਉਣਾ ਪਿਆ ਸੀ। ਇਸ ਲਈ ਕਿ ਦਲਿਤ ਭਾਰਤ ਦਾ ਮੁੱਦਾ ਨਾ ਖੜ੍ਹਾ ਹੋ ਜਾਵੇ। ਸੋਹਣ ਲਾਲ ਸ਼ਾਸ਼ਤਰੀ ਜਿਨ੍ਹਾਂ ਦੇ ਜੀਵਨ ਦਾ ਵੱਡਾ ਹਿੱਸਾ ਬਾਬਾ ਸਾਹਿਬ ਦੇ ਨਿੱਜੀ ਸਕੱਤਰ ਵਜੋਂ ਗੁਜਰਿਆ ਲਿਖਦੇ ਹਨ ਕਿ ਜਦੋਂ ਬਾਬਾ ਸਾਹਿਬ, ਸੰਵਿਧਾਨ ਅਸੈਂਬਲੀ ਵਿਚ ਪਹੁੰਚ ਗਏ ਅਤੇ ਅਨੇਕ ਮੁਸੀਬਤਾਂ ਨੂੰ ਦਰੜ ਕੇ ਸੰਵਿਧਾਨ ਘੜਨੀ ਕਮੇਟੀ ਦੇ ਚੇਅਰਮੈਨ ਬਣ ਗਏ ਤਾਂ ਉਹਨਾਂ ਨੇ ਕੁਝ ਵਿਅਕਤੀਆਂ ਨੂੰ ਸੰਬੋਧਨ ਕਰਕੇ ਕਿਹਾ ਸੀ, "ਜਾ ਕੇ ਆਪਣੇ ਸਰਦਾਰ ਪਟੇਲ ਨੂੰ ਕਹਿ ਦਿਉ ਕਿ ਡਾ. ਅੰਬੇਦਕਰ ਨੂੰ ਅੰਦਰ ਆਉਣ ਤੋਂ ਰੋਕਣ ਲਈ ਜੋ ਜਿੰਦਰੇ ਉਸ ਨੇ ਲਾਏ ਸਨ। ਉਹਨਾਂ ਨੂੰ ਠੁੱਡਿਆਂ ਨਾਲ ਤੋੜ ਕੇ, ਉਹ ਸੰਵਿਧਾਨ ਅਸੈਂਬਲੀ ਵਿਚ ਪਹੁੰਚ ਕੇ, ਸੰਵਿਧਾਨ ਕਮੇਟੀ ਦਾ ਮੁਖੀ ਬਣ ਗਿਆ ਹੈ"। ਡਾ. ਅੰਬੇਦਕਰ ਪਹਿਲੇ ਭਾਰਤੀ ਸਨ ਜਿਨ੍ਹਾਂ ਨੇ ਕਿਸੇ ਵਿਦੇਸ਼ੀ ਯੂਨੀਵਰਸਿਟੀ ਤੋਂ ਅਰਥ-ਸ਼ਾਸਤਰ ਦੀ ਡਿਗਰੀ ਪ੍ਰਾਪਤ ਹੋਈ ਸੀ। ਅੰਬੇਦਕਰ ਕਾਨੂੰਨ ਦੇ ਸਰਬ ਉੱਤਮ ਜਾਣਕਾਰ ਸਨ। ਸਮਾਜਿਕ ਇਨਕਲਾਬੀ ਤਾਂ ਉਹ ਸਨ ਹੀ, ਉਹ ਚੋਟੀ ਦੇ ਪ੍ਰਸ਼ਾਸਕ ਅਤੇ ਦਾਰਸ਼ਨਿਕ ਵੀ ਸਨ।(ਕੋਲੰਬੀਆ ਯੂਨੀਵਰਸਿਟੀ ਨੇ 2004 ਵਿੱਚ 250 ਸਾਲ ਪੂਰੇ ਹੋਣ 'ਤੇ ਆਪਣੇ 100 ਹੋਣਹਾਰ ਵਿਦਿਆਰਥੀਆਂ ਦੀ ਸੂਚੀ ਜਾਰੀ ਕੀਤੀ।ਇਸ ਸੂਚੀ ਵਿੱਚ ਡਾਕਟਰ ਭੀਮ ਰਾਓ ਦਾ ਨਾਂ ਵੀ ਸੀ। ਸੂਚੀ ਵਿੱਚ 6 ਵੱਖ-ਵੱਖ ਦੇਸ਼ਾਂ ਦੇ ਪੂਰਵ ਰਾਸ਼ਟਰਪਤੀ, 3 ਅਮਰੀਕੀ ਰਾਸ਼ਟਰਪਤੀ ਅਤੇ ਨੋਬੇਲ ਪੁਰਸਕਾਰ ਵਿਜੇਤਾ ਦਾ ਨਾਂ ਵੀ ਸ਼ਾਮਿਲ ਸੀ)



ਡਾਇਬੀਟੀਜ਼ ਤੋਂ ਪੀੜਤ ਹੋਣ ਕਾਰਨ ਕਮਜ਼ੋਰ ਸਿਹਤ ਦੇ ਬਾਵਜੂਦ ਡਾਕਟਰ ਅੰਬੇਦਕਰ ਦਿਨ-ਰਾਤ, ਦਿਲ ਤੇ ਦਿਮਾਗ ਨਾਲ ਸੰਵਿਧਾਨ ਦਾ ਖਰੜਾ ਤਿਆਰ ਕਰਨ ਵਿੱਚ ਜੁੱਟੇ ਰਹੇ। ਸੰਵਿਧਾਨ ਦਾ ਖਰੜਾ ਮੁਕੰਮਲ ਹੋਣ ਤੋਂ ਬਾਂਅਦ ਡਾ. ਅੰਬੇਦਕਰ ਦਿੱਲੀ ਦੇ ਅਲੀਪੁਰ ਰੋਡ ਵਿਖੇ ਆਪਣੇ ਬੰਗਲੇ 'ਚ ਆ ਗਏ ਤੇ ਆਪਣੀ ਆਰਾਮ ਕੁਰਸੀ 'ਤੇ ਬੈਠ ਗਏ। ਉਨ੍ਹਾਂ ਅੱਖਾਂ ਬੰਦ ਕਰ ਲਈਆਂ ਤੇ ਅੱਖਾਂ 'ਚੋਂ ਹੰਝੂ ਵਹਿਣ ਲੱਗੇ ਉਨ੍ਹਾਂ ਦੇ ਨੇੜੇ ਉਨ੍ਹਾਂ ਦੇ ਨਿੱਜੀ ਸਹਾਇਕ ਸਾਸ਼ਤਰੀ ਜੀ ਖੜੇ ਸਨ। ਸਾਸ਼ਤਰੀ ਜੀ ਨੇ ਅੰਬੇਦਕਰ ਦੇ ਪੈਰ ਦਬਾਉਦੇਂ ਹੋਏ ਪੁੱਛਿਆ ਕਿ ਤੁਸੀਂ ਤਾਂ ਦੇਸ਼ ਨੂੰ ਸੰਵਿਧਾਨ ਦੇ ਕੇ ਆਏ ਹੋ, ਇੱਕ ਬੇਹਤਰੀਨ ਵਿਵਸਥਾ ਦੇ ਕੇ ਆਏ ਹੋਂ ਫਿਰ ਦੁੱਖੀ ਕਿਉਂ ਹੋ? ਡਾ. ਅੰਬੇਦਕਰ ਨੇ ਅੱਖਾਂ ਖੋਲੀਆਂ ਤੇ ਸਾਸਤਰੀ ਵੱਲ ਨਜ਼ਰ ਘੁਮਾਉਂਦੇ ਬੋਲੇ, ਉਮੇਰੀ ਜ਼ਿੰਦਗੀ ਦੇ ਸਫ਼ਰ ਨੂੰ ਯਾਦ ਕਰਦਿਆ ਅੱਜ ਮੈਨੂੰ ਮੇਰੇ ਬੇਟੇ ਰਾਜਰਤਨ ਦੀ ਯਾਦ ਆ ਗਈ, ਮੇਰਾ ਸਭ ਤੋਂ ਪਿਆਰਾ ਬੇਟਾ ਰਾਜਰਤਨ, ਉਸ ਨੂੰ ਢਾਈ ਸਾਲ ਦੀ ਉਮਰ ਵਿੱਚ ਨਿਮੋਨੀਆ ਹੋ ਗਿਆ ਸੀ, ਮੇਰੀ ਆਰਥਿਕ ਹਾਲਤ ਚੰਗੀ ਨਹੀਂ ਸੀ। ਬੇਟੇ ਦੀ ਵਿਗੜਦੀ ਹਾਲਤ ਨੂੰ ਦੇਖਦੇ ਹੋਏ। ਰਮਾਬਾਈ ਨੇ ਮੈਨੂੰ ਤੁਰੰਤ ਘਰ ਆਓਣ ਲਈ ਸੁਨੇਹਾ ਭੇਜਿਆ। ਉਸ ਸਮੇਂ ਮੈਂ ਬੰਬਈ ਦੀ ਹਾਈਕੋਰਟ 'ਚ ਕਿਸੇ ਕੰਮ 'ਚ ਰੁੱਝਿਆ ਹੋਇਆ ਸੀ। ਸੰਦੇਸ਼ਾ ਮਿਲਿਦਆ ਹੀ ਮੈਂ ਟਾਂਗਾ ਲੈ ਕੇ ਘਰ ਪਹੁਚਿਆ, ਬੇਟੇ ਨੂੰ ਗੋਦ 'ਚ ਉਠਾਇਆ ਤੇ ਗੋਦ 'ਚ ਹੀ ਬੱਚੇ ਦੀ ਮੌਤ ਹੋ ਗਈ। ਬੱਚੇ ਦੇ ਵਿਛੋੜੇ ਦੇ ਦੁੱਖ ਕਾਰਨ ਮੈਂ ਫੁਟ-ਫੁਟ ਕੇ ਰੋਇਆ। ਆਸੇ ਪਾਸੇ ਦੇ ਲੋਕ ਵੀ ਮੇਰਾ ਦੇ ਦੁੱਖ ਸਮਝ ਰਹੇ ਸਨ ਤੇ ਹੌਸਲਾ ਦੇ ਕੇ ਚੁੱਪ ਕਰਾਉਣਾ ਚਾਹੁੰਦੇ ਸਨ। ਸਥਿਤੀ ਨੂੰ ਸਭਾਲਣ ਲਈ ਮੇਰੇ ਬਚਪਨ ਦਾ ਦੋਸਤ ਮਾਲੂ ਨੇ ਹੌਸਲਾ ਦੇ ਕੇ ਮੈਨੂੰ ਸਾਂਤ ਕੀਤਾ। ਥੋੜੀ ਦੇਰ ਬਾਅਦ ਜਦੋਂ ਅੰਤਮ ਰਸਮਾਂ ਲਈ, ਕਫਨ ਤੇ ਕੱਪੜਿਆਂ ਲਈ ਕਿਹਾ ਤਾਂ ਨੇੜੇ ਬੈਠੀ ਰਮਾਬਾਈ ਨੂੰ ਪਤਾ ਸੀ ਕਿ ਕੱਪੜਿਆਂ ਲਈ ਤਾਂ ਕੀ ਮੇਰੇ ਕੋਲ ਤਾਂ ਕਫਨ ਲਈ ਵੀ ਪੈਸੇ ਨਹੀਂ ਸਨ। ਰਮਾਬਾਈ ਨੇ ਆਪਣੀ ਸਾੜੀ ਫਾੜੀ ਤੇ ਬੱਚੇ ਦੇ ਸਰੀਰ ਉੱਤੇ ਕਫ਼ਨ ਦੀ ਤਰ੍ਹਾਂ ਪਾ ਦਿੱਤਾ। ਸਾਸਤਰੀ, ਇੱਕ ਵਕਤ ਸੀ ਜਦੋਂ ਮੇਰਾ ਬੱਚਾ ਬਿਨਾਂ ਕਫ਼ਨ ਤੋਂ ਇਸ ਸੰਸਾਰ ਤੋਂ ਗਿਆ ਪਰ ਅੱਜ ਮੈਂ ਸੰਵਿਧਾਨ ਨਿਰਮਾਣ ਕਰ ਦਿੱਤਾ ਹੈ ਤੇ ਦੇਸ਼ ਨੂੰ ਅਜਿਹੀ ਵਿਵਸਥਾ ਦੇ ਦਿੱਤੀ ਹੈ ਕਿ ਹੁਣ ਆਉਣ ਵਾਲਾ ਹਰ ਰਾਜਰਤਨ ਸੂਟ-ਬੂਟ 'ਚ ਰਹੇਗਾ, ਚਾਹੇ ਉਹ ਹਿੰਦੂ ਹੋ, ਬੋਧ ਹੋ, ਮੁਸਲਿਮ ਹੋ, ਈਸਾਈ ਹੋ, ਜਾ ਜੈਨ ਹੋ। ਇਸ ਦੇਸ਼ 'ਚ ਪੈਦਾ ਹੋਣ ਵਾਲਾ ਹਰ ਰਾਜਰਤਨ ਸੂਟ-ਬੂਟ, ਟਾਈ ਤੇ ਕੋਟ 'ਚ ਰਹੇਗਾ, ਇਸ ਤਰ੍ਹਾਂ ਦੀ ਮੈਂ ਵਿਵਸਥਾ ਬਣਾ ਦਿੱਤੀ ਹੈ"। (ਬਿਨਾਂ ਸ਼ੱਕ, ਸੰਵਿਧਾਨ ਹਰ ਇਨਸਾਨ ਨੂੰ ਤਰੱਕੀ ਕਰਨ ਲਈ ਸਹੂਲਤ ਦਾ ਹੱਕ ਦਿੰਦਾ ਹੈ) ਸੰਵਿਧਾਨ ਕਮੇਟੀ ਵੱਲੋਂ 26 ਨਵੰਬਰ 1949 ਨੂੰ ਸੰਵਿਧਾਨ ਸਭਾ ਨੂੰ ਸੰਵਿਧਾਨ ਦਾ ਖਰੜਾ ਸੋਂਪਿਆ ਗਿਆ ਤੇ ਇਸ ਸੰਵਿਧਾਨ ਨੂੰ 26 ਜਨਵਰੀ 1950 ਨੂੰ ਦੇਸ਼ ਵਿਚ ਲਾਗੂ ਕਰ ਦਿੱਤਾ ਗਿਆ ਤੇ ਭਾਰਤ ਇਕ ਸੰਪੂਰਨ ਦੇਸ਼ ਬਣ ਗਿਆ। ਇਸ ਦਿਨ ਨੂੰ ਯਾਦਗਾਰੀ ਬਣਾਉਣ ਲਈ 2015 ਤੋਂ 26 ਨਵੰਬਰ ਨੂੰ ਹਰ ਸਾਲ 'ਸੰਵਿਧਾਨ ਦਿਵਸ' ਵਜੋਂ ਮਨਾਇਆਂ ਜਾਂਦਾ ਹੈ। ਹੁਣ ਸਵਾਲ ਉਠਦਾ ਹੈ ਕਿ ਸਵਿਧਾਨ ਸਭਾ ਦੀਆਂ ਜ਼ਿਆਦਾਤਰ ਬੈਠਕਾਂ ਵਿਚ ਲਗਭਗ 300 ਮੈਂਬਰ ਮੌਜੂਦ ਰਹੇ। ਸੰਵਿਧਾਨ ਦੀ ਰਚਨਾ ਲਈ ਇਨ੍ਹਾਂ ਸਾਰਿਆਂ ਨੂੰ ਹੀ ਬਰਾਬਰ ਦਾ ਅਧਿਕਾਰ ਸੀ ਪਰ ਫਿਰ ਵੀ ਡਾਕਟਰ ਅੰਬੇਦਕਰ ਨੂੰ ਹੀ ਕਿਉਂ ਸੰਵਿਧਾਨ ਦਾ ਨਿਰਮਾਤਾ ਜਾ ਸ਼ਿਲਪਕਾਰ ਕਿਹਾ ਜਾਂਦਾ ਹੈ। ਇਹ ਸਿਰਫ ਡਾਕਟਰ ਅੰਬੇਦਕਰ ਦੇ ਸਮਰਥਕ ਹੀ ਨਹੀਂ ਕਹਿੰਦੇ ਸਗੋਂ ਭਾਰਤ ਦੀ ਸੰਵਿਧਾਨ ਸਭਾ ਦੇ ਮੈਂਬਰਾਂ ਨੇ ਵੀ ਇਸ ਨੂੰ ਸਵਿਕਾਰ ਕੀਤਾ ਅਤੇ ਵੱਖ-ਵੱਖ ਵਿਦਵਾਨਾਂ ਨੇ ਵੀ ਇਸ ਨੂੰ ਕਿਸੇ ਨਾ ਕਿਸੇ ਰੂਪ ਵਿਚ ਮਾਨਤਾ ਦਿੱਤੀ। ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਦੀ ਜੀਵਨੀ ਦੇ ਲੇਖਕ ਮਾਈਕਲ ਬ੍ਰੇਚਰ ਨੇ ਅੰਬੇਦਕਰ ਨੂੰ ਭਾਰਤੀ ਸੰਵਿਧਾਨ ਦਾ ਮੁੱਖ ਸ਼ਿਲਪਕਾਰ ਦੱਸਿਆ ਅਤੇ ਸੰਵਿਧਾਨ ਬਣਾਉਣ ਵਿਚ ਉਨ੍ਹਾਂ ਦੀ ਭੂਮੀਕਾ ਨੂੰ ਫੀਲਡ ਜਨਰਲ ਵਜੋਂ ਅੰਕਿਤ ਕੀਤਾ। ਸੰਵਿਧਾਨ ਸਭਾ ਵਿਚ ਅੰਬੇਦਕਰ ਦੀ ਭੂਮੀਕਾ ਨੂੰ ਘੱਟ ਸਮਝਣ ਵਾਲੇ ਲੋਕਾਂ ਲਈ ਵਿਦਵਾਨ ਕ੍ਰਿਸਟੋਫ਼ ਜੇਫਰਲੋਟ ਲਿਖਦਾ ਹੈ, ਉਸਾਨੂੰ ਡਰਾਫਟ ਕਮੇਟੀ ਦੀ ਭੂਮੀਕਾ ਦਾ ਵੀ ਇਕ ਵਾਰ ਫਿਰ ਤੋਂ ਮੁਲਾਂਕਣ ਕਰਨਾ ਚਾਹੀਦਾ ਹੈ। ਕਮੇਟੀ ਨੂੰ ਨਾ ਸਿਰਫ਼ ਸੰਵਿਧਾਨ ਦੇ ਮੁਢਲੇ ਪੰਨੇ ਲਿਖਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਸਗੋਂ ਇਸ ਨੂੰ ਵੱਖ-ਵੱਖ ਕਮੇਟੀਆਂ ਦੁਆਰਾ ਭੇਜੇ ਗਏ ਲੇਖਾਂ ਦੇ ਆਧਾਰ 'ਤੇ ਸੰਵਿਧਾਨ ਦਾ ਲਿਖਤੀ ਖਰੜਾ ਤਿਆਰ ਕਰਨ ਦਾ ਕੰਮ ਸੌਂਪਿਆ ਗਿਆ ਸੀ, ਜਿਸ ਨੂੰ ਫਿਰ ਸੰਵਿਧਾਨ-ਸਭਾ ਅੱਗੇ ਪੇਸ਼ ਕੀਤਾ ਜਾਣਾ ਸੀ। ਸਦਨ ਦੇ ਸਾਹਮਣੇ ਕਈ ਡਰਾਫ਼ਟ ਪੜ੍ਹੇ ਗਏ ਅਤੇ ਹਰ ਵਾਰ ਡਰਾਫ਼ਟ ਕਮੇਟੀ ਦੇ ਮੈਂਬਰਾਂ ਨੇ ਚਰਚਾ ਕੀਤੀ ਅਤੇ ਅਗਵਾਈ ਕੀਤੀ। ਬਹੁਤੀ ਵਾਰ ਇਹ ਜ਼ਿੰਮੇਵਾਰੀ ਅੰਬੇਦਕਰ ਨੇ ਨਿਭਾਈ"। ਇਸ ਤੱਥ ਦੀ ਪ੍ਰੋੜਿਤਾ ਕਰਦੇ ਹੋਏ ਉੱਘੀ ਸਮਾਜ-ਵਿਗਿਆਨੀ ਪ੍ਰੋਫ਼ੈਸਰ ਗੇਲ ਓਮਵੇਡਟ ਲਿਖਦੀ ਹੈ, ਉਸੰਵਿਧਾਨ ਦਾ ਖਰੜਾ ਤਿਆਰ ਕਰਨ ਸਮੇਂ ਬਹੁਤ ਸਾਰੇ ਵਿਵਾਦਪੂਰਨ ਮੁੱਦਿਆਂ 'ਤੇ ਅਕਸਰ ਗਰਮਾ-ਗਰਮ ਬਹਿਸ ਹੁੰਦੀ ਸੀ। ਅੰਬੇਦਕਰ ਨੇ ਇਨ੍ਹਾਂ ਸਾਰੇ ਮਾਮਲਿਆਂ ਦੇ ਸਬੰਧ ਵਿਚ ਵਿਚਾਰ-ਵਟਾਂਦਰੇ ਲਈ ਦਿਸ਼ਾ ਨਿਰਦੇਸ਼ ਦਿੱਤੇ ਤੇ ਆਪਣੇ ਵਿਚਾਰ ਪੇਸ਼ ਕਰਕੇ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕੀਤੀ। ਡਾਕਟਰ ਅੰਬੇਦਕਰ ਇੱਕੋ ਸਮੇਂ ਕਈ ਵਿਸ਼ਿਆਂ ਦੇ ਵਿਦਵਾਨ ਸਨ। ਅੰਬੇਦਕਰ ਉਨ੍ਹਾਂ ਕੁੱਝ ਸ਼ਖ਼ਸੀਅਤਾਂ ਵਿਚੋਂ ਇਕ ਸਨ ਜੋ ਡਰਾਫਟ ਕਮੇਟੀ ਦੇ ਮੈਂਬਰ ਹੋਣ ਦੇ ਨਾਲ-ਨਾਲ ਬਾਕੀ ਕਮੇਟੀਆਂ ਵਿਚ ਇਕ ਤੋਂ ਵੱਧ ਕਮੇਟੀਆਂ ਦੇ ਮੈਂਬਰ ਸਨ। ਸੰਵਿਧਾਨ ਸਭਾ ਦੁਆਰਾ ਡਰਾਫਟ ਕਮੇਟੀ ਦੇ ਚੇਅਰਮੈਨ ਵਜੋਂ ਉਨ੍ਹਾਂ ਦੀ ਚੋਣ ਉਨ੍ਹਾਂ ਦੀ ਰਾਜਨਿਤਿਕ ਯੋਗਤਾ ਅਤੇ ਕਾਨੂੰਨੀ ਮੁਹਾਰਤ ਕਾਰਨ ਹੋਈ ਸੀ। ਸੰਵਿਧਾਨ ਲਿਖਣ ਲਈ, ਵੱਖ-ਵੱਖ ਧਾਰਾਵਾਂ ਦੇ ਸੰਦਰਭ ਵਿਚ ਸੰਵਿਧਾਨ ਸਭਾ ਵਿਚ ਉੱਠਣ ਵਾਲੇ ਸਵਾਲਾਂ ਦੇ ਜਵਾਬ ਦੇਣ ਲਈ, ਅਤੇ ਕਈ ਵਾਰ ਵਿਰੋਧੀ ਵਿਵਸਥਾਵਾਂ ਵਿਚਕਾਰ ਸੰਤੁਲਨ ਕਾਇਮ ਕਰਨ ਲਈ ਅਤੇ ਸੰਵਿਧਾਨ ਨੂੰ ਭਾਰਤੀ ਸਮਾਜ ਲਈ ਇਕ ਮਾਰਗਦਰਸ਼ਕ ਦਸਤਾਵੇਜ਼ ਵਜੋਂ ਪੇਸ਼ ਕਰਨ ਲਈ ਡਾਕਟਰ ਅੰਬੇਦਕਰ ਨੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਅਤੇ ਫ਼ੈਸਲਾਕੁੰਨ ਭੂਮਿਕਾ ਨਿਭਾਈ"। ਆਜ਼ਾਦੀ, ਸਮਾਨਤਾ, ਭਾਈਚਾਰਾ, ਨਿਆਂ, ਕਾਨੂੰਨ ਦਾ ਰਾਜ, ਕਾਨੂੰਨ ਦੇ ਸਾਹਮਣੇ ਬਰਾਬਰੀ, ਲੋਕਤੰਤਰੀ ਪ੍ਰਕਿਰਿਆ ਅਤੇ ਸਾਰੇ ਨਾਗਰਿਕਾਂ ਲਈ ਧਰਮ, ਜਾਤ, ਲਿੰਗ ਅਤੇ ਹੋਰ ਕਿਸੇ ਵੀ ਭੇਦਭਾਵ ਤੋਂ ਬਿਨਾਂ ਸਨਮਾਨ-ਜਨਕ ਜੀਵਨ ਆਦਿ ਸ਼ਬਦਾਂ ਦੇ ਅਰਥਾਂ ਨੂੰ ਭਾਰਤੀ ਸਮਾਜ ਵਿਚ ਵਿਵਹਾਰਿਕ ਰੂਪ ਵਿਚ ਲਾਗੂ ਕਰਨ ਲਈ ਡਾਕਟਰ ਅੰਬੇਦਕਰ ਨੇ ਸਾਰੀ ਉਮਰ ਸੰਘਰਸ਼ ਕੀਤਾ। ਇਸ ਦੀ ਛਾਪ ਭਾਰਤੀ ਸੰਵਿਧਾਨ ਵਿਚ ਦੇਖੀ ਜਾ ਸਕਦੀ ਹੈ। ਇਸ ਸਬੰਧ ਵਿੱਚ 5 ਨਵੰਬਰ 1948 ਨੂੰ ਸੰਵਿਧਾਨ ਸਭਾ ਵਿੱਚ ਡ੍ਰਾਫ਼ਟਿੰਗ ਕਮੇਟੀ ਦੇ ਮੈਂਬਰ ਸ੍ਰੀ ਟੀ.ਟੀ. ਕ੍ਰਿਸ਼ਨਾਮਚਾਰੀ (ਡੀ.ਪੀ. ਖੇਤਾਨ ਦੇ ਦੇਹਾਂਤ ਤੋਂ ਬਾਅਦ ਸ੍ਰੀ ਟੀ.ਟੀ. ਕ੍ਰਿਸ਼ਨਾਮਚਾਰੀ ਜੀ ਨੂੰ ਸੰਵਿਧਾਨ ਕਮੇਟੀ ਦਾ ਮੈਂਬਰ ਚੁਣਿਆ ਗਿਆ ਸੀ) ਨੇ ਸੰਵਿਧਾਨ ਪੂਰਾ ਹੋ ਜਾਣ ਤੇ ਸੰਵਿਧਾਨ ਸਭਾ ਨੂੰ ਸੰਬੋਧਤ ਕਰਦੇ ਹੋਏ ਕਿਹਾ ਸੀ, ਉਇਹ ਸਦਨ ਸੰਭਵ ਤੌਰ ਤੇ ਇਸ ਗੱਲ ਤੋਂ ਜਾਣੂ ਹੋਵੇਗਾ ਕਿ ਜਿਨ੍ਹਾਂ ਸੱਤ ਮੈਂਬਰਾਂ ਨੂੰ ਨਾਮਜ਼ਦ ਕੀਤਾ ਗਿਆ ਸੀ। ਉਨ੍ਹਾਂ ਵਿਚੋਂ ਇੱਕ ਮੈਂਬਰ ਨੇ ਅਸਤੀਫ਼ਾ ਦੇ ਦਿੱਤਾ ਸੀ। ਉਸਦੀ ਥਾਂ ਤੇ ਹੋਰ ਮੈਂਬਰ ਰੱਖਿਆ ਗਿਆ। ਇੱਕ ਦੀ ਮੌਤ ਹੋ ਗਈ ਸੀ, ਉਸ ਦੀ ਥਾਂ ਤੇ ਕੋਈ ਨਹੀਂ ਰੱਖਿਆ ਗਿਆ। ਇੱਕ ਮੈਂਬਰ ਅਮਰੀਕਾ ਚੱਲਿਆ ਗਿਆ, ਉਸਦੀ ਥਾਂ ਵੀ ਨਹੀਂ ਭਰੀ ਗਈ।ਇੱਕ ਹੋਰ ਮੈਂਬਰ ਰਾਜ ਦੇ ਮਾਮਲਿਆਂ ਨੂੰ ਦੇਖ ਰਿਹਾ ਸੀ ਅਤੇ ਉਹ ਉਸ ਹੱਦ ਤੱਕ ਨਹੀਂ ਪਹੁੰਚ ਸਕਦਾ ਸੀ। ਇੱਕ-ਦੋ ਮੈਂਬਰ ਦਿੱਲੀ ਤੋਂ ਦੂਰ ਰਹਿੰਦੇ ਸਨ, ਕਿਉਂਕਿ ਉਨ੍ਹਾਂ ਦੀ ਸਿਹਤ ਉਨ੍ਹਾਂ ਨੂੰ ਦਿੱਲੀ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਦੇ ਰਹੀ ਸੀ ਇਸ ਲਈ ਉਹ ਕਮੇਟੀ ਦੀਆਂ ਕਾਰਵਾਈਆਂ 'ਚ ਭਾਗ ਨਹੀਂ ਲੈ ਸਕੇ। ਹੁਣ ਸਿਰਫ਼ ਇਕੱਲੇ ਡਾ. ਅੰਬੇਦਕਰ ਹੀ ਅਜਿਹੇ ਮੈਂਬਰ ਬਚੇ ਸਨ ਜਿਨ੍ਹਾਂ ਦੇ ਮੋਢਿਆਂ ਤੇ ਭਾਰਤੀ ਸੰਵਿਧਾਨ ਦਾ ਖਰੜਾ ਤਿਆਰ ਕਰਨ ਦਾ ਕੰਮ ਆ ਪਿਆ ਸੀ। ਮੈਨੂੰ ਇਸ ਵਿਚ ਕੋਈ ਸੰਕੋਚ ਨਹੀ ਕਿ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਧੰਨਵਾਦੀ ਹੋਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਨੇ ਸਾਰੇ ਕੰਮ ਨੂੰ ਪੂਰੀ ਜ਼ਿਮੇਵਾਰੀ ਤੇ ਪ੍ਰਸ਼ੰਸਾਯੋਗ ਤਰੀਕੇ ਨਾਲ ਪੂਰਾ ਕੀਤਾ"। (ਸੰਵਿਧਾਨ ਸਭਾ ਦੀ ਬਹਿਸ, ਭਾਗ-7 ਪੰਨਾ 231)। ਡਾਕਟਰ ਅੰਬੇਦਕਰ ਨੇ ਆਪਣੇ ਪਹਿਲੇ ਦਿਨ ਦੇ ਭਾਸ਼ਣ 'ਚ ਕਮੇਟੀ ਰਾਹੀਂ ਅੰਤਿਮ ਰੂਪ ਦਿੱਤੇ ਗਏ ਸੰਵਿਧਾਨ ਦੇ ਖਰੜੇ ਨੂੰ ਇਕ 'ਅਜਿੱਤ ਦਸਤਾਵੇਜ਼' ਦਾ ਨਾਂ ਦੇ ਕੇ ਇਸ ਦੀ ਪ੍ਰਸ਼ੰਸਾ ਕੀਤੀ। ਪਰ ਡਾ. ਅੰਬੇਦਕਰ ਨੇ ਸੰਵਿਧਾਨ ਦੀ ਕਾਮਯਾਬੀ ਦੀ ਸਾਰੀ ਨਿਰਭਰਤਾ ਸੰਵਿਧਾਨ ਤੇ ਨਹੀਂ ਦੱਸੀ। ਉਹਨਾਂ ਕਿਹਾ, ਉਮੈਂ ਸਮਝਦਾ ਹਾਂ ਇਸ ਸੰਵਿਧਾਨ ਨਾਲ ਕੰਮ ਚਲ ਸਕਦਾ ਹੈ। ਇਹ ਲਚਕਦਾਰ ਹੈ। ਇਹ ਦੇਸ਼ ਨੂੰ ਸ਼ਾਂਤੀ ਅਤੇ ਯੁੱਧ ਦੋਹਾਂ ਹਾਲਤਾਂ ਵਿੱਚ ਇਕਮੁੱਠ ਰੱਖਣ ਦੇ ਯੋਗ ਹੈ। ਜੇ ਮੈਂ ਕਹਾਂ ਕਿ ਇਸ ਨਵੇਂ ਸੰਵਿਧਾਨ ਦੇ ਅਧੀਨ ਜੇ ਹਾਲਾਤ ਵਿਗੜੇ ਤਾਂ ਉਸਦਾ ਕਾਰਣ ਇਹ ਨਹੀਂ ਹੋਵੇਗਾ ਕਿ ਸੰਵਿਧਾਨ ਮਾੜਾ ਸੀ ਸਗੋਂ ਇਹ ਕਹਿਣਾ ਪਵੇਗਾ ਕਿ ਇਸਨੂੰ ਲਾਗੂ ਕਰਨ ਵਾਲੇ ਹੀ ਨਿਕੰਮੇ ਅਤੇ ਦੁਸਟ ਸਨ।' (ਸੰਵਿਧਾਨ ਸਭਾ ਕਾਰਵਾਈ ਭਾਗ 7, 44)। ਵੱਡੀ ਚਿਤਾਵਨੀ ਦਿੰਦਿਆਂ ਅੰਬੇਦਕਰ ਨੇ ਕਿਹਾ ਕਿ 20 ਜਨਵਰੀ, 1950 ਨੂੰ ਅਸੀਂ ਵਿਰੋਧ ਭਰੇ ਜੀਵਨ ਵਿਚ ਪ੍ਰਵੇਸ਼ ਕਰ ਰਹੇ ਹਾਂ। ਰਾਜਸੀ ਖੇਤਰ ਵਿਚ ਤਾਂ ਅਸੀਂ ਬਰਾਬਰ ਹੋਵਾਂਗੇ ਪਰ ਸਮਾਜਿਕ ਅਤੇ ਆਰਥਿਕ ਖੇਤਰ ਵਿਚ ਨਾਬਰਾਬਰੀ ਹੋਵੇਗੀ। ਇਸ ਵਿਰੋਧ ਨੂੰ ਛੇਤੀ ਤੋਂ ਛੇਤੀ ਦੂਰ ਕਰਨਾ ਚਾਹੀਦਾ ਹੈ ਨਹੀਂ ਤਾਂ ਨਾਬਰਾਬਰੀ ਤੋਂ ਪੀੜਤ ਲੋਕ ਰਾਜਸੀ ਲੋਕਤੰਤਰ ਨੂੰ ਉਡਾ ਕੇ ਰੱਖ ਦੇਣਗੇ ਜਿਸ ਨੂੰ ਕਿ ਅਸੈਂਬਲੀ ਨੇ ਬੜੇ ਕਸ਼ਟਾਂ ਨਾਲ ਖੜਾ ਕੀਤਾ ਹੈ। ਅੰਤ ਵਿਚ ਉਸ ਨੇ ਭਾਰਤੀਆਂ ਨੂੰ ਅਪੀਲ ਕੀਤੀ ਕਿ ਉਹ ਸਮਾਜਕ ਅਤੇ ਮਾਨਸਿਕ ਪੱਖ ਤੋਂ ਇਕ ਕੌਮ ਬਣਨ ਅਤੇ ਜਾਤਪਾਤ ਦਾ ਤਿਆਗ ਕਰਨ ਕਿਉਂਕਿ ਇਸੇ ਨੇ ਹੀ ਸਮਾਜਕ ਜੀਵਨ ਨੂੰ ਢਾਹ ਲਾਈ ਹੈ ਅਤੇ ਵੱਖ-ਵੱਖ ਜਾਤਾਂ ਵਿਚਕਾਰ ਸਾੜਾ ਅਤੇ ਦੁਸ਼ਮਣੀ ਪੈਦਾ ਕੀਤੀ ਹੈ। ਹਾਊਸ ਨੇ ਚੁੱਪ ਚਾਪ ਉਸ ਦਾ ਪੌਣੇ ਘੰਟੇ ਦਾ ਸਪਸ਼ਟ ਭਾਸ਼ਣ ਸੁਣਿਆ ਅਤੇ ਵਿੱਚ-ਵਿੱਚ ਦਾਦ ਵੀ ਦਿੱਤੀ। ਪਿਛੋਂ ਮੈਂਬਰਾਂ ਨੇ ਇਸ ਭਾਸ਼ਣ ਨੂੰ ਭਾਰਤੀ ਰਾਜਨੀਤੀ ਅਤੇ ਸਮਾਜਕ ਸਥਿਤੀ ਦਾ ਪੂਰਾ-ਪੂਰਾ ਨਕਸ਼ਾ ਦੱਸਿਆ। ਅਗਲੇ ਦਿਨ ਅਖ਼ਬਾਰਾਂ ਨੇ ਬੜੇ ਮਾਣ ਅਤੇ ਖੁਸ਼ੀ ਨਾਲ ਉਸ ਦਾ ਭਾਸ਼ਣ ਪ੍ਰਕਾਸ਼ਤ ਕੀਤਾ। ਉਨ੍ਹਾਂ ਨੇ ਉਸ ਦੇ ਸਿਆਣੇ ਅਤੇ ਚੇਤਾਵਨੀ ਭਰੇ ਸ਼ਬਦਾਂ ਦਾ ਜ਼ਿਕਰ ਵੀ ਕੀਤਾ।

ਸੰਵਿਧਾਨ ਦਾ ਖਰੜਾ 6 ਮਹੀਨਿਆਂ ਤੱਕ ਲੋਕਾਂ ਸਾਹਮਣੇ ਰਿਹਾ ਤਾਂ ਜੋ ਉਹ ਆਪਣਾ ਕੋਈ ਸੁਝਾਅ ਦੇ ਸਕਣ। ਅਸੈਂਬਲੀ ਦੋ ਸਾਲ ਗਿਆਰਾਂ ਮਹੀਨੇ ਅਤੇ ਅਠਾਰਾਂ ਦਿਨ ਮਿਹਨਤ ਨਾਲ ਕੰਮ ਕਰਦੀ ਰਹੀ। ਖਰੜੇ ਵਿਚ ਲਗਭਗ 7635 ਸੰਸ਼ੋਧਨ ਰੱਖੇ ਗਏ ਪਰ ਇਨ੍ਹਾਂ ਵਿਚੋਂ ਕੇਵਲ 2473 ਸੰਸ਼ੋਧਨ ਹੀ ਪੇਸ਼ ਕੀਤੇ ਗਏ। 26 ਨਵੰਬਰ, 1949 ਨੂੰ ਸੰਵਿਧਾਨਕ ਅਸੈਂਬਲੀ ਨੇ ਇਸ ਸੰਵਿਧਾਨ ਨੂੰ 395 ਧਾਰਾਵਾਂ ਅਤੇ 9 ਅਨੁਸੂਚੀਆਂ ਨਾਲ ਅਪਣਾ ਲਿਆ। ਅਸੈਂਬਲੀ ਦੇ ਪ੍ਰਧਾਨ ਡਾ.

(ਬਾਕੀ ਅਗਲੇ ਸਫੇ 'ਤੇ)

# ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਜਨਮ ਦਿਨ, 75ਵੇਂ ਅਜ਼ਾਦੀ ਮਹਾਂਉਤਸਵ ਅਤੇ ਸ਼ਹੀਦਾਂ ਨੂੰ ਸਮਰਪਿਤ ਹੁਸ਼ਿਆਰਪੁਰ ਵਿਖੇ ਸੂਬਾ ਪੱਧਰੀ ਰੈਲੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**– ਦੇਸ਼ ਦੀ ਅਜ਼ਾਦੀ ਦੀ 75ਵੀਂ ਵਰ੍ਹੇਗੰਢ ਨੂੰ ਸਮਰਪਿਤ, ਸ਼ਹੀਦ ਭਗਤ ਸਿੰਘ, ਰਾਜਗੁਰ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਅਤੇ ਕੌਮਾਂਤਰੀ ਪ੍ਰਸਿੱਧੀ ਵਾਲੇ ਕਮਿਊਨਿਸਟ ਆਗੂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਜਨਮ ਦਿਹਾੜੇ ਨੂੰ ਸਮਰਪਿਤ ਰੈਲੀ ਨੂੰ ਸੰਬੋਧਨ ਕਰਦਿਆਂ ਸੀਪੀਆਈ (ਐਮ) ਦੇ ਕੁੱਲ ਹਿੰਦ ਜਨਰਲ ਸਕੱਤਰ ਕਾਮਰੇਡ ਸੀਤਾ ਰਾਮ ਯੇਚੁਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਅਡਾਨੀ ਨਾਲ ਆਪਣੀ ਦੋਸਤੀ ਪੁਗਾਉਣ ਲਈ ਹਿਡਨਵਰਗ ਰਿਪੋਰਟ ਮਾਮਲੇ ‘ਤੇ ਜੇਪੀਸੀ ਬਣਾਉਣ ਅਤੇ ਸੰਸਦ ਵਿੱਚ ਬਹਿਸ ਕਰਾਉਣ ਦੀ ਮੰਗ ਸਵੀਕਾਰ ਨਾ ਕਰਕੇ ਦੇਸ਼ ਦੀ ਸੰਸਦ ਨਹੀਂ ਚੱਲਣ ਦਿੱਤੀ ਜਾ ਰਹੀ। ਅਜਿਹਾ ਪਹਿਲੀ ਵੇਰ ਹੋਇਆ ਹੈ ਕਿ ਦੇਸ਼ ਦੀ ਸੰਸਦ ਸੱਤਾਧਾਰੀਆ ਵਲੋਂ ਨਾ ਚੱਲਣ ਦਿੱਤੀ ਜਾ ਰਹੀ ਹੋਵੇ। ਉਹ ਅੱਜ ਸੀਪੀਆਈ (ਐਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਦੀ ਅਗਵਾਈ ਵਿੱਚ ਹੁਸ਼ਿਆਰਪੁਰ ਦੀਆਂ ਪੁਰਾਣੀਆਂ ਕਚਹਿਰੀਆਂ ਵਿਖੇ ਇਸ ਸਬੰਧੀ ਕਰਵਾਈ ਗਈ ਰੈਲੀ ਨੂੰ ਸੰਬੋਧਨ ਕਰਨ ਪੁੱਜੇ ਸਨ। ਪਾਰਟੀ ਦੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਭੂਪ ਚੰਦ ਚੰਨੋ ਅਤੇ ਗੁਰਦਰਸ਼ਨ ਸਿੰਘ ਖੁਆਸਪੁਰ ਦੀ ਪ੍ਰਧਾਨਗੀ ਹੇਠ ਹੋਈ ਇਸ ਰੈਲੀ ਵਿੱਚ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਸਾਬਕਾ ਸਿੱਖਿਆ ਮੰਤਰੀ ਅਤੇ ਓਲੰਪੀਅਨ ਪ੍ਰਗਟ ਸਿੰਘ ਅਤੇ ਸੀਪੀਆਈ ਦੇ ਸੂਬਾਈ ਆਗੂ ਪ੍ਰਿਥੀਪਾਲ ਸਿੰਘ ਮਾਘੀਮੇੜਾ ਸਮੇਤ ਵੱਡੀ ਗਿਣਤੀ ਵਿੱਚ ਆਗੂ ਪੁੱਜੇ ਸਨ।






ਦੱਸਣਯੋਗ ਹੈ ਕਿ ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ 23 ਮਾਰਚ 1932 ਨੂੰ ਕਾਂਗਰਸ ਨੇ ਸਮੁੱਚੇ ਦੇਸ਼ ਵਿੱਚ ਡਿਪਟੀ ਕਮਿਸ਼ਨਰ ਦਫ਼ਤਰਾਂ ਤੋਂ ਯੂਨੀਅਨ ਜੈਕ ਦੇ ਝੰਡੇ ਉਤਾਰ ਕੇ ਤਿਰੰਗਾ ਝੰਡਾ ਲਹਿਰਾਉਣ ਦਾ ਸੱਦਾ ਦਿੱਤਾ ਸੀ। ਪਰ ਇਹ ਸੱਦਾ ਕਾਂਗਰਸ ਵਲੋਂ ਵਾਪਸ ਲਏ ਜਾਣ ਤੋਂ ਬਾਅਦ ਵੀ ਇਕੱਲੀ ਹੁਸ਼ਿਆਰਪੁਰ ਦੀ ਕਚਿਹਰੀ ਵਿੱਚ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ 16 ਵਰਿਆਂ ਦੀ ਉਮਰ ਵਿੱਚ ਯੂਨੀਅਨ ਜੈਕ ਦਾ ਝੰਡਾ ਉਤਾਰ ਕੇ ਤਿਰੰਗਾ ਝੰਡਾ ਲਹਿਰਾਇਆ ਸੀ। ਜਿਸ ਤੋਂ ਬਾਅਦ ਹੋਈ ਫਾਇਰਿੰਗ ਮੌਕੇ ਆਪਣੇ ਦਫ਼ਤਰ ਤੋਂ ਬਾਹਰ ਆਏ ਡਿਪਟੀ ਕਮਿਸ਼ਨਰ ਨੇ ਕਾਮਰੇਡ ਸੁਰਜੀਤ ਨੂੰ ਅਦਾਲਤ ਵਿੱਚ ਪੇਸ਼ ਕੀਤਾ ਸੀ। ਇਸ ਰੈਲੀ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਰੈਲੀ ਵਾਲੇ ਪੁਰਾਣੇ ਡਿਪਟੀ ਕਮਿਸ਼ਨਰ ਦਫ਼ਤਰ ਵਿੱਚ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਯਾਦ ਵਿੱਚ ਲਾਇਬ੍ਰੇਰੀ, ਮਿਊਜੀਅਮ ਅਤੇ ਉਨ੍ਹਾਂ ਦਾ ਬੁੱਤ ਲਗਾ ਕੇ ਯਾਦਗਾਰ ਸਥਾਪਿਤ ਕਰਨ ਲਈ 1 ਏਕੜ ਜ਼ਮੀਨ ਦਿੱਤੀ ਜਾਵੇ।ਸਿੱਖਸ਼ ਫਾਰ ਜਸਟਿਸ ਦੇ ਕਨਵੀਨਰ ਗੁਰਪਤਵੰਤ ਪੰਨੂ ਦਾ ਆਪ ਸਰਕਾਰ ਨੂੰ ਚੋਣਾ ਲਈ 40 ਕਰੋੜ ਦੇਣ ਦਾ ਦਾਅਵਾ ਸਪੱਸ਼ਟ ਕਰਦਾ ਹੈ ਕਿ ਭਗਵੰਤ ਮਾਨ ਸਰਕਾਰ ਗੈਂਗਸਟਰ, ਅੱਤਵਾਦ ਤੇ ਨਸ਼ਾ ਤਸਕਰਾਂ ਨੂੰ ਸ਼ਹਿ ਦੇ ਰਹੀ ਹੈ ਅਤੇ ਗੈਂਗਸਟਰਾਂ ਦੀਆਂ ਜੇਲ੍ਹਾ ਵਿੱਚੋਂ ਇੰਟਰਵਿਊ ਹੋਣ ਨੂੰ ਸਰਕਾਰ ਦੀ ਸ਼ਹਿ ਪ੍ਰਾਪਤ ਹੈ। ਉਨ੍ਹਾ ਕਿਹਾ ਕਿ ਭਗਵੰਤ ਮਾਨ ਹਾਲੇ ਵੀ ਸੂਬੇ ਦੇ ਮੁੱਖ ਮੰਤਰੀ ਵਜੋਂ ਸਿਆਣਪ ਵਾਲੇ ਤਰੀਕੇ ਨਾਲ ਵਿਚਰਣ ਦੀ ਥਾਂ ਵਿਧਾਨ ਸਭਾ ਵਿੱਚ ਵਿਰੋਧੀਆਂ ਨੂੰ ਬਚਕਾਨੇ ਤਰੀਕੇ ਨਾਲ ਵਿਚਰ ਰਿਹਾ ਹੈ। ਕਾਮਰੇਡ ਸੇਖੋਂ ਨੇ ਕਿਹਾ ਕਿ ਪੰਜਾਬ ਅੰਦਰ ਅਮਨ ਕਨੂੰਨ ਦੀ ਸਥਿਤੀ ਵਿਗੜ ਚੁੱਕੀ ਹੈ ਅਤੇ ਦਿਨ ਦਿਹਾੜੇ ਲੁੱਟ ਖੋਹਾਂ, ਕਤਲੋਗਾਰਤ ਅਤੇ ਗੈਂਗਸਟਰਾਂ ਵਿਚਾਲੇ ਝੜਪਾਂ ਰੋਕਣ ਵਿੱਚ ਸਰਕਾਰ ਨਾਕਾਮ ਰਹੀ ਹੈ। ਉਨ੍ਹਾ ਭਗਵੰਤ ਮਾਨ ਦੇ ਅਮਨ ਕਨੂੰਨ ਦੀ ਸਥਿਤ ਕੰਟਰੋਲ ਵਿੱਚ ਹੋਣ ਦੇ ਦਾਅਵਿਆਂ ਨੂੰ ਨਕਾਰਦਿਆਂ ਕਿਹਾ ਕਿ ਜੇਕਰ ਅਮਨ ਕਨੂੰਨ ਕੰਟਰੋਲ ਵਿੱਚ ਹੈ ਤਾਂ 2 ਮਾਰਚ ਨੂੰ ਨੀਮ ਫੌਜੀ ਬਲਾਂ ਦੀਆਂ 40 ਕੰਪਨੀਆਂ ਕਿਉਂ ਮੰਗਵਾਈਆਂ ਹਨ। ਸ਼ਹੀਦ ਭਗਤ ਸਿੰਘ ਦੇ ਅਖੌਤੀ ਵਾਰਿਸ ਕਹਾਉਣ ਵਾਲੇ ਭਗਵੰਤ ਮਾਨ ਵਲੋਂ ਕਾਮਰੇਡ ਸੁਰਜੀਤ ਦੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਬਰਸੀ ਮੌਕੇ 23 ਮਾਰਚ 1932 ਨੂੰ ਪਹਿਲੀ ਵਾਰ ਤਿਰੰਗਾ ਝੰਡਾ ਲਹਿਰਾਉਣ ਵਾਲੇ ਸਥਾਨ ਹੁਸ਼ਿਆਰਪੁਰ ਦੀਆਂ ਪੁਰਾਣੀਆਂ ਕਚਿਹਰੀਆਂ ਵਿਖੇ ਉਨ੍ਹਾਂ ਦੀ ਯਾਦਗਾਰ ਬਣਾਉਣ ਲਈ 1 ਏਕੜ ਜ਼ਮੀਨ ਤੱਕ ਨਹੀਂ ਦਿੱਤੀ ਜਾ ਰਹੀ। ਪਾਰਟੀ ਵਲੋਂ ਇਸ ਮੰਤਵ ਲਈ ਤਿੰਨ ਪੱਤਰ ਲਿਖੇ ਗਏ ਹਨ ਅਤੇ ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਵਲੋਂ ਕਾਮਰੇਡ ਸੀਤਾ ਰਾਮ ਯੇਚੁਰੀ ਨੂੰ ਇੱਥੇ ਯਾਦਗਾਰ ਬਣਾਉਣ ਦਾ ਭਰੋਸਾ ਦੇਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾ ਮੰਗ ਕੀਤੀ ਕਿ ਸ਼ਹੀਦ ਭਗਤ ਸਿੰਘ ਦੇ ਨਾਨਕੇ ਪਿੰਡ ਮੋਰਾਂਵਾਲੀ ਦਾ ਉਨ੍ਹਾ ਦੀ ਮਾਤਾ ਦੇ ਨਾਮ ਵਾਲਾ ਹਸਪਤਾਲ ਮੁੜ ਤੋਂ ਆਮ ਆਦਮੀ ਕਲੀਨਿਕ ਤੋਂ ਬਦਲ ਕੇ ਸ਼ਹੀਦ ਭਗਤ ਸਿੰਘ ਦੀ ਮਾਤਾ ਦੇ ਨਾਮ ‘ਤੇ ਕੀਤਾ ਜਾਵੇ ਅਤੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਯਾਦਗਾਰ ਬਣਾਉਣ ਲਈ ਪੁਰਾਣੀਆਂ ਕਚਿਹਰੀਆਂ ਵਿੱਚ 1 ਏਕੜ ਜ਼ਮੀਨ ਦਿੱਤੀ ਜਾਵੇ।

ਇਸ ਮੌਕੇ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਕਾਮਰੇਡ ਸੁਰਜੀਤ ਜੀ ਨਾਲ ਬਿਤਾਏ 23 ਸਾਲਾਂ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਉਨ੍ਹਾ ਨੇ ਦੇਸ਼ ਦੀਆਂ ਫਿਰਕੂ ਤਾਕਤਾਂ ਨੂੰ ਦੇਸ਼ ਦੀ ਸੱਤਾ ਤੋਂ ਦੂਰ ਤਾਂ ਰੱਖਿਆ ਹੀ ਸੀ ਸਗੋਂ ਕੌਮਾਂਤਰੀ ਪੱਧਰ ‘ਤੇ ਵੀ ਲੋਕ ਪੱਖੀ ਤਾਕਤਾਂ ਨੂੰ ਇੱਕਮੁੱਠ ਕਰੀ ਰੱਖਿਆ। ਪੰਜਾਬ ਦੇ ਨੌਜਵਾਨਾਂ ਨੂੰ ਟ੍ਰੈਵਲ ਏਜੰਟ ਲੁੱਟ ਕੇ ਖਾ ਕੇ, ਪਰ ਨਾ ਤਾਂ ਸੂਬੇ ਦੀਆਂ 14000 ਪੰਚਾਇਤਾਂ ਬੋਲੀਆਂ, ਨਾ ਹੀ ਪ੍ਰਕਾਸ਼ ਸਿੰਘ ਬਾਦਲ, ਨਾ ਹੀ ਕੈਪਟਨ ਅਮਰਿੰਦਰ ਸਿੰਘ ਬੋਲਿਆ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਨੇ ਆਪਣੀ ਜਿੰਮੇਵਾਰੀ ਨਿਭਾਈ। ਉਨ੍ਹਾ ਪੰਡਾਲ ਵਿੱਚ ਆਈਆਂ ਔਰਤਾਂ ਨੂੰ ਮੁਖਾਤਿਬ ਹੁੰਦਿਆਂ ਰੱਖੜੀ ਦੀ ਰਾਖੀ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਅਤੇ ਯਾਦਗਾਰ ਲਈ 1 ਏਕੜ ਜ਼ਮੀਨ ਦੀ ਮੰਗ ਦਾ ਸਮਰਥਨ ਕੀਤਾ।

# ਵਿਦਿਆਰਥੀਆਂ ਦਾ ਮਨ ਪੜ੍ਹਾਈ ’ਚ ਨਹੀਂ ਲੱਗਣ ਦਿੰਦੀਆਂ ਕਾਪੀਆਂ ’ਤੇ ਛਪੀਆਂ ਫਿਲਮੀ ਜਿਲਦਾਂ

ਵਿਦਿਆਰਥੀਆਂ ਲਈ ਸਕੂਲੀ ਪਾਠਕ੍ਰਮ ਦੀਆਂ ਕਾਪੀਆਂ ’ਤੇ 'ਆਦਰਸ਼’ ਦੀ ਥਾਂ 'ਅਨੈਤਿਕਤਾ’ ਪਰੋਸੀ ਜਾ ਰਹੀ ਹੈ। 'ਵਿਦਿਆ ਵਿਚਾਰੀ ਤਾਂ ਪਰਉਪਕਾਰੀ’ ਦਾ ਨਾਅਰਾ ਤਾਂ ਭਾਵੇਂ ਸਕੂਲਾਂ ਦੇ ਮੁੱਖ ਗੇਟਾਂ ’ਤੇ ਲਿਖਿਆ ਮਿਲਦਾ ਹੈ ਪਰ ਇਨ੍ਹਾਂ ਵਿਚ ਪੜ੍ਹਦੇ ਬੱਚਿਆਂ ਦੇ ਬਸਤਿਆਂ ਵਿਚ ਜੋ ਕਾਪੀਆਂ (ਨੋਟ ਬੁੱਕਸ) ਹੁੰਦੀਆਂ ਹਨ, ਉਨ੍ਹਾਂ ਦੀਆਂ ਜਿਲਦਾਂ ’ਤੇ ਫਿਲਮੀ ਐਕਟਰਾਂ, ਐਕਟਰਸਾਂ, ਗਾਇਕਾਂ, ਮਾਡਲਾਂ, ਖਿਡਾਰੀਆਂ, ਫਿਲਮਾਂ ਆਦਿ ਦੀਆਂ ਫੋਟੋ ਛਪੀਆਂ ਹੁੰਦੀਆਂ ਹਨ ਜੋ ਵਿਦਿਆਰਥੀਆਂ ਦਾ ਮਨ ਪੜ੍ਹਾਈ ’ਚ ਇਕਾਗਰ ਨਹੀਂ ਹੋਣ ਦਿੰਦੀਆਂ। ਉਨ੍ਹਾਂ ਦੀਆਂ ਜਿਲਦਾਂ ’ਤੇ 'ਸਰਦਾਰਾ ਮੇਰੀ ਕਾਲੀ ਗੁੱਤ ਨੇ ਡੰਗ ਸੱਪਾਂ ਨੂੰ ਸਿਖਾਏ ਹੋਏ ਨੇ’, 'ਸਾਨੂੰ ਬੱਲੀਏ ਨੀਂ ਦੇਖ-ਦੇਖ ਕੇ ਸਿੱਖੇ ਸ਼ੇਰਾਂ ਨੇ ਸ਼ਿਕਾਰ ਕਰਨੇ’ ਅਤੇ ਘੁੰਮਣ ਘੁਮਾਉਣ ਨੂੰ ਤਾਂ ਥਾਰ ਰੱਖੀ ਐ, ਬੁਲਟ ਤਾਂ ਰੱਖਿਐ ਪਟਾਕੇ ਪਾਉਣ ਨੂੰ’ ਜਿਹੇ ਗੀਤਾਂ ਦੇ ਗਾਇਕਾਂ ਦੀਆਂ ਤਸਵੀਰਾਂ ਛਪੀਆਂ ਹੁੰਦੀਆਂ ਹਨ। ਕਾਪੀਆਂ ਦੀਆਂ ਜਿਲਦਾਂ ’ਤੇ ਗੀਤਾਂ ਦੇ ਮੁਖੜੇ ਅਤੇ ਸਿਰਲੇਖ ਵੀ ਲਿਖੇ ਹੁੰਦੇ ਹਨ। ਇਨ੍ਹਾਂ ਕਾਪੀਆਂ ਨੂੰ ਆਕਰਸ਼ਕ ਬਣਾਉਣ ਲਈ ਵੱਧ ਤੋਂ ਵੱਧ ਰੰਗ-ਬਿਰੰਗਾ ਅਤੇ ਭੜਕੀਲਾ ਕੀਤਾ ਜਾਂਦਾ ਹੈ। ਇਨ੍ਹਾਂ ਕਾਪੀਆਂ ਨੂੰ ਦੇਖ ਕੇ ਪਹਿਲੀ ਨਜ਼ਰੇ ਇਹ ਪਹਿਚਾਨਣਾ ਔਖਾ ਹੋ ਜਾਂਦਾ ਹੈ ਕਿ ਇਹ ਸਕੂਲੀ ਪਾਠਕ੍ਰਮ ਦੀਆਂ ਕਾਪੀਆਂ ਹਨ ਜਾਂ ਕਿਸੇ ਫਿਲਮ ਅਤੇ ਗੀਤਾਂ ਵਾਲੀ ਸੀ.ਡੀ. ਦਾ ਕਵਰ ਪੇਜ਼ ਹੈ। ਮਨੋਵਿਸ਼ਲੇਸ਼ਕਾਂ ਅਨੁਸਾਰ ਸਕੂਲੀ ਕਾਪੀਆਂ ਦਾ ਇਹ 'ਰੂਪ’ ਨਾ ਸਿਰਫ ਬਾਲ ਮਨਾਂ ਦੀ 'ਮਨੋਦਿਸ਼ਾ’ ਅਤੇ 'ਮਨੋਦਸ਼ਾ’ ਨੂੰ ਹੀ ਵਿਗਾੜਦਾ ਹੈ ਸਗੋਂ ਸਕੂਲਾਂ ਅਤੇ ਘਰਾਂ ਵਿੱਚ ਪੜ੍ਹਾਈ ਦੇ ਮਾਹੌਲ ਨੂੰ ਵੀ ਪ੍ਰਭਾਵਿਤ ਕਰਦਾ ਹੈ। ਸਕੂਲੀ ਕਾਪੀਆਂ ਦਾ ਮੌਜੂਦਾ ਰੂਪ ਵਿੱਦਿਅਕ ਮਾਹੌਲ ਦੇ ਅਨੁਕੂਲ ਨਹੀਂ ਹੈ। ਸਕੂਲੀ ਕਾਪੀ ’ਤੇ ਬਣੇ ਗਾਣੇ ਦੇ ਦ੍ਰਿਸ਼ ਦੇਖ ਕੇ ਬੱਚੇ ਆਪ ਮੁਹਾਰੇ ਉਹੀ ਗਾਣਾ ਗੁਣਗੁਣਾਉਣ ਲੱਗ ਪੈਂਦੇ ਹਨ ਜਾਂ ਫਿਰ ਦਿਮਾਗ ਵਿਚ ਉਸੇ ਗਾਣੇ, ਐਕਟਰ, ਗਾਇਕ ਆਦਿ ਦੇ ਫਿਮਾਂਕਣ ਬਾਰੇ ਸੋਚਣ ਲੱਗ ਪੈਂਦੇ ਹਨ। ਕਾਪੀਆਂ ਦੇ ਨਿਰਮਾਤਾਵਾਂ ਅਤੇ ਗਾਇਕਾਂ, ਅਦਾਕਾਰਾਂ ਵੱਲੋਂ ਕੀਤੇ ਵਪਾਰਕ ਸਮਝੌਤੇ ਤਹਿਤ ਹੀ ਕਾਪੀਆਂ ਦੀਆਂ ਅਜਿਹੀਆਂ ਜਿਲਦਾਂ ਤਿਆਰ ਕੀਤੀਆਂ ਜਾਂਦੀਆਂ ਹਨ ਤਾਂ ਜੋ ਗਾਇਕਾਂ, ਅਦਾਕਾਰਾਂ ’ਤੇ ਖਿਡਾਰੀਆਂ ਦੀ ਮਸ਼ਹੂਰੀ ਘਰ ਘਰ ਅਤੇ ਬੱਚੇ ਬੱਚੇ ਤੱਕ ਹੋ ਜਾਵੇ। ਇਹ ਬੜ੍ਹੀ ਤਰਾਸਦੀ ਹੈ ਕਿ ਪੰਜਾਬ ਦੇ ਮਹਾਨ ਨਾਇਕਾਂ, ਸੂਰਬੀਰਾਂ,ਯੋਧਿਆਂ,ਦੇਸ਼ ਭਗਤਾਂ,ਜਰਨਲ ਨਾਲਿਜ਼ ਦੀਆਂ ਗੱਲਾਂ ਆਦਿ ਨੂੰ ਵਿਸਾਰ ਕੇ ਊਲ-ਜਲੂਲ ਗਾਉਣ ਵਾਲਿਆਂ ਨੂੰ ਵਿਦਿਆਰਥੀਆਂ ਦੇ ਬਸਤਿਆਂ ਅਤੇ ਪੜ੍ਹਨ ਸਮੱ-ਗਰੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਜਿਸ ’ਤੇ ਪੂਰਨ ਪਾਬੰਦੀ ਹੋਣੀ ਚਾਹੀਦੀ ਹੈ। ਵਿਦਿਆਰਥੀਆਂ ’ਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਤਰ੍ਹਾਂ ਦੀਆਂ ਘਟੀਆ ਜਿਲਦਾਂ ਵਾਲੀਆਂ ਕਾਪੀਆਂ ਨਹੀਂ ਖਰੀਦਣੀਆਂ ਚਾਹੀਦੀਆਂ ਤੇ ਨਾਂ ਹੀ ਅਖਬਾਰਾਂ ਦੇ ਫਿਲਮੀ ਪੇਜ ਵਾਲੀਆਂ ਜਿਲਦਾਂ ਕਾਪੀਆਂ ਕਿਤਾਬਾਂ ਆਦਿ ਤੇ ਚੜ੍ਹਾਉਣੀਆਂ ਚਾਹੀਦੀਆਂ ਹਨ।




ਅਧਿਆਪਕਾਂ ਨੂੰ ਵੀ ਚਾਹੀਦਾ ਹੈ ਕਿ ਨਵਾਂ ਸੈਸ਼ਨ ਸ਼ੁਰੂ ਹੋਣ ਵਾਲਾ ਹੈ ਹੁਣ ਸਾਰੇ ਬੱਚੇ ਨਵੀਆਂ ਕਿਤਾਬਾਂ ਕਾਪੀਆਂ ਖਰੀਦ ਰਹੇ ਹਨ ਇਸ ਲਈ ਉਹ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਜਿਲਦਾਂ ਵਾਲੀਆਂ ਕਾ-ਪੀਆਂ ਖਰੀਦਣ ਤੋਂ ਰੋਕਣ ਤੇ ਬੱਚਿਆਂ ਦੇ ਮਾਪਿਆਂ ਨੂੰ ਵੀ ਇਸ ਸਬੰਧੀ ਨੋਟ ਭੇਜ ਕੇ ਜਾਗਰੂਕ ਕਰਨ। ਸਰਕਾਰ ਤੋਂ ਨਵੇਂ ਸੈਸ਼ਨ 2023-24 ਤੋਂ ਫਿਲਮੀ ਜਿਲਦਾਂ ਵਾਲੀਆਂ ਕਾਪੀਆਂ ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਜਾਂਦੀ ਹੈ।



**ਪ੍ਰਮੋਦ ਧੀਰ ਜੈਤੋ**
**91-98550-31081**

ਸਰਕਾਰ ਨੂੰ ਇਸ ਤਰਾਂ ਦੇ ਕਵਰ ਤਿਆਰ ਕਰਨ ਵਾਲੀਆਂ ਕੰਪਨੀਆਂ ਤੇ ਪਾਬੰਦੀ ਲਗਾਉਣੀ ਚਾਹੀਦੀ ਹੈ ਤਾਂ ਜੋ ਵਿਦਿਆਰਥੀ 'ਅਨੈਤਿਕਤਾ’ ਦੀ ਥਾਂ ਤੇ 'ਆਦਰਸ਼’ ਵੱਲ ਵਧ ਸਕਣ ਤੇ ਉਹਨਾਂ ਦੀ ਪੜ੍ਹਾਈ ਤੋਂ ਇਕਾਗਰਤਾ ਭੰਗ ਨਾਂ ਹੋਵੇ ਅਤੇ ਉਹ ਮਨ ਲਗਾ ਕੇ ਪੜ੍ਹਾਈ ਕਰਦੇ ਹੋਏ ਸਫਲਤਾ ਦੀਆਂ ਪਾਉੜੀਆਂ ਚੜ੍ਹ ਸਕਣ।

# ਡਾਕਟਰ ਅੰਬੇਦਕਰ ਨੂੰ ਭਾਰਤੀ ਸੰਵਿਧਾਨ ਦਾ ਨਿਰਮਾਤਾ ਕਿਉਂ ਕਿਹਾ ਜਾਂਦਾ ਹੈ

**(ਸਫਾ 33 ਦੀ ਬਾਕੀ)**

ਰਾਜਿੰਦਰ ਪ੍ਰਸਾਦ ਨੇ ਆਪਣੇ ਭਾਸ਼ਣ ਵਿਚ ਕਿਹਾ, ਉਰੋਜ਼ ਦੀਆਂ ਗਤੀਵਿਧੀਆਂ ਵੇਖਣ ਤੇ ਮੈਂ ਇਸ ਸਿੱਟੇ ਤੇ ਪੁੱਜਾ ਹਾਂ ਕਿ ਕੋਈ ਵੀ ਹੋਰ ਬੰਦਾ ਇੰਜ ਸੰਵਿਧਾਨ ਦੀ ਤਿਆਰੀ ਨਹੀਂ ਸੀ ਕਰ ਸਕਦਾ ਜਿਸ ਤਰ੍ਹਾਂ ਕਿ ਖ਼ਰਾਬ ਸਿਹਤ ਦੇ ਹੁੰਦਿਆਂ ਵੀ ਖਰੜਾ ਕਮੇਟੀ ਦੇ ਮੁਖੀ ਡਾ. ਅੰਬੇਦਕਰ ਨੇ ਕੀਤੀ ਹੈ। ਉਸ ਨੂੰ ਇਸ ਕਮੇਟੀ ਦੇ ਚੇਅਰਮੈਨ ਬਨਾਉਣ ਦਾ ਫ਼ੈਸਲਾ ਬਹੁਤ ਹੀ ਵਧੀਆਂ ਸੀ ਅਤੇ ਅਸੀਂ ਇਸ ਬਾਰੇ ਉਸ ਵੇਲੇ ਇੰਜ ਸੋਚ ਹੀ ਨਹੀਂ ਸਾਂ ਸਕਦੇ। ਉਸਨੇ ਆਪਣੀ ਚੋਣ ਨੂੰ ਠੀਕ ਸਿੱਧ ਕਰਦਿਆਂ ਆਪਣੇ ਕੰਮ ਬਾਰੇ ਵੀ ਚਮਤਕਾਰ ਕਰ ਵਿਖਾਇਆ ਹੈ’’।

ਆਜ਼ਾਦ ਭਾਰਤ ਦੈ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਡਾਕਟਰ ਅੰਬੇਦਕਰ ਦੇ ਪ੍ਰੀਨਿਰਵਾਣ ਦਿਵਸ ਮੌਕੇ 6 ਦਸੰਬਰ 1956 ਨੂੰ ਲੋਕ ਸਭਾ ਵਿਚ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ, “ਡਾਕਟਰ ਭੀਮ ਰਾਓ ਅੰਬੇਦਕਰ ਭਾਰਤੀ ਸੰਵਿਧਾਨ ਦੇ ਮੁੱਖ ਉਸਰੀਏ ਸਨ’’। ਭਾਰਤ ਦੇ ਆਖ਼ਰੀ ਗਵਰਨਰ ਜਨਰਲ ਲਾਰਡ ਮਾਊਂਟਬੈਟਨ ਨੇ ਕਿਹਾ, ਉ ਮੈਨੂੰ ਇਸ ਫ਼ੈਸਲੇ ’ਤੇ ਬਹੁਤ ਪ੍ਰਸੰਨਤਾ ਹੋਈ ਕਿ ਡਾਕਟਰ ਅੰਬੇਦਕਰ ਨੂੰ ਸੰਵਿਧਾਨ ਘਾੜਨੀ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਹੈ। ਮੈਂ ਦੇਖਿਆ ਹੈ ਕਿ ਉਨ੍ਹਾਂ ਨੇ ਬੜੀ ਨਿਪੁਨਤਾ ਨਾਲ ਭਾਰਤ ਦੇ ਸੰਵਿਧਾਨ ਨੂੰ ਸੰਵਿਧਾਨਿਕ ਅਸੈਂਬਲੀ ਵਿਚ ਪਾਸ ਕਰਵਾਇਆ ਹੈ।ਇਹ ਉਨ੍ਹਾਂ ਦੀ ਬਹੁਤ ਹੀ ਸ਼ਾਨਦਾਰ ਪ੍ਰਾਪਤੀ ਹੈ’’। ਜੌਹਨ ਮੇਜਰ ਪ੍ਰਧਾਨ ਮੰਤਰੀ ਇੰਗਲੈਂਡ ਨੇ ਕਿਹਾ, ਉਡਾ. ਅੰਬੇਦਕਰ ਨੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਏਨੀ ਮਹੱਤਵਪੂਰਣ ਦੇਣ ਦਿੱਤੀ ਹੈ ਤੇ ਭਾਰਤ ਦੇ ਆਮ ਲੋਕਾਂ ਦੇ ਹਿੱਤਾਂ ਨੂੰ ਅੱਗੇ ਵਧਾਇਆ ਹੈ’’। ਭਾਰਤੀ ਸੰਵਿਧਾਨ ਦੇ ਸਬੰਧ ਵਿਚ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਸ੍ਰੀ ਨੈਲਸਨ ਮੰਡੇਲਾ ਨੇ ਕਿਹਾ, “ਭਾਰਤੀ ਸੰਵਿਧਾਨ, ਦੱਖਣੀ ਅਫ਼ਰੀਕਾ ਦੇ ਨਵੇਂ ਸੰਵਿਧਾਨ ਲਈ ਇਕ ਪ੍ਰੇਰਨਾ ਹੈ।

ਸਾਨੂੰ ਆਸ ਹੈ ਕਿ ਇਹ ਨਵਾਂ ਸੰਵਿਧਾਨ ਬਣਾਉਣ ਵਿਚ ਸਾਡੀਆਂ ਕੋਸ਼ਿਸ਼ਾਂ ਉੱਤੇ ਭਾਰਤ ਦੇ ਮਹਾਨ ਸਪੂਤ ਡਾਕਟਰ ਅੰਬੇਦਕਰ ਦੇ ਕੰਮ ਅਤੇ ਵਿਚਾਰਾਂ ਦੀ ਡੂੰਘੀ ਛਾਪ ਰਹੇਗੀ। ਸਮਾਜਿਕ ਨਿਆ ਅਤੇ ਦਲਿਤਾਂ ਦੇ ਕਲਿਆਣ ਪ੍ਰਤੀ ਡਾ. ਅੰਬੇਦਕਰ ਦੀ ਦੇਣ, ਰੀਸ ਕਰਨ ਯੋਗ ਹੈ’’। ਡਾਕਟਰ ਅੰਬੇਦਕਰ ਦੀ ਸੰਵਿਧਾਨਿਕ ਭੂਮਿਕਾ ਤੋਂ ਪ੍ਰਭਾਵਿਤ ਹੋ ਕਿ ਅਮਰੀਕਾ ਦੀ ਨਿਊਯਾਰਕ ਸਥਿਤ ਕੋਲੰਬੀਆ ਯੂਨੀਵਰਸੀਟੀ ਨੇ 5 ਜੂਨ 1952 ਵਿਚ ਉਨ੍ਹਾਂ ਨੂੰ 'ਡਾਕਟਰ ਆਫ਼ ਲਾਅ’ ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ ਸੀ।

ਸੰਵਿਧਾਨ ਦੀ ਗੁਣਵਤਾਂ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਹ ਉਸ ਸਮੇਂ ਲਿਖਿਆ ਗਿਆ ਜਦੋਂ ਸਮੁੱਚਾ ਦੇਸ਼ ਭੂਗੋਲਿਕ ਵੰਡ ਕਾਰਨ ਰਾਜਨੀਤਕ ਅਤੇ ਸਮਾਜਿਕ ਉਥਲ-ਪੁਥਲ ਨਾਲ ਜੂਝ ਰਿਹਾ ਸੀ। ਭਾਰਤ ਸੰਸਾਰ ਦਾ ਇਕ ਵੱਡੀ ਆਬਾਦੀ ਵਾਲਾ ਦੇਸ਼ ਹੀ ਨਹੀਂ ਸਗੋਂ ਇਸ ਦੇ ਵੱਖ-ਵੱਖ ਰਾਜਾਂ ਵਿਚ ਸਮਾਜਿਕ, ਭੂਗੋਲਿਕ ਅਤੇ ਸੱਭਿਆਚਾਰਿਕ ਵਿਭਿਨਤਾ ਪਾਈ ਜਾਂਦੀ ਹੈ ਇਸ ਦੇ ਬਾਵਜੂਦ ਸਾਰੇ ਵਰਗਾਂ ਨੇ ਇਸ ਨੂੰ ਖ਼ੁਸ਼ੀ ਨਾਲ ਪ੍ਰਵਾਨ ਕੀਤਾ। ਅੱਜਕਲ ਜੇ ਕੋਈ ਨਵਾਂ ਕਾਨੂੰਨ ਬਣਾਉਣਾ ਪੈ ਜਾਵੇ ਤਾਂ ਪੂਰੇ ਦੇਸ਼ ਵਿਚ ਹੜਤਾਲਾਂ ਅਤੇ ਧਰਨਿਆਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਭਾਰਤ ਸਰਕਾਰ ਵੱਲੋਂ ਖੇਤੀਬਾੜੀ ਨਾਲ ਸਬੰਧਿਤ ਪਾਸ ਕਰਕੇ ਵਾਪਿਸ ਲਏ ਕਾਨੂੰਨ ਇਸ ਦੀ ਤਾਜ਼ਾ ਮਿਸਾਲ ਹੈ। ਪਰ ਅੱਜਕਲ ਜਦੋਂ ਵੀ ਕਿਸੇ ਦੇ ਦਿਮਾਗ਼ ’ਤੇ ਚੌਦਵੀ ਸਦੀ ਦੀ ਗ਼ੈਰ-ਅਮਾਨਵੀ ਸਮਾਜਿਕ ਵਿਵਸਥਾ ਵਾਲੀ ਸੋਚ ਭਾਰੂ ਹੋ ਜਾਂਦੀ ਹੈ ਤਾਂ ਉਹ ਭਾਰਤੀ ਸੰਵਿਧਾਨ ਨੂੰ ਟੀਰੀ ਨਜ਼ਰ ਨਾਲ ਦੇਖਣ ਲੱਗਦਾ ਹੈ ਤੇ ਆਪਣੀ ਸੌੜੀ ਸੋਚ ਦੀ ਮੁਨਿਆਦੀ ਕਰਨ ਲੱਗ ਜਾਂਦਾ ਹੈ।

(ਇਹ ਵੀ ਜ਼ਿਕਰਯੋਗ ਹੈ ਕਿ ਡਾਕਟਰ ਅੰਬੇਦਕਰ ਨੇ 2 ਸਤੰਬਰ 1953 ਨੂੰ ਇਕ ਸੰਵਿਧਾਨਿਕ ਸੋਧ ਦੇ ਹੱਕ ਵਿਚ ਜ਼ੋਰਦਾਰ ਦਲੀਲ ਦਿੱਤੀ ਤੇ ਬਾਅਦ ਵਿਚ ਗੁੱਸੇ ਦੇ ਪ੍ਰਤੀਕਰਮ ਵਜੋਂ ਉਹ ਸੰਵਿਧਾਨ ਨੂੰ ਸਾੜਨ ਤੱਕ ਦੀ ਗੱਲ ਕਹਿ ਗਏ।ਬਾਅਦ ਵਿਚ ਇਸ ਦਾ ਸਪੱਸ਼ਟੀਕਰਨ ਦਿੰਦਿਆ ਉਨ੍ਹਾਂ ਕਿਹਾ, “ਅਸੀਂ ਦੇਵਤੇ ਦੇ ਅੰਦਰ ਆਉਣ ਅਤੇ ਰਹਿਣ ਲਈ ਮੰਦਰ ਬਣਾਇਆ, ਪਰ ਦੇਵਤਾ ਸਥਾਪਿਤ ਕਰਨ ਤੋਂ ਪਹਿਲਾਂ ਹੀ ਜੇ ਸ਼ੈਤਾਨ ਕਬਜ਼ਾ ਕਰ ਲਵੇ ਤਾਂ ਅਸੀਂ ਮੰਦਰ ਨੂੰ ਤਬਾਹ ਕਰਨ ਤੋਂ ਇਲਾਵਾ ਹੋਰ ਕੀ ਕਰ ਸਕਦੇ ਸੀ? ਸਾਡਾ ਇਰਾਦਾ ਨਹੀਂ ਸੀ ਕਿ ਇਸ ਉੱਤੇ ਸ਼ੈਤਾਨਾਂ ਦਾ ਕਬਜ਼ਾ ਹੋਵੇ ਸਾਡਾ ਇਰਾਦਾ ਸੀ ਕਿ ਇਸ ਉੱਤੇ ਦੇਵਤਿਆਂ ਦਾ ਕਬਜ਼ਾ ਹੋਵੇ, ਇਸ ਕਾਰਨ ਹੀ ਮੈਂ ਕਿਹਾ ਕਿ ਮੈਂ ਇਸ ਨੂੰ ਸਾੜਨਾ ਪਸੰਦ ਕਰਾਂਗਾ’’) ਭਾਵੇਂ ਹਰੇਕ ਭਾਰਤੀ ਲਈ 26 ਜਨਵਰੀ ਮਹੱਤਵ ਭਰਿਆ ਦਿਨ ਹੈ। ਪਰ ਦੱਬੇ-ਕੁੱਚਲੇ ਸਮਾਜ ਲਈ ਇਹ ਇਕ ਚਮਤਕਾਰੀ ਦਿਨ ਹੈ। ਕਿਉਂਕਿ ਇਸ ਦਿਨ ਸੰਵਿਧਾਨ ਲਾਗੂ ਹੋਣ ਕਰਕੇ ਪਿਛਲੇ ਹਜ਼ਾਰਾਂ ਵਰ੍ਹਿਆਂ ਤੋਂ ਮਨੁੱਖੀ ਅਧਿਕਾਰਾਂ ਤੋਂ ਵੰਚਤ ਚੱਲੀ ਆ ਰਹੀ ਭਾਰਤ ਦੀ ਵੱਡੀ ਅਬਾਦੀ ਪਹਿਲੀ ਵਾਰ ਬਾਕੀ ਸਮਾਜਾਂ ਦੇ ਮਨੁੱਖਾਂ ਬਰਾਬਰ ਵਿੱਦਿਆ, ਜਾਇਦਾਦ, ਕਾਨੂੰਨੀ ਬਰਾਬਰੀ, ਵੋਟ-ਨੁਮਾਇੰਦਗੀ ਆਦਿ ਦੇ ਮੌਲਿਕ ਅਧਿਕਾਰ ਹਾਸਲ ਕਰ ਸਕੀ। ਅਜਿਹਾ ਹਜ਼ਾਰਾਂ ਸਾਲਾਂ ਤੋਂ ਬਾਅਦ ਪਹਿਲੀ ਵਾਰ ਹੋਇਆ ਕਿ ਆਮ ਭਾਰਤੀ, ਕਿਸੇ ਵੀ ਦੂਸਰੇ ਮਨੁੱਖ ਦੇ ਬਰਾਬਰ ਮਨੁੱਖੀ ਅਧਿਕਾਰ ਪ੍ਰਾਪਤ ਕਰ ਸਕਿਆ।

ਇਹਨਾਂ ਅਧਿਕਾਰਾਂ ਨੂੰ ਬਣਾਉਣ, ਪ੍ਰਾਪਤ ਕਰਨ ਅਤੇ ਸਥਾਪਤ ਕਰਨ ਵਿੱਚ ਡਾਕਟਰ ਅੰਬੇਦਕਰ ਦੀ ਸਭ ਤੋਂ ਵੱਡੀ ਅਤੇ ਮਹਾਨ ਭੂਮਿਕਾ ਰਹੀ। ਇਸ ਕਠੋਰ ਤਪੱਸਿਆ ਤੇ ਅਹਿਮ ਯੋਗਦਾਨ ਦੇ ਕਾਰਨ ਹੀ ਉਨ੍ਹਾਂ ਨੂੰ ਸੰਵਿਧਾਨ ਦਾ ਮੁੱਖ ਸ਼ਿਲਪਕਾਰ ਕਿਹਾ ਜਾਂਦਾ ਹੈ।


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

**530-824-5134**

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**

**WASH, LUBE, BRAKES**

Call:

**650-642-0697**

## 3525 Highway 99, West Corning, CA 96021

Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

**50% OFF WARRANTY**
**with Qualifying Car Purchase**

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
**831-623-4702**

**20% OFF LABOUR**
on your next qualifying service

Car Care You Can Trust